@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 1 July 2025

VISIT:
www.qaumipatrika.org
Email: qpatrika@gmail.com

Punjabi National Daily
Qaumi Patrika NO.1

ਨਵੀਂ ਦਿੱਲੀ: ਮੰਗਲਵਾਰ 1 ਜੁਲਾਈ 2025, 17 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ–12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 231, qpatrika@gmail.com ਫੋਨ : 9971359517 www.qaumipatrika.org

## ਫ਼ੌਜ ਮੁਖੀ ਚਾਰ ਦਿਨ ਦੀ ਭੂਟਾਨ ਯਾਤਰਾ ’ਤੇ ਰਵਾਨਾ

ਨਵੀਂ ਦਿੱਲੀ 30 ਜੂਨ। ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਚਾਰ ਦਿਨ ਦੀ ਅਧਿਕਾਰਤ ਯਾਤਰਾ ’ਤੇ ਸੋਮਵਾਰ ਨੂੰ ਭੂਟਾਨ ਰਵਾਨਾ ਹੋ ਗਏ। ਰੱਖਿਆ ਮੰਤਰਾਲਾ ਨੇ ਸੋਮਵਾਰ ਨੂੰ ਦੱਸਿਆ ਕਿ ਫ਼ੌਜ ਮੁਖੀ ਦੀ ਯਾਤਰਾ ਦਾ ਮਕਸਦ ਦੋਵੇਂ ਦੇਸ਼ਾਂ ਵਿਚਾਲੇ ਸਥਾਈ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਹੈ। ਜਨਰਲ ਦਿਵੇਦੀ ਯਾਤਰਾ ਦੌਰਾਨ ਭੂਟਾਨਨਰੇਸ਼ ਜਿਗਮੇ ਖੇਸਰ ਨਾਮਗਿਆਲ



ਵਾਂਗਚੁਕ ਨਾਲ ਮੁਲਾਕਾਤ ਕਰਗੇ। ਉਹ ਰਾਇਲ ਭੂਟਾਨ ਆਰਮੀ ਦੇ ਚੀਫ਼ ਆਪਰੇਸ਼ਨ ਅਫ਼ਸਰ ਲੈਫਟੀਨੈਂਟ ਜਨਰਲ ਬਟੂ ਸ਼ੇਰਿੰਗ ਨਾਲ ਵੀ ਚਰਚਾ ਕਰਨਗੇ। ਫ਼ੌਜ ਮੁਖੀ ਭਾਰਤੀ ਦੂਤਘਰ, ਭਾਰਤੀ ਫ਼ੌਜ ਸਿਖਲਾਈ ਟੀਮ (ਆਈਐੱਮਟੀਆਰਏਟੀ) ਅਤੇ ਪ੍ਰਾਜੈਕਟ ਦੰਤਕ ਦੇ ਸੀਨੀਅਰ ਅਧਿਕਾਰੀਆਂ ਨਾਲ ਵੀ ਗੱਲਬਾਤ ਕਰਨਗੇ। ਫ਼ੌਜ ਮੁਖੀ ਦੀ ਯਾਤਰਾ ਭਾਰਤ ਅਤੇ ਭੂਟਾਨ ਵਿਚਾਲੇ ਡੂੰਘੇ ਅਤੇ ਸਮੇਂ ਦੀ ਕਸੌਟੀ ’ਤੇ ਖਰੇ ਉਤਰੇ ਸੰਬੰਧਾਂ ਨੂੰ ਦਰਸਾਉਂਦੀ ਹੈ। ਇਸ ਤੋਂ ਇਲਾਵਾ ਇਹ ਭਰੋਸੇਮੰਦ ਸਾਂਝੇਦਾਰੀ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਪੁਸ਼ਟੀ ਵੀ ਕਰਦੀ ਹੈ।

# ਮਾਓਵਾਦੀ ਹਥਿਆਰ ਸੁੱਟਣ ਤੇ ਮੁੱਖ ਧਾਰਾ ’ਚ ਸ਼ਾਮਲ ਹੋਣ : ਅਮਿਤ ਸ਼ਾਹ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਹੈਦਰਾਬਾਦ 30 ਜੂਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਾਓਵਾਦੀਆਂ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਨੂੰ ਰੱਦ ਕਰਦੇ ਹੋਏ ਕਿਹਾ ਕਿ ਪਾਬੰਦੀਸ਼ੁਦਾ ਸੰਗਠਨ ਦੇ ਵਰਕਰਾਂ ਨੂੰ ਹਥਿਆਰ ਸੁੱਟ ਦੇਣੇ ਚਾਹੀਦੇ ਹਨ, ਪੁਲਸ ਅੱਗੇ ਆਤਮਸਮਰਪਣ ਕਰਨਾ ਚਾਹੀਦਾ ਹੈ ਤੇ ਮੁੱਖ ਧਾਰਾ ’ਚ ਸ਼ਾਮਲ ਹੋਣਾ ਚਾਹੀਦਾ ਹੈ।ਤੇਲੰਗਾਨਾ ਦੇ ਨਿਜ਼ਾਮਾਬਾਦ ’ਚ ਹਲਦੀ ਬੋਰਡ ਦੇ ਰਾਸ਼ਟਰੀ ਮੁੱਖ ਦਫਤਰ ਦਾ ਉਦਘਾਟਨ ਕਰਨ ਤੋਂ ਬਾਅਦ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਜੋ ‘ਆਪ੍ਰੇਸ਼ਨ ਸਿੰਧੂਰ’ ਤੇ ਸਵਾਲ ਉਠਾ ਰਹੇ ਹਨ, ਨੂੰ ਆਪ੍ਰੇਸ਼ਨ ਦੇ ਪ੍ਰਭਾਵ ਨੂੰ ਸਮਝਣ ਲਈ ਪਾਕਿਸਤਾਨ ਦੇ ਕਮਜ਼ੋਰ ਅਕਸ ਨੂੰ ਦੇਖਣਾ ਚਾਹੀਦਾ ਹੈ। ਸ਼ਾਹ ਨੇ ਕਿਹਾ ਕਿ ਕਾਂਗਰਸ ਕੇਂਦਰ ਨੂੰ ਮਾਓਵਾਦੀਆਂ ਨਾਲ ਗੱਲ ਕਰਨ ਲਈ ਕਹਿੰਦੀ ਹੈ। ਸਾਡੀ ਸਰਕਾਰ ਦੀ ਨੀਤੀ ਹੈ ਕਿ ਜਿਨ੍ਹਾਂ ਕੋਲ ਹਥਿਆਰ ਹਨ, ਉਨ੍ਹਾਂ ਨਾਲ ਗੱਲਬਾਤ ਨਹੀਂ ਕਰਾਂਗੇ। ਹਥਿਆਰ ਛੱਡ ਦਿਓ, ਆਤਮਸਮਰਪਣ ਕਰੋ ਤੇ ਮੁੱਖ ਧਾਰਾ ਚ ਸ਼ਾਮਲ ਹੋਵੋ। ਉੱਤਰ-ਪੂਰਬ ’ਚ ਲਗਭਗ 10,000 ਅਜਿਹੇ ਵਿਅਕਤੀ ਹਥਿਆਰ ਛੱਡ ਕੇ ਮੁੱਖ ਧਾਰਾ ’ਚ ਸ਼ਾਮਲ ਹੋਏ ਹਨ ਸ਼ਾਹ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਜ਼ਿਲਾ ਪੱਧਰ ਤੋਂ ਲੈ ਕੇ ਸੂਬਾਈ ਵਿਧਾਨ ਸਭਾਵਾਂ ਤੱਕ ਦੇ ਅਹੁਦਿਆਂ ਲਈ ਚੋਣਾਂ ’ਚ ਵੀ ਹਿੱਸਾ ਲਿਆ। ਇਸੇ ਤਰ੍ਹਾਂ ਪਿਛਲੇ ਡੇਢ ਸਾਲ ’ਚ 2,000 ਤੋਂ ਵੱਧ ਮਾਓਵਾਦੀਆਂ ਨੇ ਆਤਮਸਮਰਪਣ ਕੀਤਾ ਹੈ।ਗ੍ਰਹਿ ਮੰਤਰੀ ਨੇ ਕਿਹਾ ਕਿ ਜੇ ਮਾਓਵਾਦੀ ਆਤਮਸਮਰਪਣ ਨਹੀਂ ਕਰਦੇ ਤਾਂ ਅਸੀਂ ਤੈਅ ਕੀਤਾ ਹੈ ਕਿ 31 ਮਾਰਚ, 2026 ਤੋਂ ਪਹਿਲਾਂ ਇਸ ਦੇਸ਼ ’ਚੋਂ ਨਕਸਲਵਾਦ ਦਾ ਖਾਤਮਾ ਕਰ ਦਿਆਂਗੇ।



## ਪੰਜਾਬ ’ਚ ਬੇਅਦਬੀ ਮਾਮਲਿਆਂ ’ਤੇ ਸਜ਼ਾ ਲਈ ਆਵੇਗਾ ਨਵਾਂ ਕਾਨੂੰਨ, ਮੁੱਖ ਮੰਤਰੀ ਮਾਨ

**ਕੌਮੀ ਪਤ੍ਰਿਕਾ**

ਚੰਡੀਗੜ੍ਹ 30 ਜੂਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਕਾਨੂੰਨ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਪ੍ਰਕਿਰਿਆ ਜਲਦੀ ਹੀ ਪੂਰੀ ਕੀਤੀ ਜਾਵੇਗੀ ਅਤੇ ਇਸ ਮੁੱਦੇ ’ਤੇ ਜਲਦੀ ਕੈਬਨਿਟ ਮੀਟਿੰਗ ਵੀ ਸੱਦੀ ਜਾਵੇਗੀ। ਆਪਣੀ ਸਰਕਾਰੀ ਰਿਹਾਇਸ਼ ਵਿਖੇ ਅਧਿਕਾਰੀਆਂ ਅਤੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨ ਮੋਰਚਾ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਮੁੱਚੀ ਦੁਨੀਆਂ ਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਰਸਤਾ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਵਿਲੱਖਣ ਸੁਮੇਲ ਦੇ ਨਾਲ-ਨਾਲ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰੇ ਦਾ ਪ੍ਰਤੀਕ ਹੈ। ਮੁੱਖ ਮੰਤਰੀ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ



ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਕ ਠੋਸ ਸੂਬਾਈ ਕਾਨੂੰਨ ਬਣਾਉਣ ਲਈ ਸਰਕਾਰ ਵੱਲੋਂ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਈ ਜਾ ਸਕੇ। ਹਰ ਇਕ ਲਈ ਨਿਆਂ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮਾਨ ਨੇ ਕਿਹਾ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ’ਚ ਸਿੱਧੇ ਜਾਂ ਅਸਿੱਧੇ ਤੌਰ ’ਤੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ। ਸੂਬਾ ਸਰਕਾਰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਧਾਰਮਿਕ ਸੰਗਠਨਾਂ ਸਮੇਤ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰੇਗੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਕਾਨੂੰਨ ’ਚ ਸ਼ਾਮਲ ਕੀਤਾ ਜਾਵੇਗਾ। ਭਾਰਤੀ ਨਿਆਂ ਸੰਹਿਤਾ (ਬੀ. ਐੱਨ. ਐੱਸ.) ’ਚ ਧਾਰਮਿਕ ਸਥਾਨਾਂ ਬਾਰੇ ਤਾਂ ਸਪੱਸ਼ਟ ਉਪਬੰਧ ਹਨ ਪਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਬਾਰੇ ਇਸ ’ਚ ਕੋਈ ਉਪਬੰਧ ਨਹੀਂ ਕੀਤਾ ਗਿਆ ਕਿਉਂਕਿ ਇਹ ਵਿਸ਼ਾ ਸਮਵਰਤੀ ਸੂਚੀ ਦੇ ਅਧੀਨ ਆਉਂਦਾ ਹੈ, ਇਸ ਲਈ ਰਾਜ ਕੋਲ ਅਜਿਹਾ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਅਤੇ ਇਸ ਲਈ ਕਾਨੂੰਨੀ ਰਾਏ ਲਈ ਜਾਵੇਗੀ।

# ਦਿੱਲੀ ਦੇ ਪੇਂਡੂ ਇਲਾਕੇ ਦੇ ਸ਼ੇਰ ਨੂੰ ਸਲਾਮ: ਸਵਰਗੀ ਸਾਹਿਬ ਸਿੰਘ ਵਰਮਾ ਜੀ ਦੀ ਬਰਸੀ ’ਤੇ ਦਿਲੋਂ ਸ਼ਰਧਾਂਜਲੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 30 ਜੂਨ। ਅੱਜ, ਸਵਾਭਿਮਾਨ ਸਥਲ, ਘੇਵਰਾ ਮੋੜ ਵਿਖੇ ਹਜ਼ਾਰਾਂ ਲੋਕਾਂ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ, ਭਾਰਤ ਸਰਕਾਰ ਵਿੱਚ ਸਾਬਕਾ ਕੇਂਦਰੀ ਮੰਤਰੀ ਅਤੇ ਪੇਂਡੂ ਦਿੱਲੀ ਦੀ ਬੁਲੰਦ ਆਵਾਜ਼, ਸਵਰਗੀ ਸ਼੍ਰੀ ਸਾਹਿਬ ਸਿੰਘ ਵਰਮਾ ਜੀ ਨੂੰ ਉਨ੍ਹਾਂ ਦੀ 18ਵੀਂ ਬਰਸੀ ’ਤੇ ਸ਼ਰਧਾਂਜਲੀ ਭੇਟ ਕੀਤੀ। ਇਹ ਸਮਾਗਮ ਸਿਰਫ਼ ਇੱਕ ਯਾਦਗਾਰੀ ਸਭਾ ਨਹੀਂ ਸੀ, ਸਗੋਂ ਉਨ੍ਹਾਂ ਦੁਆਰਾ ਸਥਾਪਿਤ ਕਦਰਾਂ-ਕੀਮਤਾਂ - ਸਾਦਗੀ, ਕੁਰਬਾਨੀ ਅਤੇ ਸੇਵਾ ਦੀ ਪੁਸ਼ਟੀ ਵੀ ਸੀ। ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ, ਭਾਰਤ ਸਰਕਾਰ ਦੀ ਇੱਕ ਸੰਸਥਾ, ALIMCO (ਆਰਟੀਫੀਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ) ਦੇ ਸਹਿਯੋਗ ਨਾਲ ਇੱਕ ਵਿਸ਼ਾਲ ਭਲਾਈ ਵੰਡ ਕੈਂਪ ਲਗਾਇਆ ਗਿਆ। ਇਸ ਵਿੱਚ, ADIP ਯੋਜਨਾ ਅਤੇ ਰਾਸ਼ਟਰੀ ਵਯੋਸ਼੍ਰੀ ਯੋਜਨਾ ਦੇ ਤਹਿਤ ਸੈਂਕੜੇ ਦਿਵਯਾਂਗਜਨਾਂ ਅਤੇ ਸੀਨੀਅਰ ਨਾਗਰਿਕਾਂ ਨੂੰ ਮੁਫਤ ਸਹਾਇਕ ਉਪਕਰਣ ਵੰਡੇ ਗਏ। ਇਹ ਪਹਿਲ ਸਾਹਿਬ ਸਿੰਘ ਵਰਮਾ ਜੀ ਦੇ ਇਸ ਵਿਚਾਰ ਨੂੰ ਪੂਰਾ ਕਰਦੀ ਹੈ ਕਿ ਸਰਕਾਰ ਦਾ ਪਹਿਲਾ ਫਰਜ਼ ਸਭ ਤੋਂ ਕਮਜ਼ੋਰ ਨੂੰ ਸ਼ਸ਼ਕਤ ਬਣਾਉਣਾ ਹੈ। ਸਾਹਿਬ ਸਿੰਘ ਵਰਮਾ ਜੀ ਮੁੰਡਕਾ ਪਿੰਡ ਦੇ ਇੱਕ ਕਿਸਾਨ ਪਰਿਵਾਰ ਤੋਂ ਆਏ ਸਨ ਅਤੇ ਦਿੱਲੀ ਦੀ ਰਾਜਨੀਤੀ ਦੇ ਸਿਖਰ ’ਤੇ ਪਹੁੰਚੇ ਸਨ। ਪਰ ਉਨ੍ਹਾਂ ਨੇ ਕਦੇ ਵੀ ਆਪਣੀਆਂ ਜੜ੍ਹਾਂ ਤੋਂ ਦੂਰ ਨਹੀਂ ਹੋਇਆ। ਉਹ ਪੇਂਡੂ ਦਿੱਲੀ ਦੀ ਆਤਮਾ ਨੂੰ ਆਪਣੇ ਨਾਲ ਲੈ ਕੇ ਗਏ ਅਤੇ ਲੋਕਾਂ ਵਿੱਚ ਦਿਹਾਤੀ ਖੇਤਰ ਦੇ ਸ਼ੇਰ ਵਜੋਂ ਪ੍ਰਸਿੱਧ ਹੋਏ। ਮੁੱਖ ਮੰਤਰੀ ਹੋਣ ਦੇ ਨਾਤੇ ਵੀ, ਉਨ੍ਹਾਂ ਨੇ ਕਿਸਾਨਾਂ, ਮਜ਼ਦੂਰਾਂ, ਅਧਿਆਪਕਾਂ ਅਤੇ ਛੋਟੇ ਕਾਰੋਬਾਰੀਆਂ ਦੇ ਸੁੱਖ-ਦੁੱਖ ਵਿੱਚ ਬਰਾਬਰ ਹਿੱਸਾ ਲਿਆ। ਸਵਾਭਿਮਾਨ ਸੰਸਥਾਨ ਵੱਲੋਂ ਆਯੋਜਿਤ ਇਸ ਪ੍ਰਾਰਥਨਾ ਸਭਾ ਵਿੱਚ ਦਿੱਲੀ ਸਰਕਾਰ ਦੇ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਦਿੱਲੀ ਭਾਜਪਾ ਪ੍ਰਧਾਨ ਸ਼੍ਰੀ ਵੀਰੇਂਦਰ ਸਚਦੇਵਾ ਸਮੇਤ ਕਈ ਸੀਨੀਅਰ ਆਗੂਆਂ ਨੇ ਹਿੱਸਾ ਲਿਆ ਅਤੇ ਸਵਰਗੀ ਵਰਮਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਰਿਆਂ ਨੇ ਜਨ ਭਲਾਈ ਵਿੱਚ ਉਨ੍ਹਾਂ ਦੇ ਯੋਗਦਾਨ ਅਤੇ ਲੋਕਾਂ ਪ੍ਰਤੀ ਉਨ੍ਹਾਂ ਦੀ ਸ਼ਰਧਾ ਨੂੰ ਭਾਵੁਕ ਤੌਰ ’ਤੇ ਯਾਦ ਕੀਤਾ।



ਇਕੱਠ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਦੇ ਪੁੱਤਰ ਅਤੇ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ, ਸ਼੍ਰੀ ਪਰਵੇਸ਼ ਸਾਹਿਬ ਸਿੰਘ ਵਰਮਾ ਜੀ ਨੇ ਕਿਹਾ ਮੇਰੇ ਪਿਤਾ ਜੀ ਸਿਰਫ਼ ਮੇਰੇ ਸਰਪ੍ਰਸਤ ਹੀ ਨਹੀਂ ਸਨ, ਸਗੋਂ ਮੇਰੇ ਪਹਿਲੇ ਅਧਿਆਪਕ, ਮਾਰਗਦਰਸ਼ਕ ਅਤੇ ਜੀਵਨ ਕਦਰਾਂ-ਕੀਮਤਾਂ ਦੇ ਪ੍ਰਤੀਕ ਸਨ। ਉਨ੍ਹਾਂ ਨੇ ਮੈਨੂੰ ਸਿਖਾਇਆ ਕਿ ਰਾਜਨੀਤੀ ਵਿੱਚ ਹੁੰਦੇ ਹੋਏ ਵੀ ਇਮਾਨਦਾਰੀ, ਸਾਦਗੀ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਾ ਸੰਭਵ ਹੈ। ਉਨ੍ਹਾਂ ਨੇ ਸਿਰਫ਼ ਵਿਧਾਨ ਸਭਾ ਜਾਂ ਸੰਸਦ ਵਿੱਚ ਦਿੱਲੀ ਲਈ ਨਹੀਂ ਬੋਲਿਆ - ਉਨ੍ਹਾਂ ਨੇ ਦਿੱਲੀ ਦੀ ਆਤਮਾ ਨੂੰ ਆਵਾਜ਼ ਦਿੱਤੀ, ਖਾਸ ਕਰਕੇ ਪੇਂਡੂ ਦਿੱਲੀ ਨੂੰ। ਅੱਜ ਦਾ ਪ੍ਰੋਗਰਾਮ ਉਨ੍ਹਾਂ ਦੇ ਉਸੇ ਆਦਰਸ਼ - ’ਸੇਵਾ ਹੀ ਧਰਮ ਹੈ’ ਨੂੰ ਅੱਗੇ ਵਧਾਉਣ ਦੀ ਸਾਡੀ ਨਿਮਰ ਕੋਸ਼ਿਸ਼ ਹੈ। ਪ੍ਰਵੇਸ਼ ਜੀ ਨੇ ਅੱਗੇ ਕਿਹਾ ਪਿਤਾ ਜੀ ਲਈ, ਰਾਜਨੀਤੀ ਸੱਤਾ ਦਾ ਸਾਧਨ ਨਹੀਂ ਸੀ, ਸਗੋਂ ਸੇਵਾ ਦਾ ਸਾਧਨ ਸੀ। ਜਦੋਂ ਅਸੀਂ ਅੱਜ ਇਨ੍ਹਾਂ ਲੋੜਵੰਦ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰ ਰਹੇ ਹਾਂ, ਤਾਂ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਦੀ ਆਤਮਾ ਸਾਡੇ ਨਾਲ ਹੈ ਅਤੇ ਸਾਨੂੰ ਸਹੀ ਰਸਤਾ ਦਿਖਾ ਰਹੀ ਹੈ।

Contd.............. page-12

## ਅਣਜਾਣ ਬੰਦੂਕਧਾਰੀਆਂ ਨੇ ਚਾਰ ਲੋਕਾਂ ਦਾ ਗੋਲੀ ਮਾਰ ਕੇ ਕੀਤਾ ਕਤਲ

ਇੰਫਾਲ 30 ਜੂਨ। ਮਣੀਪੁਰ ਦੇ ਚੁਰਾਚਾਂਦਪੁਰ ਜ਼ਿਲ੍ਹੇ ’ਚ ਅਣਪਛਾਤੇ ਬੰਦੂਕਧਾਰੀਆਂ ਨੇ 72 ਸਾਲਾ ਔਰਤ ਸਣੇ 4 ਲੋਕਾਂ ਦਾ ਸੋਮਵਾਰ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਹਮਲਾ ਮੋਂਗਜਾਂਗ ਪਿੰਡ ਕੋਲ ਦੁਪਹਿਰ 2 ਵਜੇ ਦੇ ਨੇੜੇ-ਤੇੜੇ ਹੋਇਆ, ਜਦੋਂ ਪੀੜਤ ਇਕ ਕਾਰ ’ਚ ਯਾਤਰਾ ਕਰ ਰਹੇ ਸਨ। ਮੋਂਗਜਾਂਗ ਚੁਰਾਚਾਂਦਪੁਰ ਸ਼ਹਿਰ ਤੋਂ ਲਗਭਗ 7 ਕਿਲੋਮੀਟਰ ਦੂਰ ਹੈ। ਚੁਰਾਚਾਂਦਪੁਰ ਜ਼ਿਲ੍ਹਾ ਹੈੱਡ ਕੁਆਰਟਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਚਾਰੇ ਲੋਕਾਂ ਨੂੰ ਨਜ਼ਦੀਕ ਤੋਂ ਗੋਲੀ ਮਾਰੀ ਗਈ। ਸੂਤਰਾਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਥੇਨਖੋਥਾਂਗ ਹਾਓਕਿਪ ਉਰਫ਼ ਥਾਪੀ (48), ਸੇਖੋਗਿਨ (34), ਲੇਂਗੋਉਹਾਓ (35) ਅਤੇ ਫਾਲਹਿੰਗ (72) ਵਜੋਂ ਹੋਈ ਹੈ। ਮੌਕੇ ਤੋਂ 12 ਤੋਂ ਵੱਧ ਖ਼ਾਲੀ ਕਾਰਤੂਸ ਬਰਾਮਦ ਕੀਤੇ ਗਏ। ਕਿਸੇ ਵੀ ਸੰਗਠਨ ਨੇ ਅਜੇ ਤੱਕ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਇਲਾਕੇ ’ਚ ਪੁਲਸ ਅਤੇ ਵਾਧੂ ਸੁਰੱਖਿਆ ਫ਼ੋਰਸਾਂ ਨੂੰ ਭੇਜਿਆ ਗਿਆ ਹੈ।

## ਹਿੰਦੀ ਵਿਵਾਦ : ਮਹਾਰਾਸ਼ਟਰ ਸਰਕਾਰ ਨੇ ‘3 ਭਾਸ਼ਾਈ’ ਨੀਤੀ ’ਤੇ ਸਰਕਾਰੀ ਹੁਕਮ ਨੂੰ ਕੀਤਾ ਰੱਦ

ਮੁੰਬਈ 30 ਜੂਨ। ਮਹਾਰਾਸ਼ਟਰ ਦੇ ਸਕੂਲਾਂ ’ਚ ਪਹਿਲੀ ਜਮਾਤ ਤੋਂ ਹਿੰਦੀ ਭਾਸ਼ਾ ਨੂੰ ਸ਼ਾਮਲ ਕਰਨ ਵਿਰੁੱਧ ਵਧ ਰਹੇ ਵਿਰੋਧ ਵਿਖਾਵਿਆਂ ਦਰਮਿਆਨ ਸੂਬਾਈ ਮੰਤਰੀ ਮੰਡਲ ਨੇ ਐਤਵਾਰ ‘ਤਿੰਨ-ਭਾਸ਼ਾਈ’ ਨੀਤੀ ’ਤੇ ਸਰਕਾਰੀ ਹੁਕਮ ਰੱਦ ਕਰ ਦਿੱਤਾ। ਇੱਥੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਭਾਸ਼ਾ ਨੀਤੀ ਨੂੰ ਲਾਗੂ ਕਰਨ ਤੇ ਅੱਗੇ ਵਧਣ ਦਾ ਰਸਤਾ ਸੁਝਾਉਣ ਲਈ ਸਿੱਖਿਆ ਸ਼ਾਸਤਰੀ ਨਰਿੰਦਰ ਜਾਧਵ ਦੀ ਅਗਵਾਈ ਹੇਠ ਇਕ ਕਮੇਟੀ ਦੇ ਗਠਨ ਦਾ ਐਲਾਨ ਵੀ ਕੀਤਾ। ਫੜਨਵੀਸ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਵਜੋਂ ਊਧਵ ਠਾਕਰੇ ਨੇ ਪਹਿਲੀ ਤੋਂ 12ਵੀਂ ਜਮਾਤ ਤੱਕ ਤਿੰਨ-ਭਾਸ਼ਾਈ ਨੀਤੀ ਨੂੰ ਲਾਗੂ ਕਰਨ ਲਈ ਡਾ. ਰਘੂਨਾਥ ਮਾਸ਼ੇਲਕਰ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਸੀ । ਨਾਲ ਹੀ ਨੀਤੀ ਨੂੰ ਲਾਗੂ ਕਰਨ ਲਈ ਇਕ ਕਮੇਟੀ ਵੀ ਬਣਾਈ ਸੀ। ਫੜਨਵੀਸ ਨੇ ਕਿਹਾ ਕਿ ਕੈਬਨਿਟ ਨੇ ਪਹਿਲੀ ਜਮਾਤ ਤੋਂ ‘ਤਿੰਨ-ਭਾਸ਼ਾਈ’ ਨੀਤੀ ਨੂੰ ਲਾਗੂ ਕਰਨ ਸੰਬੰਧੀ ਅਪ੍ਰੈਲ ਤੇ ਜੂਨ ਚ ਜਾਰੀ ਕੀਤੇ ਗਏ 2 ਸਰਕਾਰੀ ਹੁਕਮਾਂ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਫੜਨਵੀਸ ਸਰਕਾਰ ਨੇ 16 ਅਪ੍ਰੈਲ ਨੂੰ ਇਕ ਸਰਕਾਰੀ ਹੁਕਮ ਜਾਰੀ ਕੀਤਾ ਸੀ, ਜਿਸ ’ਚ ਅੰਗਰੇਜ਼ੀ ਤੇ ਮਰਾਠੀ ਮਾਧਿਅਮ ਵਾਲੇ ਸਕੂਲਾਂ ’ਚ ਪੜ੍ਹਦੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਹਿੰਦੀ ਨੂੰ ਤੀਜੀ ਲਾਜ਼ਮੀ ਭਾਸ਼ਾ ਬਣਾਇਆ ਗਿਆ ਸੀ। ਵਿਰੋਧ ਪ੍ਰਦਰਸ਼ਨ ਵਧਣ ਪਿੱਛੋਂ ਸਰਕਾਰ ਨੇ 17 ਜੂਨ ਨੂੰ ਇਕ ਸੋਧਿਆ ਹੋਇਆ ਸਰਕਾਰੀ ਹੁਕਮ ਜਾਰੀ ਕੀਤਾ ਸੀ

# ‘ਭਾਰਤ ਨੂੰ ਕਿਸੇ ਸਲਾਹ ਦੀ ਲੋੜ ਨਹੀਂ ਸੀ, ਸ਼ਾਇਦ ਪਾਕਿਸਤਾਨ ਨੂੰ ਸੀ’: ਥਰੂਰ

**ਕੌਮੀ ਪਤ੍ਰਿਕਾ**

ਅਹਿਮਦਾਬਾਦ 30 ਜੂਨ। ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਨੂੰ ਖਤਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਥਰੂਰ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਭਾਰਤ ਨੂੰ ਜੰਗ ਰੋਕਣ ਲਈ ਕਿਸੇ ਦੀ ਸਲਾਹ ਜਾਂ ਦਬਾਅ ਦੀ ਲੋੜ ਨਹੀਂ ਸੀ, ਪਰ ਹੋ ਸਕਦਾ ਹੈ ਕਿ ਪਾਕਿਸਤਾਨ ਨੂੰ ਅਮਰੀਕਾ ਦੀ ਸਲਾਹ ਦੀ ਲੋੜ ਹੋਵੇ। ਅਹਿਮਦਾਬਾਦ ਵਿੱਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸ਼ਸ਼ੀ ਥਰੂਰ ਨੇ ਕਿਹਾ: ਭਾਰਤ ਨੇ ਪਹਿਲੇ ਦਿਨ ਤੋਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਅਸੀਂ ਜੰਗ ਨਹੀਂ ਚਾਹੁੰਦੇ। ਸਾਡੀ ਕਾਰਵਾਈ ਸਿਰਫ ਅੱਤਵਾਦੀਆਂ ਵਿਰੁੱਧ ਸੀ। ਅਸੀਂ ਸਿਰਫ਼ ਅੱਤਵਾਦੀ ਕੈਂਪਾਂ, ਟਿਕਾਣਿਆਂ ਅਤੇ ਸਹੂਲਤਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਅੱਗੇ ਕਿਹਾ, ਸਾਡਾ ਸੁਨੇਹਾ ਸੀ, ਜੇਕਰ ਪਾਕਿਸਤਾਨ ਹਮਲਾ ਕਰਦਾ ਹੈ ਤਾਂ ਅਸੀਂ ਜਵਾਬ ਦੇਵਾਂਗੇ। ਜੇਕਰ ਉਹ ਰੁਕ ਜਾਂਦੇ ਹਨ ਤਾਂ ਅਸੀਂ ਵੀ ਰੁਕਾਂਗੇ। ਸਾਨੂੰ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਸੀ। ਸ਼ਸ਼ੀ ਥਰੂਰ ਨੇ ਕਿਹਾ ਕਿ 7 ਮਈ ਨੂੰ ਸ਼ੁਰੂ ਹੋਏ ‘ਆਪ੍ਰੇਸ਼ਨ ਸਿੰਦੂਰ’ ਤਹਿਤ ਭਾਰਤ ਨੇ ਫੈਸਲਾ ਕੀਤਾ ਸੀ ਕਿ ਜੇਕਰ ਪਾਕਿਸਤਾਨ ਨੇ ਟਕਰਾਅ ਨਹੀਂ ਵਧਾਇਆ ਤਾਂ ਭਾਰਤ ਵੀ ਜਵਾਬੀ ਕਾਰਵਾਈ ਨਹੀਂ ਕਰੇਗਾ। ਇਹ ਕਾਰਵਾਈ ਪਾਕਿਸਤਾਨ ਵਿੱਚ ਸਰਗਰਮ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਗਈ ਸੀ। ਥਰੂਰ ਨੇ ਇਹ ਵੀ ਯਾਦ ਦਿਵਾਇਆ ਕਿ ਭਾਰਤ ਸਰਕਾਰ ਦਾ ਰੁਖ਼ ਸ਼ੁਰੂ ਤੋਂ ਹੀ ਸਪੱਸ਼ਟ ਸੀ, ਇੱਕ ਲੰਬੀ ਜੰਗ ਦੀ ਲੋੜ ਨਹੀਂ ਸੀ, ਸਿਰਫ਼ ਅੱਤਵਾਦੀ ਕਾਰਵਾਈ ਦਾ ਜਵਾਬ ਦੇਣ ਦੀ ਲੋੜ ਸੀ। ਹਾਲ ਹੀ ਵਿੱਚ ਟਰੰਪ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗ ਨੂੰ ਰੋਕਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਸੀ ਕਿ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਵਧ ਰਿਹਾ ਸੀ ਤਾਂ ਉਨ੍ਹਾਂ ਨੇ ਪ੍ਰਮਾਣੂ ਜੰਗ ਤੋਂ ਬਚਣ ਲਈ ਵਪਾਰ ਅਤੇ ਕੂਟਨੀਤੀ ਰਾਹੀਂ ਪਾਕਿਸਤਾਨ ’ਤੇ ਦਬਾਅ ਪਾਇਆ ਅਤੇ ਜੰਗ ਨੂੰ ਰੋਕ ਦਿੱਤਾ। ਸ਼ਸ਼ੀ ਥਰੂਰ ਨੇ ਇਸ ਦਾਅਵੇ ਦਾ ਖੰਡਨ ਕੀਤਾ ਅਤੇ ਕਿਹਾ, ਟਰੰਪ ਦੀ ਭੂਮਿਕਾ ਕੀ ਸੀ, ਈਰਾਨ ਅਤੇ ਇਜ਼ਰਾਈਲ ਨੂੰ ਖੁਦ ਦੱਸਣਾ ਚਾਹੀਦਾ ਹੈ ਪਰ ਜਿੱਥੋਂ ਤੱਕ ਭਾਰਤ-ਪਾਕਿਸਤਾਨ ਦਾ ਸਵਾਲ ਹੈ, ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਹੈ ਕਿ ਭਾਰਤ ਨੂੰ ਕਿਸੇ ਦੀ ਲੋੜ ਨਹੀਂ ਸੀ। ਸ਼ਾਇਦ ਪਾਕਿਸਤਾਨ ਨੂੰ ਅਮਰੀਕੀ ਸਲਾਹ ਦੀ ਲੋੜ ਸੀ। ਜੇਕਰ ਪਾਕਿਸਤਾਨੀ ਅਜਿਹਾ ਸੋਚਦੇ ਹਨ ਤਾਂ ਇਹ ਉਨ੍ਹਾਂ ਲਈ ਠੀਕ ਹੈ। ਡੋਨਾਲਡ ਟਰੰਪ ਨੇ ਕਈ ਵਾਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਭਾਵੀ ਪ੍ਰਮਾਣੂ ਯੁੱਧ ਨੂੰ ਰੋਕਿਆ। ਉਨ੍ਹਾਂ ਕਿਹਾ ਸੀ ਕਿ ਵਪਾਰਕ ਗੱਲਬਾਤ ਰਾਹੀਂ ਉਨ੍ਹਾਂ ਨੇ ਪਾਕਿਸਤਾਨ ਨੂੰ ਯਕੀਨ ਦਿਵਾਇਆ ਅਤੇ ਦੋਵਾਂ ਦੇਸ਼ਾਂ ਵਿਚਕਾਰ ਸ਼ਾਂਤੀ ਯਕੀਨੀ ਬਣਾਈ।






## ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰਨ 'ਤੇ ਨੌਜਵਾਨ ਦੀ ਮੌਤ

ਫੱਤੂਢੀਂਗਾ 30 ਜੂਨ। ਥਾਣਾ ਫੱਤੂਢੀਂਗਾ ਅਧੀਨ ਆਉਂਦੇ ਪਿੰਡ ਰੱਤੜਾ ਦੇ ਨਜ਼ਦੀਕ ਮੋਟਰਸਾਈਕਲ ਚਾਲਕ ਨੌਜਵਾਨ ਨੂੰ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰੇ ਜਾਣ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ ਹੋ ਜਾਣ ਦੀ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦਿਆਂ ਪੁਲਸ ਥਾਣਾ ਫੱਤੂਢੀਂਗਾ ਦੇ ਐੱਸ. ਐੱਚ. ਓ. ਜਸਵੀਰ ਸਿੰਘ ਨੇ ਦੱਸਿਆ ਕਿ ਗਗਨਦੀਪ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਰੱਤੜਾ ਜੋ ਕਿ ਦੇਰ ਰਾਤ ਇਕ ਮੇਲਾ ਦੇਖ ਕੇ ਘਰ ਜਾ ਰਿਹਾ ਸੀ, ਜਦੋਂ ਉਹ ਪਿੰਡ ਰੱਤੜਾ ਦੇ ਮੋੜ 'ਤੇ ਪਹੁੰਚਿਆਂ ਤਾਂ ਕਿਸੇ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰੇ ਜਾਣ ਕਾਰਨ ਉਹ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਕਪੂਰਥਲਾ ਵਿਖੇ ਇਲਾਜ ਲਈ ਲਿਆਂਦਾ ਗਿਆ, ਜਿੱਥੇ ਡਿਊਟੀ 'ਤੇ ਤਾਇਨਾਤ ਡਾ. ਅਸ਼ੀਸ਼ਪਾਲ ਸਿੰਘ ਵੱਲੋਂ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਐੱਸ. ਐੱਚ. ਓ. ਜਸਵੀਰ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਾਹਨ ਚਾਲਕ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਪੋਸਟਮਾਰਟਮ ਕਰਵਾ ਕੇ ਮ੍ਰਿਤਕ ਨੌਜਵਾਨ ਦੀ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਮ੍ਰਿਤਕ ਨੌਜਵਾਨ ਅਜੇ ਕੁਆਰਾ ਸੀ ਇਸਦਾ ਦੂਸਰਾ ਭਰਾ ਮਲੇਸ਼ੀਆ ਕੰਮ ਕਰਦਾ ਹੈ। ਇਨ੍ਹਾਂ ਦੇ ਪਿਤਾ ਦੀ ਮੌਤ ਹੋ ਚੁਕੀ ਹੈ ਤੇ ਇਨ੍ਹਾਂ ਦੀ ਮਾਤਾ ਹੀ ਦੋਹਾਂ ਬੱਚਿਆਂ ਦੀ ਪ੍ਰਵਸ਼ ਕਰਦੀ ਸੀ, ਜੋ ਪਰਿਵਾਰ ਨੂੰ ਨਾ ਸਹਿਣਯੋਗ ਘਾਟਾ ਪਿਆ ਹੈ।

## ਕੁੜੀ ਦਾ ਕਿਤੇ ਹੋਰ ਹੋ ਗਿਆ ਰਿਸ਼ਤਾ, ਟੁੱਟੇ ਦਿਲ ਦੇ ਆਸ਼ਕ ਨੇ ਜੋ ਕੀਤਾ, ਜਾਣ ਰਹਿ ਜਾਓਗੇ ਦੰਗ

ਕੰਨੌਜ 30 ਜੂਨ। ਉੱਤਰ ਪ੍ਰਦੇਸ਼ ਦੇ ਕੰਨੌਜ ਜ਼ਿਲ੍ਹੇ ਦੇ ਸੌਰਿਖ ਖੇਤਰ 'ਚ ਇਕ ਨੌਜਵਾਨ ਨੇ ਸੋਮਵਾਰ ਤੜਕੇ ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਨਾਲ ਆਪਣੀ ਪ੍ਰੇਮਿਕਾ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਬਾਅਦ 'ਚ ਖ਼ੁਦਕੁਸ਼ੀ ਕਰ ਲਈ। ਪੁਲਸ ਸੂਤਰਾਂ ਨੇ ਦੱਸਿਆ ਕਿ ਸੌਰਿਖ ਥਾਣਾ ਖੇਤਰ ਦੇ ਕੁਠਲਾ ਪਿੰਡ ਵਾਸੀ ਦੇਵਾਂਸ਼ੂ (22) ਦਾ ਗੁਆਂਢ ਦੇ ਪਿੰਡ ਸੁਲਤਾਨਪੁਰ ਦੀ ਰਹਿਣ ਵਾਲੀ ਦੀਪਤੀ ਨਾਲ ਪ੍ਰੇਮ ਪ੍ਰਸੰਗ ਸੀ। ਕਰੀਬ 15 ਦਿਨ ਪਹਿਲਾਂ ਦੀਪਤੀ ਦੇ ਪਰਿਵਾਰ ਨੇ ਉਸ ਦਾ ਵਿਆਹ ਕਿਤੇ ਹੋਰ ਤੈਅ ਕਰ ਦਿੱਤਾ ਸੀ, ਜਿਸ ਤੋਂ ਦੇਵਾਂਸ਼ੂ



ਨਾਰਾਜ਼ ਸੀ। ਉਨ੍ਹਾਂ ਦੱਸਿਆ ਕਿ ਵਿਆਹ ਤੈਅ ਹੋਣ ਤੋਂ ਬਾਅਦ ਦੀਪਤੀ ਨੇ ਦੇਵਾਂਸ਼ੂ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਸੀ, ਜਿਸ ਤੋਂ ਉਹ ਗੁੱਸੇ ਸੀ। ਸੂਤਰਾਂ ਅਨੁਸਾਰ ਦੇਵਾਂਸ਼ੂ ਸੋਮਵਾਰ ਤੜਕੇ ਕਰੀਬ 3 ਵਜੇ ਆਪਣੇ ਪਿਤਾ ਦੀ ਲਾਇਸੈਂਸੀ ਬੰਦੂਕ ਲੈ ਕੇ ਦੀਪਤੀ ਦੇ ਘਰ ਪਹੁੰਚਿਆ। ਉਨ੍ਹਾਂ ਦੱਸਿਆ ਕਿ ਦੇਵਾਂਸ਼ੂ ਘਰ 'ਚ ਸੌਂ ਰਹੀ ਦੀਪਤੀ ਨੂੰ ਗੋਲੀ ਮਾਰ ਕੇ ਫਰਾਰ ਹੋ ਗਿਆ ਅਤੇ ਕੁਝ ਦੂਰ ਜਾ ਕੇ ਖ਼ੁਦ ਨੂੰ ਵੀ ਗੋਲੀ ਮਾਰ ਲਈ, ਜਿਸ ਨਾਲ ਉਸ ਦੀ ਵੀ ਮੌਤ ਹੋ ਗਈ। ਸੂਤਰਾਂ ਨੇ ਦੱਸਿਆ ਕਿ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਪਿੰਡ ਵਾਸੀ ਘਰੋਂ ਬਾਹਰ ਆਏ ਤਾਂ ਦੇਵਾਂਸ਼ੂ ਦੀ ਖ਼ੂਨ ਨਾਲ ਲੱਥਪੱਥ ਲਾਸ਼ ਦੇਖੀ ਅਤੇ ਪੁਲਸ ਨੂੰ ਘਟਨਾ ਦੀ ਜਾਣਕਾਰੀ ਦਿੱਤੀ। ਪੁਲਸ ਸੁਪਰਡੈਂਟ ਵਿਨੋਦ ਕੁਮਾਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੋਵਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ। ਪੁਲਸ ਸਾਰੇ ਬਿੰਦੂਆਂ 'ਤੇ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

### ਐਗਰੀਕਲਚਰ ਡਿਗਰੀ ਦਿਵਾਉਣ ਦੇ ਨਾਂ 'ਤੇ ਮਾਰੀ 3 ਲੱਖ ਰੁਪਏ ਦੀ ਠੱਗੀ

ਜਲਾਲਾਬਾਦ, 30 ਜੂਨ। ਥਾਣਾ ਵੈਰੋਕੇ ਦੀ ਪੁਲਸ ਵੱਲੋਂ ਐਗਰੀਕਲਚਰ ਡਿਗਰੀ ਦਿਵਾਉਣ ਦੇ ਨਾਂ 'ਤੇ ਠੱਗੀ ਮਾਰਨ ਦੇ ਦੋਸ਼ 'ਚ ਇਕ ਵਿਅਕਤੀ ਦੇ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੱਜਣ ਕੁਮਾਰ ਪੁੱਤਰ ਨੇਕ ਚੰਦ ਵਾਸੀ ਚੱਕ ਛੱਪੜੀਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ। ਉਸ ਨੇ ਕਿਹਾ ਕਿ ਅਨਮੋਲ ਕੁਮਾਰ ਧਾਲ ਪੁੱਤਰ ਹਰੇਸ਼ ਕੁਮਾਰ ਵਾਸੀ ਖੂਹੀਆ ਸਰਵਰ ਨੇ ਉਸ ਨੂੰ ਐਗਰੀਕਲਚਰ ਡਿਗਰੀ ਦਿਵਾਉਣ ਦੇ ਲਈ 3 ਲੱਖ ਰੁਪਏ ਲੈ ਕੇ ਠੱਗੀ ਮਾਰੀ ਗਈ ਹੈ। ਜਿਸ 'ਤੇ ਥਾਣਾ ਵੈਰੋਕੇ ਵਿਖੇ ਮੁੱਦਈ ਸੱਜਣ ਕੁਮਾਰ ਦੇ ਬਿਆਨਾਂ ਦੇ ਅਧਾਰ 'ਤੇ ਅਨਮੋਲ ਕੁਮਾਰ ਦੇ ਖ਼?ਲਾਫ਼ ਮੁਕੱਦਮਾ 28 ਜੂਨ ਨੂੰ ਦਰਜ ਕੀਤਾ ਗਿਆ ਹੈ।

## ਇਕ ਹੋਰ ਉਜੜ ਗਿਆ ਪਰਿਵਾਰ, ਡਿਊਟੀ ਦੇ ਰਹੇ ਨੌਜਵਾਨ ਸਕਿਓਰਿਟੀ ਦੀ ਮੌਤ

ਅੰਚਲ ਸਾਹਿਬ 30 ਜੂਨ। ਸਠਿਆਲਾ ਤੋਂ ਡੇਰਾ ਬਾਬਾ ਨਾਨਕ ਤੱਕ ਬਣਾਏ ਜਾ ਰਹੇ ਹਾਈਵੇ 'ਤੇ ਬੀਤੀ 26 /27 ਦੀ ਦਰਮਿਆਨੀ ਰਾਤ ਡਿਊਟੀ ਕਰ ਰਹੇ ਸਕਿਓਰਿਟੀ ਗਾਰਡ ਦੀ ਪੁੱਲ ਤੋਂ ਹੇਠਾਂ ਡਿੱਗਣ ਕਾਰਨ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਨੌਜਵਾਨ ਗੁਰਪ੍ਰੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਚੋਣੇ ਜੋ ਕਿ ਬਣ ਰਹੇ ਹਾਈਵੇ ਪਿੰਡ ਚਾਹਲ ਕਲਾਂ ਦੇ ਨਜ਼ਦੀਕ ਪੁੱਲ 'ਤੇ ਰਾਤ ਸਮੇਂ ਡਿਊਟੀ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਪੁੱਲ ਤੋਂ ਥੱਲੇ ਡਿੱਗ ਗਿਆ ਅਤੇ ਉਸ ਦੇ ਸਾਥੀਆਂ ਵੱਲੋਂ ਤੁਰੰਤ ਹੀ ਪਰਿਵਾਰਕ ਮੈਂਬਰ ਅਤੇ ਆਪਣੇ ਇੰਚਾਰਜ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਤੁਰੰਤ ਬਟਾਲਾ ਹਸਪਤਾਲ ਵਿਚ ਪਹੁੰਚਾਇਆ ਗਿਆ। ਹਾਲਾਤ ਜ਼ਿਆਦਾ ਖ਼ਰਾਬ ਹੋਣ ਕਾਰਨ ਡਾਕਟਰਾਂ ਵੱਲੋਂ ਅੰਮ੍ਰਿਤਸਰ ਰੈਫਰ ਕੀਤਾ ਗਿਆ ਪਰ ਹਾਲਤ ਗੰਭੀਰ ਹੋਣ ਕਾਰਨ ਡਾਕਟਰਾਂ ਵੱਲੋਂ ਪੀ. ਜੀ. ਆਈ. ਚੰਡੀਗੜ੍ਹ ਰੈਫਰ ਕੀਤਾ ਗਿਆ। ਪੀ. ਜੀ. ਆਈ. ਜਾਂਦੇ ਹੀ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਗੁਰਪ੍ਰੀਤ ਸਿੰਘ ਆਪਣੇ ਪਿੱਛੇ ਵਿਧਵਾ ਪਤਨੀ ਤੇ ਦੋ ਬੱਚੇ, ਜਿਸ ਵਿਚ ਤਿੰਨ ਸਾਲ ਅਤੇ ਇਕ 6 ਮਹੀਨੇ ਦਾ ਬੱਚਾ ਛੱਡ ਗਿਆ ਹੈ। ਮ੍ਰਿਤਕ ਗੁਰਪ੍ਰੀਤ ਸਿੰਘ ਦੇ ਪਿਤਾ ਦੀ ਵੀ ਕੁਝ ਦਿਨ ਪਹਿਲਾਂ ਹੀ ਮੌਤ ਹੋ ਗਈ ਸੀ ਅਤੇ ਗੁਰਪ੍ਰੀਤ ਸਿੰਘ ਹੀ ਪਰਿਵਾਰ ਦਾ ਖਰਚਾ ਚਲਾ ਰਿਹਾ ਸੀ। ਪਰਿਵਾਰਕ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਮ੍ਰਿਤਕ ਗੁਰਪ੍ਰੀਤ ਸਿੰਘ ਦੇ ਘਰ ਦੇ ਹਾਲਤ ਨੂੰ ਦੇਖਦੇ ਹੋਏ ਹਾਈਵੇ ਅਥਾਰਟੀ ਯੋਗ ਮੁਆਵਜ਼ਾ ਦੇਵੇ। ਇਸ ਸਬੰਧੀ ਥਾਣਾ ਰੰਗੜ ਨੰਗਲ ਦੇ ਐਸਐਚ ਓ ਹਰਮੀਤ ਸਿੰਘ ਨੇ ਕਿਹਾ ਕਿ ਜੋ ਵੀ ਪਰਿਵਾਰਿਕ ਮੈਂਬਰ ਬਿਆਨ ਲਿਖਾਉਣਗੇ ਉਸ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# 'ਆਪ੍ਰੇਸ਼ਨ ਕਵਚ' ਦਾ ਸ਼ਿਕੰਜਾ, ਪੁਲਸ ਨੇ ਕਰੋੜਾਂ ਦੀ ਜਾਇਦਾਦ ਕੀਤੀ ਜ਼ਬਤ, 1500 ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 30 ਜੂਨ। ਰਾਸ਼ਟਰੀ ਰਾਜਧਾਨੀ ਦਿੱਲੀ ਵਿਚ ਨਸ਼ੇ 'ਤੇ ਨਕੇਲ ਕੱਸਣ ਲਈ ਦਿੱਲੀ ਪੁਲਸ ਨੇ ਤਸਕਰੀ ਦੇ ਦੋਸ਼ੀ ਕਰੀਬ 1500 ਲੋਕਾਂ ਨੂੰ ਗ੍ਰਿਫ਼ਤਾਰ ਕਰ ਕੇ ਕਰੋੜਾਂ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਜ਼ਬਤ ਕੀਤੀ ਹੈ। ਦਿੱਲੀ ਪੁਲਸ ਵਲੋਂ ਸੋਮਵਾਰ ਨੂੰ ਜਾਰੀ ਇਕ ਬਿਆਨ ਮੁਤਾਬਕ ਇਸ ਸਾਲ 15 ਜੂਨ ਤੱਕ 1127 ਮੁਕੱਦਮਿਆਂ ਵਿਚ 1439 ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਤਰ੍ਹਾਂ ਨਾਰਕੋਟਿਕ ਡਰੱਗ ਅਤੇ ਸਾਈਕੋਟ?ਰੋਪਿਕ ਪਦਾਰਥ ਗੈਰ-ਕਾਨੂੰਨੀ ਤਸਕਰੀ ਰੋਕਥਾਮ ਐਕਟ ਤਹਿਤ 7.76 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ ਅਤੇ 19.03 ਕਰੋੜ ਰੁਪਏ ਦੀ ਜਾਇਦਾਦ ਦੀ ਜਾਂਚ ਅੰਤਿਮ ਪੜਾਅ 'ਚ ਹੈ। ਨਸ਼ੀਲੇ ਪਦਾਰਥਾਂ ਦੀ ਵਿਕਰੀ ਦੇ ਜਾਲ ਨੂੰ ਤੋੜਨ ਲਈ ਪੁਲਸ ਨੇ ਹੁਣ ਤੱਕ 28 ਹਿਰਾਸਤ ਦੇ ਹੁਕਮ ਜਾਰੀ ਕੀਤੇ ਹਨ, ਜਦੋਂ ਕਿ 32 ਪ੍ਰਸਤਾਵ ਪ੍ਰਕਿਰਿਆ ਚੱਲ ਰਹੀ ਹੈ। ਪਿਛਲੇ ਸਾਲ ਪੁਲਸ ਨੂੰ ਇਸ ਮਾਮਲੇ ਵਿਚ ਵੱਡੀ ਸਫਲਤਾ ਮਿਲੀ ਸੀ। ਸਾਲ 2024 ਵਿਚ 1789 ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿਚ



2290 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਮਈ 2023 ਵਿਚ ਦਿੱਲੀ ਪੁਲਸ ਨੇ ਦਿੱਲੀ ਵਿਚ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਆਪ੍ਰੇਸ਼ਨ ਕਵਚ ਸ਼ੁਰੂ ਕੀਤਾ ਸੀ। ਇਸ ਮੁਹਿੰਮ ਦਾ ਉਦੇਸ਼ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਵਿਕਰੀ ਵਿਚ ਸ਼ਾਮਲ ਵਿਅਕਤੀਆਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਸੀ। ਇਸ ਮੁਹਿੰਮ ਤਹਿਤ ਸਥਾਨਕ ਪੱਧਰ ਤੋਂ ਲੈ ਕੇ ਉੱਚ ਪੱਧਰੀ ਤਸਕਰਾਂ ਤੱਕ ਮੁੱਖ ਤਸਕਰਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਦਿੱਲੀ ਪੁਲਸ ਦਾ ਕਹਿਣਾ ਹੈ ਕਿ ਇਸ ਮੁਹਿੰਮ ਤਹਿਤ ਹੁਣ ਤੱਕ ਅੱਠ ਵੱਡੇ ਛਾਪੇ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ ਆਖਰੀ ਵੱਡੀ ਕਾਰਵਾਈ 18-19 ਜੂਨ 2025 ਨੂੰ ਕੀਤੀ ਗਈ ਸੀ। 24 ਘੰਟੇ ਚੱਲੇ ਇਸ ਆਪ੍ਰੇਸ਼ਨ ਵਿਚ 350 ਪੁਲਸ ਟੀਮਾਂ ਨੇ ਦਿੱਲੀ ਦੇ ਸਾਰੇ 15 ਜ਼ਿਲ੍ਹਿਆਂ 'ਚ 1040 ਥਾਵਾਂ 'ਤੇ ਛਾਪੇਮਾਰੀ ਕੀਤੀ। ਇਸ ਦੌਰਾਨ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਪੁਲਸ ਨੇ ਅਸਲਾ ਐਕਟ ਦੇ 29 ਮਾਮਲਿਆਂ ਵਿਚ ਗ਼ੈਰ-ਕਾਨੂੰਨੀ ਹਥਿਆਰ ਜ਼ਬਤ ਕੀਤੇ ਅਤੇ 30 ਗ਼ੈਰ-ਕਾਨੂੰਨੀ ਹਥਿਆਰ ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ।

## ਕੈਨੇਡਾ ਭੇਜਣ ਦੇ ਨਾਂ 'ਤੇ 14 ਲੱਖ ਰੁਪਏ ਤੋਂ ਵਧੇਰੇ ਦੀ ਧੋਖਾਧੜੀ

ਲੁਧਿਆਣਾ 30 ਜੂਨ। ਨਿਰਮਲ ਵਰਮਾ ਨਿਵਾਸੀ ਸਰਦਾਰ ਨਗਰ ਬਸਤੀ ਜੋਧੇਵਾਲ ਦੇ ਬਿਆਨ 'ਤੇ ਦਰੇਸੀ ਥਾਣੇ ਦੀ ਪੁਲਸ ਨੇ ਸੰਦੀਪ ਕੁਮਾਰ ਨਿਵਾਸੀ ਭਾਈ ਜਗਤਾ ਕਾਲੋਨੀ, ਬਰਾੜਾ, ਅੰਬਾਲਾ ਹਰਿਆਣਾ ਅਤੇ ਡਰਾਈਵਰ ਰਿੰਪੀ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੀੜਤ ਅਨੁਸਾਰ ਉਸ ਨੇ ਆਪਣੀ ਧੀ, ਭਤੀਜੇ ਅਤੇ ਭੈਣ ਨੂੰ ਵਿਦੇਸ਼ ਭੇਜਣ ਲਈ ਨਿਰਮਲ ਨਾਲ ਸੰਪਰਕ ਕੀਤਾ। ਉਸ ਨੇ ਉਨ੍ਹਾਂ ਨੂੰ ਕੈਨੇਡਾ ਭੇਜਣ ਦੇ ਬਦਲੇ 14.50 ਲੱਖ ਰੁਪਏ ਦਿੱਤੇ। ਇਸ 'ਚ ਦੋਸ਼ੀ ਦਾ ਡਰਾਈਵਰ ਰਿੰਪੀ ਵੀ ਸ਼ਾਮਲ ਸੀ, ਜਿਸ ਨੇ ਉਸ ਤੋਂ ਕਈ ਵਾਰ ਪੈਸੇ ਲਏ ਹਨ। ਪੀੜਤ ਦਾ ਕਹਿਣਾ ਹੈ ਕਿ ਕਈ ਵਾਰ ਸੰਪਰਕ ਕਰਨ ਦੇ ਬਾਵਜੂਦ ਨਾ ਤਾਂ ਦੋਸ਼ੀ ਨਿਰਮਲ ਨੇ ਡਰਾਈਵਰ ਰਿੰਪੀ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੀੜਤ ਅਨੁਸਾਰ ਉਸ ਨੇ ਆਪਣੀ ਧੀ, ਭਤੀਜੇ ਅਤੇ ਭੈਣ ਨੂੰ ਵਿਦੇਸ਼ ਭੇਜਣ ਲਈ ਨਿਰਮਲ ਨਾਲ ਸੰਪਰਕ ਕੀਤਾ। ਉਸ ਨੇ ਉਨ੍ਹਾਂ ਨੂੰ ਕੈਨੇਡਾ ਭੇਜਣ ਦੇ ਬਦਲੇ 14.50 ਲੱਖ ਰੁਪਏ ਦਿੱਤੇ। ਇਸ 'ਚ ਦੋਸ਼ੀ ਦਾ ਡਰਾਈਵਰ ਰਿੰਪੀ ਵੀ ਸ਼ਾਮਲ ਸੀ, ਜਿਸ ਨੇ ਉਸ ਤੋਂ ਕਈ ਵਾਰ ਆਪਣੇ ਰਿਸ਼ਤੇਦਾਰਾਂ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਜਾਂਚ ਅਧਿਕਾਰੀ ਦਵਿੰਦਰ ਸਿੰਘ ਨੇ ਦੱਸਿਆ ਕਿ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਜਾਂਚ ਤੋਂ ਬਾਅਦ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਨੇ ਪੀੜਤ ਨਾਲ ਧੋਖਾਧੜੀ ਕੀਤੀ ਹੈ ਅਤੇ 14.50 ਲੱਖ ਰੁਪਏ ਹੜੱਪ ਲਏ ਹਨ।

## ਬਿਜਲੀ ਠੀਕ ਕਰਨ ਲਈ ਖੰਭੇ 'ਤੇ ਚੜ੍ਹਿਆ ਸੀ ਲਾਈਨਮੈਨ, ਹੋਇਆ ਉਹ ਜੋ ਸੋਚਿਆ ਨਾ ਸੀ

ਜਲੰਧਰ 30 ਜੂਨ। ਪਿਛਲੇ 8 ਸਾਲ ਤੋਂ ਪਾਵਰਕਾਮ ਵਿਭਾਗ 'ਚ ਠੇਕੇ 'ਤੇ ਲਾਈਨਮੈਨ ਵਜੋਂ ਸੇਵਾ ਨਿਭਾ ਰਹੇ ਸਤਨਾਮ ਸਿੰਘ ਪੁੱਤਰ ਸਨਵਿੰਦਰ ਸਿੰਘ ਨਿਵਾਸੀ ਪਿੰਡ ਬੁਲਦਪੁਰ ਜਦੋਂ 20 ਜੂਨ ਨੂੰ ਪਿੰਡ ਬੁਲੰਦਪੁਰ ਵਿਚ ਡਿਊਟੀ ਦੇ ਸਮੇਂ ਖੰਭੇ 'ਤੇ ਚੜ੍ਹ ਕੇ ਬਿਜਲੀ ਠੀਕ ਕਰ ਰਿਹਾ ਸੀ ਤਾਂ ਉਸ ਨੂੰ ਕਰੰਟ ਲੱਗ ਗਿਆ, ਜਿਸ ਕਾਰਨ ਉਹ ਖੰਭੇ ਤੋਂ ਹੇਠਾਂ ਡਿੱਗ ਗਿਆ ਅਤੇ ਉਸ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਉਸ ਨੂੰ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਕੁਝ ਦਿਨਾਂ ਬਾਅਦ ਉਸ ਨੂੰ ਹਸਪਤਾਲ ਵਿਚੋਂ ਛੁੱਟੀ ਮਿਲ ਗਈ ਸੀ। 27 ਜੂਨ ਨੂੰ ਉਸ ਦੀ ਹਾਲਤ ਫਿਰ ਖ਼ਰਾਬ ਹੋ ਗਈ ਅਤੇ ਉਸ ਦੀ ਮੌਤ ਹੋ ਗਈ। ਲਾਈਨਮੈਨ ਸਤਨਾਮ ਸਿੰਘ ਦੀ ਮੌਤ ਦੀ ਖ਼ਬਰ ਥਾਣਾ ਮਕਸੂਦਾਂ ਦੀ ਪੁਲਸ ਨੂੰ ਦਿੱਤੀ ਗਈ ਅਤੇ ਸਤਨਾਮ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਜਲੰਧਰ ਦੇ ਸਿਵਲ ਹਸਪਤਾਲ ਵਿਚ ਰਖਵਾ ਦਿੱਤਾ ਸੀ ਅਤੇ ਸ਼ਨੀਵਾਰ ਨੂੰ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰਕ ਮੈਂਬਰਾਂ ਹਵਾਲੇ ਕਰ ਦਿੱਤੀ ਗਈ।

# 2 ਔਰਤਾਂ ਵੱਲੋਂ ਬਲੈਕਮੇਲ ਕਰਨ 'ਤੇ ਨੌਜਵਾਨ ਨੇ ਚੁੱਕਿਆ ਖ਼ੌਫ਼ਨਾਕ ਕਦਮ

**ਕੌਮੀ ਪਤ੍ਰਿਕਾ**

ਕਾਠਗੜ੍ਹ 30 ਜੂਨ। ਪਿੰਡ ਸੋਭੂਵਾਲ ਦੇ ਇਕ ਨੌਜਵਾਨ ਨੂੰ 2 ਮਹਿਲਾਵਾਂ ਵੱਲੋਂ ਤੰਗ ਪ੍ਰੇਸ਼ਾਨ ਅਤੇ ਬਲੈਕਮੇਲ ਕੀਤੇ ਜਾਣ 'ਤੇ ਨੌਜਵਾਨ ਵੱਲੋਂ ਚੰਡੀਗੜ੍ਹ ਦੇ ਇਕ ਹੋਟਲ ਵਿਚ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਚੰਡੀਗੜ੍ਹ ਪੁਲਸ ਨੇ ਮਾਮਲਾ ਦਰਜ ਕਰ ਕੇ ਦੋਵੇਂ ਮਹਿਲਾਵਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧ ਵਿਚ ਚੰਡੀਗੜ੍ਹ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਪੀੜਤ ਲਵਪ੍ਰੀਤ ਪੁੱਤਰ ਓਮ ਨਾਥ ਵਾਸੀ ਸੋਭੂਵਾਲ ਤਹਿਸੀਲ ਬਲਾਚੌਰ ਨੇ ਦੱਸਿਆ ਕਿ ਉਸਦੇ ਚਾਚੇ ਦਾ ਲੜਕਾ ਦੀਪਕ ਕੁਮਾਰ ਪੁੱਤਰ ਭੋਲਾ ਨਾਥ ਵਾਸੀ ਸੋਭੂਵਾਲ 18 ਜੂਨ ਨੂੰ ਘਰ ਤੋਂ ਨਿੱਜੀ ਫੈਕਟਰੀ ਰੈਲਮਾਜਰਾ ਡਿਊਟੀ 'ਤੇ ਗਿਆ ਸੀ ਪਰ ਸ਼ਾਮ ਨੂੰ 5.20 'ਤੇ ਡਿਊਟੀ ਖਤਮ ਹੋਣ 'ਤੇ ਉਹ ਘਰ ਆਉਣ ਦੀ ਬਜਾਏ ਆਪਣਾ ਮੋਟਰਸਾਈਕਲ ਕਿਸੇ ਜਾਣਕਾਰ ਨੂੰ ਦੇ ਗਿਆ ਅਤੇ ਆਪ ਪਤਾ ਨਹੀਂ ਕਿੱਥੇ ਚਲਾ ਗਿਆ ਪਰ ਜਦੋਂ ਉਹ ਘਰ ਨਾ ਪਹੁੰਚਿਆ ਤਾਂ ਇਸ ਦੀ ਸੂਚਨਾ ਉਨ੍ਹਾਂ ਕਾਠਗੜ੍ਹ ਪੁਲਸ ਨੂੰ ਦਿੱਤੀ। ਪਰਿਵਾਰਕ ਮੈਂਬਰਾਂ ਨੇ ਉਸ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਦਾ ਕੋਈ ਵੀ ਪਤਾ ਨਹੀਂ ਲੱਗਾ। ਦੂਜੇ ਦਿਨ 19 ਜੂਨ ਨੂੰ ਮਾਮੇ ਦੇ ਲੜਕੇ ਮਨਿੰਦਰ ਕੁਮਾਰ ਦੇ ਫੋਨ ਦੇ ਵਟਸਐਪ ਤੇ ਵਾਈਸ ਮੈਸੇਜ ਆਇਆ ਜਿਸ ਵਿਚ ਉਸ ਨੇ ਸਾਫ ਬੋਲ ਕੇ ਦੱਸਿਆ ਕਿ ਉਸ ਨੂੰ 2 ਮਹਿਲਾਵਾਂ ਪਿਛਲੇ ਕਈ ਮਹੀਨਿਆਂ ਤੋਂ ਬਲੈਕਮੇਲ ਕਰ ਰਹੀਆਂ ਸਨ ਅਤੇ ਮੈਂ ਉਨ੍ਹਾਂ ਤੋਂ ਪ੍ਰੇਸ਼ਾਨ ਹੋ ਕੇ ਬਿਨਾਂ ਦੱਸੇ ਆਪਣਾ ਘਰ ਛੱਡ ਕੇ ਕਿਤੇ ਬਾਹਰ ਆਇਆ ਹਾਂ। ਪੀੜਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਦੀਪਕ ਕੁਝ ਸਮੇਂ ਤੋਂ ਉਕਤ ਹੋਟਲ ਵਿਚ ਰਹਿ ਰਿਹਾ ਸੀ ਤੇ ਹੋਟਲ ਵਾਲਿਆਂ ਨੇ ਇਹ ਕਹਿ ਦਿੱਤਾ ਕਿ ਦੀਪਕ ਇੱਥੋਂ ਚਲਾ ਗਿਆ ਪਰ ਜਦੋਂ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਤੋਂ ਹੋਟਲ ਦੇ ਕਮਰੇ ਦੀ ਚਾਬੀ ਮੰਗੀ ਤਾਂ ਉਨ੍ਹਾਂ ਨੇ ਚਾਬੀ ਨਾ ਦਿੱਤੀ ਫਿਰ ਪਿੰਡ ਦੇ ਨੌਜਵਾਨਾਂ ਨੇ ਪੈਰ ਮਾਰ ਕੇ ਹੋਟਲ ਦਾ ਦਰਵਾਜ਼ਾ ਤੋੜ ਦਿੱਤਾ ਤਾਂ ਕਮਰੇ ਦੇ ਅੰਦਰ ਦੀਪਕ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ ਅਤੇ ਇਸ ਸਬੰਧੀ ਚੰਡੀਗੜ੍ਹ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੀੜਤ ਪਰਿਵਾਰ ਨੇ ਚੰਡੀਗੜ੍ਹ ਪੁਲਸ ਤੋਂ ਇਨਸਾਫ ਦੀ ਗੁਹਾਰ ਲਗਾਈ ਹੈ ਕਿ ਦੋਸ਼ੀ ਮਹਿਲਾਵਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ ।

## ਲੁਧਿਆਣਾ ਦੇ ਕਈ ਇਲਾਕਿਆਂ 'ਚ ਬਿਜਲੀ ਸਪਲਾਈ ਕਈ ਘੰਟੇ ਰਹੀ ਠੱਪ

ਲੁਧਿਆਣਾ 30 ਜੂਨ। ਤਪਦੀ ਗਰਮੀ ਤੇ ਹੁੰਮਸ ਭਰੇ ਮੌਸਮ ਵਿਚਾਲੇ ਲੁਧਿਆਣੇ ਦੇ ਅੰਦਰੂਨੀ ਇਲਾਕਿਆਂ ਵਿਚ ਬਿਜਲੀ ਸਪਲਾਈ ਪੂਰੀ ਰਾਤ ਠੱਪ ਰਹਿਣ ਨਾਲ ਕਾਰਨ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ ਇਕ ਓਵਰਲੋਡ ਟਰੱਕ ਸੰਗਲਾ ਸ਼ਿਵਾਲਾ ਵਾਲਾ ਰੋਡ ਤੋਂ ਗੁਜ਼ਰ ਰਿਹਾ ਸੀ, ਇਸ ਦੌਰਾਨ ਸੜਕ ਦੇ ਉੱਪਰੋਂ ਲੰਘਦੀਆਂ ਹਾਈਟੈਂਸ਼ਨ ਤਾਰਾਂ ਇਸ ਦੀ ਲਪੇਟ ਵਿਚ ਆ ਕੇ ਟੁੱਟ ਗਈਆਂ। ਇਸ ਕਾਰਨ ਰੂਪਾ ਮਿਸਤਰੀ ਗਲੀ, ਸੰਗਲਾ ਵਾਲਾ ਸ਼ਿਵਾਲਾ ਰੋਡ, ਗੋਕੁਲ ਰੋਡ ਸਮੇਤ ਨਾਲ ਲਗਦੇ ਇਲਾਕਿਆਂ ਵਿਚ ਬਿਜਲੀ ਸਪਲਾਈ ਰਾਤ 1 ਵਜੇ ਤੋਂ ਠੱਪ ਹੋ ਗਈ। ਖ਼ਬਰ ਲਿਖੇ ਜਾਣ ਤਕ ਬਿਜਲੀ ਮੁਲਾਜ਼ਮ ਨਵੀਆਂ ਤਾਰਾਂ ਪਾ ਰਹੇ ਸਨ, ਤਾਂ ਜੋ ਇਨ੍ਹਾਂ ਇਲਾਕਿਆਂ ਵਿਚ ਬਿਜਲੀ ਸਪਲਾਈ ਸੁਚਾਰੂ ਰੂਪ ਨਾਲ ਚੱਲ ਸਕੇ।

## ਚਿੱਟੇ ਨੇ ਇਕ ਹੋਰ ਘਰ 'ਚ ਵਿਛਾਏ ਸੱਥਰ, ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ

ਜਲਾਲਾਬਾਦ 30 ਜੂਨ। ਇੱਥੋਂ ਦੇ ਪਿੰਡ ਟਿਵਾਣਾ ਕਲਾਂ ਦੇ ਇਕ ਨੌਜਵਾਨ ਦੀ ਚਿੱਟੇ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ ਨੌਜਵਾਨ ਬੌਬੀ (25) ਪੁੱਤਰ ਚਿਮਨ ਸਿੰਘ ਆਪਣੇ ਘਰ ਤੋਂ ਕਿਸੇ ਅਣਪਛਾਤੇ ਨੌਜਵਾਨ ਨਾਲ ਗਿਆ ਸੀ ਪਰ ਵਾਪਸ ਨਹੀਂ ਆਇਆ। ਪਰਿਵਾਰਕ ਮੈਂਬਰਾਂ ਵੱਲੋਂ ਪੂਰੀ ਰਾਤ ਭਾਲ ਕਰਨ 'ਤੇ ਵੀ ਉਹ ਨਹੀਂ ਲੱਭਿਆ। ਅੱਜ ਸਵੇਰੇ ਜਦੋਂ ਪਿੰਡ ਦੇ ਲੋਕ ਅਤੇ ਪਰਿਵਾਰਕ ਮੈਂਬਰ ਭਾਲ ਕਰਦੇ ਹੋਏ ਪਿੰਡ ਬਾਰੇ ਵਾਲਾ ਰੋਡ 'ਤੇ ਗਏ ਤਾਂ ਉਨ੍ਹਾਂ ਦੇਖਿਆ ਕਿ ਬੌਬੀ ਮ੍ਰਿਤਕ ਹਾਲਤ 'ਚ ਪਿਆ ਹੋਇਆ ਸੀ ਅਤੇ ਉਸ ਦੀ ਬਾਂਹ 'ਤੇ ਇੱਕ ਟੀਕਾ ਲੱਗਿਆ ਹੋਇਆ ਸੀ ਅਤੇ ਸਰੀਰ 'ਤੇ ਵੀ ਸੱਟਾਂ ਦੇ ਨਿਸ਼ਾਨ ਸਨ। ਇਸ ਘਟਨਾ ਦੀ ਖ਼ਬਰ ਪਿੰਡ ਵਿੱਚ ਮਿਲਣ 'ਤੇ ਸੋਗ ਦੀ ਲਹਿਰ ਦੌੜ ਗਈ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮਾਮਲੇ ਸਬੰਧੀ ਮ੍ਰਿਤਕ ਦੇ ਦਾਦੇ ਚੰਨ ਸਿੰਘ ਸਣੇ ਪਰਿਵਾਰਕ ਮੈਂਬਰਾਂ ਨੇ ਪਿੰਡ ਦੇ 4 ਨੌਜਵਾਨਾਂ 'ਤੇ ਉਨ੍ਹਾਂ ਦੇ ਪੋਤੇ ਦਾ ਕਤਲ ਕਰਨ ਅਤੇ ਚਿੱਟੇ ਦਾ ਟੀਕਾ ਲਗਾਉਣ ਦੇ ਦੋਸ਼ ਲਗਾਏ ਗਏ ਹਨ। ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ 'ਤੇ ਸਵਾਲ ਚੁੱਕਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਸ਼ਰੇਆਮ ਚਿੱਟਾ ਵਿਕ ਰਿਹਾ ਹੈ ਅਤੇ ਕਈ ਵਾਰ ਪੁਲਸ ਨੂੰ ਜਾਣੂ ਕਰਵਾਉਣ ਦੇ ਬਾਵਜੂਦ ਵੀ ਪੁਲਸ ਵੱਲੋਂ ਨਸ਼ਾ ਤਸਕਰਾਂ ਦੇ ਖ਼?ਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਕਾਰਨ ਪਿੰਡ ਦੇ ਨੌਜਵਾਨ ਨਸ਼ੇ ਦੇ ਆਦੀ ਹੋਣ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ।

## ਨਕਲੀ ਹਾਰਪਿਕ ਤੇ ਡੈਟੋਲ ਵੇਚਣ ਦੇ ਦੋਸ਼ 'ਚ 2 ਖ਼ਿਲਾਫ਼ ਮਾਮਲਾ ਦਰਜ

ਬਠਿੰਡਾ 30 ਜੂਨ। ਇਕ ਨਿੱਜੀ ਕੰਪਨੀ ਦੀ ਸ਼ਿਕਾਇਤ 'ਤੇ ਕੋਤਵਾਲੀ ਪੁਲਸ ਨੇ ਆਪਣੀ ਕੰਪਨੀ ਦੇ ਨਕਲੀ ਉਤਪਾਦ ਬਣਾ ਕੇ ਵੇਚ ਰਹੇ 2 ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਸਪੀਡ ਸਰਚ ਐਂਡ ਸਿਕਿਓਰਿਟੀ ਕੰਪਨੀ ਚੰਡੀਗੜ੍ਹ ਦੇ ਫੀਲਡ ਅਫ਼ਸਰ ਸੰਨੀ ਆਹੂਜਾ ਨੇ ਕੋਤਵਾਲੀ ਪੁਲਸ ਨੂੰ ਦੱਸਿਆ ਕਿ ਬਠਿੰਡਾ ਦੇ ਰਹਿਣ ਵਾਲੇ ਮੁਲਜ਼ਮ ਦੀਪਕ ਬਾਂਸਲ ਅਤੇ ਜਤਿੰਦਰ ਸਿੰਘ ਸਿਰਕੀ ਬਾਜ਼ਾਰ 'ਚ ਆਪਣੀ ਕੰਪਨੀ ਦੇ ਨਕਲੀ ਹਾਰਪਿਕ ਅਤੇ ਡੈਟੋਲ ਬਣਾ ਕੇ ਵੇਚ ਰਹੇ ਸਨ। ਇਸ ਤਰ੍ਹਾਂ ਨਾਲ ਉਹ ਦੋਵੇਂ ਕੰਪਨੀ ਨਾਲ ਧੋਖਾ ਕਰ ਰਹੇ ਸਨ। ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਅੱਜ ਜਿਲਾ ਅਕਾਲੀ ਜਥਾ ਸ਼ਹਿਰੀ ਦੇ ਪ੍ਰਧਾਨ ਸੁਰਜੀਤ ਸਿੰਘ ਪਹਿਲਵਾਨ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਸ ਸੰਬੰਧ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਕਸ ਤੇ ਇੱਕ ਪੋਸਟ ਪਾ ਕੇ ਪੰਜਾਬ ਸਰਕਾਰ ਤੇ ਪੁਲਿਸ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨਾਲ ਇੱਕਜੁੱਟਤਾ ਦਿਖਾਉਣ ਵਾਲੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਹੁਣ ਪੁਲਿਸ ਨਜਾਇਜ਼ ਤੰਗ ਪਰੇਸ਼ਾਨ ਕਰ ਰਹੀ ਹੈ।

# ਸੋਨੇ 'ਚ ਵਾਧੇ ਦਾ ਦੌਰ ਖ਼ਤਮ ! , ਈਰਾਨ ਤੇ ਅਮਰੀਕੀ ਹਮਲੇ ਬਾਅਦ ਵੀ ਜਾਣੋ ਕਿਉਂ ਨਹੀਂ ਚੜ੍ਹਿਆ Gold

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 30 ਜੂਨ। ਆਮ ਤੌਰ 'ਤੇ, ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਦਰਮਿਆਨ ਜਦੋਂ ਸਟਾਕ ਮਾਰਕੀਟ ਡਿੱਗਦੀ ਹੈ ਅਤੇ ਨਿਵੇਸ਼ਕਾਂ ਦਾ ਮੂਡ ਜੋਖਮ ਤੋਂ ਬਚਣ ਵੱਲ ਬਦਲਦਾ ਹੈ, ਤਾਂ ਨਿਵੇਸ਼ਕ ਸੋਨੇ ਵਿਚ ਨਿਵੇਸ਼ ਵਧਾ ਦਿੰਦੇ ਹਨ। ਨਤੀਜੇ ਵਜੋਂ ਕੀਮਤੀ ਧਾਤਾਂ ਭਾਵ ਸੋਨੇ ਤੇ ਚਾਂਦੀ ਦੀਆਂ ਕੀਮਤਾਂ ਵਿਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਈਰਾਨ-ਇਜ਼ਰਾਈਲ ਯੁੱਧ ਦੌਰਾਨ ਹੁਣ ਤੱਕ ਸੋਨੇ ਵਿੱਚ ਕੋਈ ਵੱਡਾ ਵਾਧਾ ਨਹੀਂ ਹੋਇਆ ਹੈ। ਈਰਾਨ ਦੇ ਫੋਰਡੋ ਪ੍ਰਮਾਣੂ ਸਹੂਲਤ 'ਤੇ ਅਮਰੀਕੀ ਹਵਾਈ ਹਮਲੇ ਦੇ ਬਾਵਜੂਦ, ਸੋਮਵਾਰ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਵਿੱਚ 0.27% ਦੀ ਗਿਰਾਵਟ ਦੇਖੀ ਗਈ। ਅੱਜ ਦੁਪਹਿਰ 2 ਵਜੇ ਦੇ ਲਗਭਗ ਮਲਟੀ ਕਮੋਡਿਟੀ ਐਕਸਚੇਂਜ 'ਤੇ ਸੋਨੇ ਦੀਆਂ ਕੀਮਤਾਂ ਵਿਚ ਸਥਿਰਤਾ ਦੇਖਣ ਨੂੰ ਮਿਲੀ। ਸ਼ੁਰੂਆਤੀ ਕਾਰੋਬਾਰ ਵਿਚ ਇਹ ਸਿਰਫ਼ 0.06 ਫ਼ੀਸਦੀ ਦੀ ਹਲਕੀ ਗਿਰਾਵਟ ਨਾਲ ਕਾਰੋਬਾਰ ਕਰ ਰਿਹਾ ਸੀ। ਮਾਹਰਾਂ ਮੁਤਾਬਕ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤਾਂ ਭਾਵੇਂ ਦਬਾਅ ਵਿਚ ਹੋਣ, ਪਰ ਰੁਪਏ ਦੀ ਕਮਜ਼ੋਰੀ ਭਾਰਤ ਵਿਚ ਸੋਨੇ ਦੀਆਂ ਕੀਮਤਾਂ ਨੂੰ ਸਹਾਰਾ ਦੇ ਰਹੀ ਹੈ। ਸੋਮਵਾਰ ਨੂੰ ਅਮਰੀਕੀ ਹਮਲੇ ਦੇ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਭਾਰਤੀ ਰੁਪਇਆ 17 ਪੈਸੇ ਡਿੱਗ ਕੇ 86.72 ਰੁਪਏ ਪ੍ਰਤੀ ਡਾਲਰ ਦੇ ਪੱਧਰ 'ਤੇ ਆ ਗਿਆ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਦੀ ਉਪ ਪ੍ਰਧਾਨ ਅਕਸ਼ ਕੰਬੋਜ ਨੇ ਕਿਹਾ, ਅਮਰੀਕੀ ਹਮਲੇ ਤੋਂ ਬਾਅਦ, ਸੋਨੇ ਵਿੱਚ ਇੱਕ ਵਾਰ ਤੇਜ਼ੀ ਆਈ ਸੀ, ਪਰ ਇਹ ਬਰਕਰਾਰ ਨਹੀਂ ਰਹਿ ਸਕੀ। ਇਹ ਦਰਸਾਉਂਦਾ ਹੈ ਕਿ ਮੌਜੂਦਾ ਰੈਲੀ ਰੁਕ ਗਈ ਹੈ ਅਤੇ ਬਾਜ਼ਾਰ ਹੁਣ ਇੱਕ ਨਵੇਂ ਟਰਿੱਗਰ ਦੀ ਉਡੀਕ ਕਰ ਰਿਹਾ ਹੈ। ਮਹਿਤਾ ਇਕੁਇਟੀਜ਼ ਦੇ ਉਪ ਪ੍ਰਧਾਨ (ਵਸਤੂਆਂ) ਰਾਹੁਲ ਕਲੰਤਰੀ ਦੇ ਅਨੁਸਾਰ, ਸੋਮਵਾਰ ਨੂੰ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨਾ ਲਗਭਗ £3,360 ਅਤੇ ਚਾਂਦੀ ਲਗਭਗ £36 ਪ੍ਰਤੀ ਔਂਸ ਰਹੀ। ਤਣਾਅ ਦੇ ਬਾਵਜੂਦ, ਵਪਾਰਕ ਮਾਤਰਾ ਅਤੇ ਅਸਥਿਰਤਾ ਸੀਮਤ ਰਹੀ ਹੈ। ਮਾਹਰਾਂ ਮੁਤਾਬਕ ਜੰਗ ਸ਼ੁਰੂ ਹੁੰਦੇ ਹੀ, ਸੋਨੇ ਦੀਆਂ ਕੀਮਤਾਂ ਵਧੀਆਂ, ਪਰ ਬਾਅਦ ਵਿੱਚ ਸਥਿਰ ਹੋ ਗਈਆਂ।



ਇਸਦਾ ਮਤਲਬ ਹੈ ਕਿ ਬਾਜ਼ਾਰ ਨੇ ਪਹਿਲਾਂ ਹੀ ਇਸ ਭੂ-ਰਾਜਨੀਤਿਕ ਜੋਖਮ ਨੂੰ ਘਟਾ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੋਨਾ ਉਦੋਂ ਤੱਕ ਤਾਕਤ ਨਹੀਂ ਦਿਖਾਏਗਾ ਜਦੋਂ ਤੱਕ ਇਹ 3,500 ਡਾਲਰ ਪ੍ਰਤੀ ਔਂਸ ਨੂੰ ਪਾਰ ਨਹੀਂ ਕਰ ਜਾਂਦਾ। ਸੋਮਵਾਰ ਨੂੰ, ਸਪਾਟ ਗੋਲਡ 0.25% ਡਿੱਗ ਕੇ 3,377.20 ਡਾਲਰ ਪ੍ਰਤੀ ਔਂਸ 'ਤੇ ਵਪਾਰ ਕਰਨ ਲਈ ਤਿਆਰ ਹੋਇਆ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਜੇਕਰ ਈਰਾਨ ਸ਼ਾਂਤੀ ਲਈ ਤਿਆਰ ਨਹੀਂ ਹੈ, ਤਾਂ ਅਮਰੀਕਾ ਹੋਰ ਸਖ਼ਤ ਫੌਜੀ ਕਾਰਵਾਈ ਕਰੇਗਾ। ਇਸ ਨਾਲ ਬਾਜ਼ਾਰ ਵਿੱਚ ਫਿਰ ਡਰ ਦਾ ਮਾਹੌਲ ਪੈਦਾ ਹੋ ਸਕਦਾ ਹੈ ਅਤੇ ਨਿਵੇਸ਼ਕ ਦੁਬਾਰਾ ਸੋਨੇ ਵੱਲ ਮੁੜ ਸਕਦੇ ਹਨ। ਵਿਸ਼ਲੇਸ਼ਕਾਂ ਦੇ ਅਨੁਸਾਰ, ਇਜ਼ਰਾਈਲ-ਈਰਾਨ ਯੁੱਧ ਤੋਂ ਇਲਾਵਾ, ਬਾਜ਼ਾਰ ਅਮਰੀਕੀ ਆਰਥਿਕ ਅੰਕੜਿਆਂ ਅਤੇ ਫੈਡਰਲ ਰਿਜ਼ਰਵ ਦੀਆਂ ਅਗਲੀਆਂ ਨੀਤੀਗਤ ਟਿੱਪਣੀਆਂ 'ਤੇ ਵੀ ਨਜ਼ਰ ਰੱਖ ਰਿਹਾ ਹੈ। ਇਸ ਹਫ਼ਤੇ, ਫੈੱਡ ਚੇਅਰ ਜੇਰੋਮ ਪਾਵੇਲ ਦੀ ਕਾਂਗਰਸ ਵਿੱਚ ਦੋ ਦਿਨਾਂ ਦੀ ਗਵਾਹੀ ਅਤੇ ਪੀਸੀਈ ਮਹਿੰਗਾਈ ਅੰਕੜੇ ਮਹੱਤਵਪੂਰਨ ਹੋਣਗੇ। ਰਾਹੁਲ ਕਲੰਤਰੀ ਨੇ ਸੋਨੇ ਅਤੇ ਚਾਂਦੀ ਦੇ ਨਿਵੇਸ਼ਕਾਂ ਲਈ ਕੁਝ ਮਹੱਤਵਪੂਰਨ ਸਮਰਥਨ ਅਤੇ ਵਿਰੋਧ ਪੱਧਰ ਦੱਸੇ ਹਨ। ਆਓ ਇਸ ਬਾਰੇ ਵਿਸਥਾਰ ਵਿੱਚ ਜਾਣੀਏ: ਬ੍ਰੋਕਰੇਜ ਹਾਊਸ ਕੁਆਂਟ ਮਿਊਚੁਅਲ ਫੰਡ ਨੇ ਆਪਣੀ ਜੂਨ 2025 ਦੀ ਤੱਥ ਪੱਤਰ ਵਿੱਚ ਅੰਦਾਜ਼ਾ ਲਗਾਇਆ ਹੈ ਕਿ ਅਗਲੇ ਦੋ ਮਹੀਨਿਆਂ ਵਿੱਚ ਸੋਨੇ ਦੀਆਂ ਕੀਮਤਾਂ ਡਾਲਰ ਦੇ ਰੂਪ ਵਿੱਚ 12-15% ਤੱਕ ਡਿੱਗ ਸਕਦੀਆਂ ਹਨ। ਹਾਲਾਂਕਿ, ਮੱਧ-ਮਿਆਦ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਤੋਂ, ਫੰਡ ਦਾ ਮੰਨਣਾ ਹੈ

**NAME CHANGE**

I hitherto known as KULWINDER KAUR D/o HARBANS SINGH, and W/o MANJIT SINGH, R/o H.No. 26333, St.No. 2-1/2, Amarpura Basti, Bathinda, Punjab-151005, have changed my name and shall hereafter be known as PARMINDER KAUR, for all future purposes.

**NAME CHANGE**

I hitherto known as SARABJEET KAUR D/o SURJEET SINGH, and W/o GURCHARAN SINGH, R/o Near Seva Kender, Jhanduke, PO: Jhanduke, Dist. Bathinda, Punjab-151101, have changed my name and shall hereafter be known as KIRAN-DEEP KAUR, for all future purposes.

## ਪੁੱਤ ਨੂੰ ਕਰੰਟ ਲੱਗਣ ਦੀ ਖਬਰ ਸੁਣ ਘਰ ਨੂੰ ਭੱਜਿਆ ਪਿਓ, ਰਸਤੇ 'ਚ ਵਾਪਰ ਗਿਆ ਭਾਣਾ, ਦੋਵਾਂ ਦੀ ਮੌਤ

ਵੈੱਬ ਡੈਸਕ 30 ਜੂਨ। ਯੂਪੀ ਦੇ ਉਨਾਓ ਜ਼ਿਲ੍ਹੇ 'ਚ ਇੱਕ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਆਪਣੇ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਕੇ ਘਰ ਪਰਤ ਰਹੇ ਇੱਕ ਪਿਤਾ ਦੀ ਵੀ ਸੜਕ ਹਾਦਸੇ 'ਚ ਮੌਤ ਹੋ ਗਈ। ਇਸ ਘਟਨਾ ਨਾਲ ਪਰਿਵਾਰ ਸਦਮੇ ਵਿਚ ਚਲਾ ਗਿਆ ਹੈ। ਪੂਰੇ ਪਿੰਡ 'ਚ ਸੋਗ ਹੈ। ਪੁਲਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਦਰਅਸਲ, ਅਸੀਵਾਨ ਥਾਣਾ ਖੇਤਰ ਦੇ ਰਸੂਲਾਬਾਦ ਪਿੰਡ 'ਚ ਸੋਮਵਾਰ ਸਵੇਰੇ ਇੱਕ ਤਿੰਨ ਸਾਲਾ ਮਾਸੂਮ ਬੱਚੇ ਦੀ ਬਿਜਲੀ ਦਾ ਕਰੰਟ ਲੱਗਣ ਨਾਲ ਮੌਤ ਹੋ ਗਈ। ਜਿਵੇਂ ਹੀ ਉਸਦੇ ਪਿਤਾ ਨੂੰ ਇਹ ਖ਼ਬਰ ਮਿਲੀ, ਉਹ ਸਾਈਕਲ 'ਤੇ ਘਰ ਲਈ ਰਵਾਨਾ ਹੋ ਗਿਆ। ਪਰ ਘਰ ਪਹੁੰਚਣ ਤੋਂ ਪਹਿਲਾਂ ਹੀ ਰਸਤੇ 'ਚ ਇੱਕ ਸੜਕ ਹਾਦਸੇ 'ਚ ਉਸਦੀ ਵੀ ਮੌਤ ਹੋ ਗਈ। ਜਾਣਕਾਰੀ ਅਨੁਸਾਰ, ਪਿੰਡ ਨਿਵਾਸੀ ਵਿਸ਼ਨੂੰ ਜੈਸਵਾਲ ਦਾ ਤਿੰਨ ਸਾਲਾ ਪੁੱਤਰ ਆਯਾਂਸ਼ ਘਰ 'ਚ ਖੇਡ ਰਿਹਾ ਸੀ, ਜਦੋਂ ਉਸਨੂੰ ਅਚਾਨਕ ਬਿਜਲੀ ਦਾ ਕਰੰਟ ਲੱਗ ਗਿਆ। ਪਰਿਵਾਰ ਨੇ ਉਸਨੂੰ ਹਸਪਤਾਲ ਪਹੁੰਚਾਇਆ ਪਰ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਦੂਜੇ ਪਾਸੇ, ਜਿਵੇਂ ਹੀ ਮ੍ਰਿਤਕ ਆਯਾਂਸ਼ ਦੇ ਪਿਤਾ ਵਿਸ਼ਨੂੰ, ਜੋ ਕਿ ਉਨਾਓ ਸ਼ਹਿਰ ਵਿੱਚ ਸੀ, ਨੂੰ ਹਾਦਸੇ ਦੀ ਸੂਚਨਾ ਮਿਲੀ, ਉਹ ਤੁਰੰਤ ਆਪਣੀ ਸਾਈਕਲ 'ਤੇ ਘਰ ਲਈ ਰਵਾਨਾ ਹੋ ਗਏ। ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਰਸਤੇ ਵਿੱਚ ਇੱਕ ਅਣਪਛਾਤੇ ਵਾਹਨ ਨੇ ਵਿਸ਼ਨੂੰ ਜੈਸਵਾਲ ਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਹਾਦਸਾ ਇੰਨਾ ਭਿਆਨਕ ਸੀ ਕਿ ਵਿਸ਼ਨੂੰ ਗੰਭੀਰ ਜ਼ਖਮੀ ਹੋ ਗਿਆ। ਰਾਹਗੀਰਾਂ ਦੀ ਮਦਦ ਨਾਲ ਉਸਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਕੁਝ ਘੰਟਿਆਂ 'ਚ ਪਿਤਾ ਤੇ ਪੁੱਤਰ ਦੀ ਮੌਤ ਨੇ ਜੈਸਵਾਲ ਪਰਿਵਾਰ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ। ਪਰਿਵਾਰਕ ਮੈਂਬਰ ਬੇਹੋਸ਼ ਹਨ। ਇਲਾਕੇ 'ਚ ਸੋਗ ਹੈ। ਇੱਕੋ ਘਰ 'ਚੋਂ ਦੋ ਤਾਬੂਤਾਂ ਨੂੰ ਕੱਢਦੇ ਦੇਖ ਕੇ ਪਿੰਡ ਵਾਸੀ ਹੈਰਾਨ ਰਹਿ ਗਏ।

### ਬਿਜਲੀ ਮੁਲਾਜ਼ਮ ਦੀ ਮੌਤ

ਕੋਟਕਪੂਰਾ 30 ਜੂਨ। ਪੀ. ਐੱਸ. ਪੀ. ਸੀ. ਐੱਲ. ਸਬ-ਅਰਬਨ ਕੋਟਕਪੂਰਾ ਦੇ ਯੂ. ਡੀ. ਸੀ. ਮੈਡਮ ਰਾਜਬੀਰ ਕੌਰ ਭਿੰਡਰ ਦੀ ਵਿਦੇਸ਼ ਤੋਂ ਵਾਪਸ ਆਉਂਦੇ ਸਮੇਂ ਹਾਰਟ ਅਟੈਕ ਨਾਲ ਦੁਖਦਾਈ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉਨ੍ਹਾਂ ਦੀ ਬੇਵਕਤੀ ਮੌਤ ਦੀ ਖਬਰ ਸੁਣਦੇ ਸ਼ਹਿਰ ਅਤੇ ਬਿਜਲੀ ਦਫਤਰ ਵਿਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਪਤੀ ਅਜੇਪਾਲ ਸਿੰਘ ਭਿੰਡਰ ਨੇ ਦੱਸਿਆ ਕਿ ਰਾਜਬੀਰ ਕੌਰ ਭਿੰਡਰ ਕੈਨੇਡਾ ਪੁਲਸ ਵਿਚ ਨੌਕਰੀ ਕਰਦੇ ਆਪਣੇ ਬੇਟੇ ਅਮਿਤਾਜ ਸਿੰਘ ਨੂੰ ਐਬਟਸਫੋਰਡ ਵਿਖੇ ਮਿਲਣ ਲਈ ਗਏ ਹੋਏ ਸਨ। ਉਨ੍ਹਾਂ ਦੱਸਿਆ ਕਿ ਜਦ ਉਹ 25 ਜੂਨ ਨੂੰ ਵੈਨਕੂਵਰ ਤੋਂ ਇੰਡੀਆ ਵਾਪਸ ਆ ਰਹੇ ਸਨ ਤਾਂ ਕਲਕਤਾ ਵਿਖੇ ਉਨ੍ਹਾਂ ਨੂੰ ਦਿੱਕਤ ਆਈ ਅਤੇ ਜਹਾਜ਼ ਦੀ ਮੈਡੀਕਲ ਟੀਮ ਨੇ ਉਨ੍ਹਾਂ ਨੂੰ ਮੁਢੱਲੀ ਸਹਾਇਤਾ ਦੇ ਕੇ ਕਲਕੱਤਾ ਦੇ ਇਕ ਹਸਪਤਾਲ ਵਿਚ ਭੇਜ ਦਿੱਤਾ

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਦਿੱਲੀ ਜਲ ਬੋਰਡ: ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ

Delhi Jal Board

### ਜਨਤਕ ਨੋਟਿਸ

ਦਿੱਲੀ ਜਲ ਬੋਰਡ ਐਕਟ, 1998 ਦੀ ਧਾਰਾ 9 (1) (ਏ) ਦੇ ਅਨੁਸਾਰ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਿੱਤੀ ਅਨੁਸੂਚੀ ਵਿੱਚ ਦਰਸਾਏ ਗਏ ਦਿੱਲੀ ਰਾਜ ਦੇ ਖੇਤਰ ਵਿੱਚ, ਬੋਰਡ ਦੇ ਜਲ ਸਰੋਤ ਤੋਂ ਪਾਣੀ ਉਪਲਬਧ ਹੈ ਤਾਂ ਜੋ ਅਜਿਹੇ ਖੇਤਰ ਵਿੱਚ ਸਾਰੀਆਂ ਜਮੀਨਾਂ ਅਤੇ ਇਮਾਰਤਾਂ ਨੂੰ ਵਾਜਬ ਸਪਲਾਈ ਦਿੱਤੀ ਜਾ ਸਕੇ।

ਪਲਾਟ-ਧਾਰਕਾਂ/ਕਾਬਜਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਡੀਜੇਬੀ ਗਾਹਕ ਪੋਰਟਲ www.djb.gov.in ਰਾਹੀਂ ਪਾਣੀ ਦੇ ਕੁਨੈਕਸਨ ਦੀ ਪ੍ਰਵਾਨਗੀ ਲਈ ਔਨਲਾਈਨ ਅਰਜੀ ਦੇਣ।

ਪ੍ਰਾਪਰਟੀ ਟੈਕਸ ਲਈ ਕਲੋਨੀਆਂ ਦੀ ਸ੍ਰੇਣੀ ਦੇ ਅਨੁਸਾਰ, ਪ੍ਰਚਲਿਤ ਡੀਜੇਬੀ ਨੀਤੀ ਅਨੁਸਾਰ ਕੁਨੈਕਸਨ ਇੰਸਟਾਲੇਸਨ ਚਾਰਜ ਘਰੇਲੂ 15 ਕੁਨੈਕਸਨ ਲਈ 1000 ਰੁਪਏ ਅਤੇ ਵਪਾਰਕ 15 ਕੁਨੈਕਸਨ ਲਈ 2000 ਰੁਪਏ ਅਦਾ ਕਰਨੇ ਪੈਣਗੇ। ਪਾਣੀ ਦੇ ਕੁਨੈਕਸਨ ਦੀ ਪ੍ਰਵਾਨਗੀ ਨਾਲ ਸੀਵਰੇਜ ਕੁਨੈਕਸਨ ਆਪਣੇ ਆਪ ਮਨਜੂਰ ਹੋ ਜਾਵੇਗਾ। ਕੋਈ ਵੱਖਰਾ ਸੀਵਰੇਜ ਚਾਰਜ ਨਹੀਂ ਲਿਆ ਜਾਵੇਗਾ। ਕੁਨੈਕਸਨ ਚਾਰਜ ਦੇ ਭੁਗਤਾਨ ਤੋਂ ਬਾਅਦ, ਪਾਣੀ ਦੇ ਮੀਟਰ ਦੀ ਸਥਾਪਨਾ ਸਮੇਤ ਡੀਜੇਬੀ ਦੁਆਰਾ ਕੁਨੈਕਸਨ ਰੱਖਿਆ ਜਾਵੇਗਾ। ਲਾਗੂ ਨਿਯਮਾਂ ਅਨੁਸਾਰ 200 ਵਰਗ ਮੀਟਰ ਤੋਂ ਵੱਧ ਪਲਾਟ ਦੇ ਆਕਾਰ 'ਤੇ ਜਾਇਦਾਦਾਂ/ਯੂਨਿਟ 'ਤੇ ਬੁਨਿਆਦੀ ਢਾਂਚਾ ਖਰਚੇ ਅਦਾ ਕਰਨੇ ਪੈਣਗੇ।

**ਸਮਾਂ-ਸੂਚੀ**

| ਕ੍ਰ. ਸੰ. | ਕਾਲੋਨੀ ਦਾ ਨਾਂ | ਸਥਿਤੀ/ਚੌਹਦੀ | | | |
|---|---|---|---|---|---|
| | | ਪੂਰਬ | ਪੱਛਮ | ਉੱਤਰ | ਦੱਖਣ |
| 1 | ਕੋਟਲਾ ਵਿਹਾਰ Ph-II, (ਵਿਦਿਆਪਤੀ ਨਗਰ), ਨੰਗਲੋਈ, ਦਿੱਲੀ (UD. ਨੰਬਰ 527) | ਤਿਲੰਗਪੁਰ ਕੋਟਲਾ | ਬਪਰੋਲਾ ਪਿੰਡ | ਚੰਚਲ ਪਾਰਕ | ਨਜਫਗੜ੍ਹ ਡਰੇਨ |
| 2 | ਕੋਟਲਾ ਵਿਹਾਰ ਪੀ.ਐਚ.-1, ਨਾਂਗਲੋਈ ਨਜਫ਼ਗੜ ਰੋਡ ਦਿੱਲੀ-43 (ਰਜਿ. ਨੰ. 1005) | ਪ੍ਰਤਾਪ ਵਿਹਾਰ | ਤਿਲੰਗਪੁਰ ਕੋਟਲਾ | ਚੰਚਲ ਪਾਰਕ | ਨਜਫਗੜ੍ਹ ਡਰੇਨ |
| 3 | ਆਕਾਸ਼ ਵਿਹਾਰ, ਰਣਹੋਲਾ ਨਾਂਗਲੋਈ ਨਜਫਗੜ ਰੋਡ ਦਿਲੀ-41 (UD ਨੰ. 1059) | HP ਪਟਰੋਲ ਪੰਪ | ਪ੍ਰਤਾਪ ਵਿਹਾਰ | HP ਪਟਰੋਲ ਪੰਪ | ਨਜਫਗੜ੍ਹ ਡਰੇਨ |
| 4 | ਪ੍ਰਤਾਪ ਵਿਹਾਰ, ਸਫੀਪੁਰ ਰਣਹੁਲਾ, ਨਜਫਗੜ੍ਹ ਰੋਡ, ਨਾਂਗਲੋਈ, ਦਿੱਲੀ (UD ਨੰਬਰ 1435) | ਆਕਾਸ਼ ਵਿਹਾਰ ਰਣਹੌਲਾ | ਕੋਟਲਾ ਵਿਹਾਰ PH-I | ਭਰਮ ਪੂਰੀ | ਨਜਫਗੜ੍ਹ ਡਰੇਨ |
| 5 | ਸਤਿਅਮ ਵਿਹਾਰ PH-II ਨੇੜੇ ਬਪਰੋਲਾ ਪਿੰਡ, ਨਾਂਗਲੋਈ, ਨਜਫਗੜ ਰੋਡ, ਦਿੱਲੀ-43 (UD. ਨੰ. 482) | ਕੋਟਲਾ ਵਿਹਾਰ PH-II | ਡੀਡੀਏ ਜ਼ਮੀਨ | ਕੋਟਲਾ ਵਿਹਾਰ PH-II | ਈਡਬਲਿਊਐਸ ਹਾਊਸਿੰਗ ਸੋਸਾਇਟੀ |

ਪੀਆਰਓ (ਜਲ) ਦਵਾਰਾ ਜਾਰੀ ਕੀਤਾ ਗਿਆ
ਵਿਗਿਆਪਨ ਨੰ. ਜੇਐਸਵੀ -27/2095-26

ਈਈ (ਪ੍ਰੋਜੇਕਟ) W-IX

# ਧੀ ਤੇ ਮਾਂ ਦਾ ਸੀ ਇਕੋ ਬੰਦੇ ਨਾਲ ਅਫੇਅਰ !

**ਕੌਮੀ ਪਤ੍ਰਿਕਾ**

ਵੈੱਬ ਡੈਸਕ 30 ਜੂਨ। ਤੇਲੰਗਾਨਾ ਦੇ ਕੁਰਨੂਲ ਤੋਂ ਇੱਕ ਭਿਆਨਕ ਘਟਨਾ ਸਾਹਮਣੇ ਆਈ ਹੈ। ਇੱਕ ਰਿਸ਼ਤੇ 'ਚ ਵਿਸ਼ਵਾਸਘਾਤ ਅਤੇ ਖੂਨ-ਖਰਾਬੇ ਦੀ ਇਸ ਭਿਆਨਕ ਕਹਾਣੀ ਵਿੱਚ, ਇੱਕ ਨਵ-ਵਿਆਹੀ ਔਰਤ ਨੂੰ ਵਿਆਹ ਤੋਂ ਸਿਰਫ਼ ਇੱਕ ਮਹੀਨੇ ਬਾਅਦ ਹੀ ਆਪਣੇ ਪਤੀ ਦੀ ਬੇਰਹਿਮੀ ਨਾਲ ਹੱਤਿਆ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁੱਖ ਦੋਸ਼ੀਆਂ ਵਿੱਚ ਪੀੜਤਾ ਦੀ ਪਤਨੀ ਐਸ਼ਵਰਿਆ ਅਤੇ ਉਸਦੀ ਮਾਂ ਸੁਜਾਤਾ ਸ਼ਾਮਲ ਹਨ। ਦੋਵੇਂ ਕਥਿਤ ਤੌਰ 'ਤੇ ਇੱਕੋ ਬੈਂਕ ਕਰਮਚਾਰੀ ਨਾਲ ਨਾਜਾਇਜ਼ ਸਬੰਧਾਂ ਵਿੱਚ ਸ਼ਾਮਲ ਸਨ, ਜੋ ਹੁਣ ਫਰਾਰ ਹੈ। ਇਹ ਸਭ ਇਸ ਸਾਲ ਦੇ ਸ਼ੁਰੂ 'ਚ ਸ਼ੁਰੂ ਹੋਇਆ ਜਦੋਂ ਤੇਜੇਸ਼ਵਰ ਦੇ ਪਰਿਵਾਰ ਨੇ 13 ਫਰਵਰੀ ਨੂੰ ਕੁਰਨੂਲ ਦੀ ਇੱਕ ਮੁਟਿਆਰ ਐਸ਼ਵਰਿਆ ਨਾਲ ਉਸਦਾ ਵਿਆਹ ਤੈਅ ਕੀਤਾ। ਹੈਰਾਨ ਕਰਨ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਵਿਆਹ ਤੋਂ ਸਿਰਫ਼ ਪੰਜ ਦਿਨ ਪਹਿਲਾਂ, ਐਸ਼ਵਰਿਆ ਗਾਇਬ ਹੋ ਗਈ। ਉਸ ਦੇ ਕੁਰਨੂਲ 'ਚ ਇੱਕ ਬੈਂਕ ਕਰਮਚਾਰੀ ਨਾਲ ਭੱਜ ਜਾਣ ਦੀ ਅਫਵਾਹ ਸੀ। ਹਾਲਾਂਕਿ, ਉਹ 16 ਫਰਵਰੀ ਨੂੰ ਵਾਪਸ ਆਈ, ਇਹ ਦਾਅਵਾ ਕਰਦੇ ਹੋਏ ਕਿ ਉਹ ਦਾਜ ਦੇ ਪ੍ਰਬੰਧਾਂ ਨੂੰ ਲੈ ਕੇ ਆਪਣੀ ਮਾਂ 'ਤੇ ਦਬਾਅ ਕਾਰਨ ਇੱਕ ਦੋਸਤ ਦੇ ਘਰ ਗਈ ਸੀ। ਹੰਝੂਆਂ ਨਾਲ ਭਰੀ ਐਸ਼ਵਰਿਆ ਨੇ ਤੇਜੇਸ਼ਵਰ ਨੂੰ ਆਪਣੇ ਪਿਆਰ ਦਾ ਭਰੋਸਾ ਦਿੱਤਾ ਤੇ ਦੋਵਾਂ ਪਰਿਵਾਰਾਂ ਦੀ ਸ਼ੁਰੂਆਤੀ ਝਿਜਕ ਦੇ ਬਾਵਜੂਦ, ਉਨ੍ਹਾਂ ਨੇ 18 ਮਈ ਨੂੰ ਵਿਆਹ ਕਰਵਾ ਲਿਆ। ਵਿਆਹ ਤੋਂ ਤੁਰੰਤ ਬਾਅਦ ਮੁਸ਼ਕਲਾਂ ਸ਼ੁਰੂ ਹੋ ਗਈਆਂ। ਵਿਆਹ ਦੇ ਦੂਜੇ ਦਿਨ ਤੋਂ ਹੀ, ਤੇਜੇਸ਼ਵਰ ਨੇ ਦੇਖਿਆ ਕਿ ਐਸ਼ਵਰਿਆ ਲਗਾਤਾਰ ਫੋਨ 'ਤੇ ਗੱਲ ਕਰ ਰਹੀ ਸੀ ਤੇ ਉਸ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਹੀ ਸੀ। 17 ਜੂਨ ਨੂੰ ਤੇਜੇਸ਼ਵਰ ਦੇ ਅਚਾਨਕ ਗਾਇਬ ਹੋਣ ਤੋਂ ਬਾਅਦ ਹਾਲਾਤ ਬਦਲ ਗਏ। ਜਦੋਂ ਪੁਲਸ ਨੇ ਉਸਦੇ ਭਰਾ ਦੁਆਰਾ ਦਰਜ ਕਰਵਾਈ ਗਈ ਗੁੰਮਸ਼ੁਦਗੀ ਦੀ ਸ਼ਿਕਾਇਤ ਦੀ ਜਾਂਚ ਸ਼ੁਰੂ ਕੀਤੀ ਤਾਂ ਹੈਰਾਨ ਕਰਨ ਵਾਲੇ ਖੁਲਾਸੇ ਸਾਹਮਣੇ ਆਏ। ਪੁੱਛਗਿੱਛ ਦੌਰਾਨ, ਐਸ਼ਵਰਿਆ ਤੇ ਉਸਦੀ ਮਾਂ ਸੁਜਾਤਾ ਨੇ ਮੰਨਿਆ ਕਿ ਦੋਵਾਂ ਦਾ ਇੱਕੋ ਬੈਂਕ ਕਰਮਚਾਰੀ ਨਾਲ ਪ੍ਰੇਮ ਸਬੰਧ ਸੀ। ਸੁਜਾਤਾ ਉਸਦੀ ਲੰਬੇ ਸਮੇਂ ਤੋਂ ਸਾਥੀ ਸੀ ਤੇ ਬਾਅਦ ਵਿੱਚ ਐਸ਼ਵਰਿਆ ਵੀ ਇਸ ਰਿਸ਼ਤੇ ਵਿੱਚ ਸ਼ਾਮਲ ਹੋ ਗਈ। ਕਾਲ ਡੇਟਾ ਰਿਕਾਰਡ ਤੋਂ ਪਤਾ ਲੱਗਾ ਹੈ ਕਿ ਐਸ਼ਵਰਿਆ ਨੇ ਆਪਣੇ ਵਿਆਹ ਤੋਂ ਬਾਅਦ ਵੀ ਬੈਂਕ ਕਰਮਚਾਰੀ ਨਾਲ 2,000 ਤੋਂ ਵੱਧ ਵਾਰ ਗੱਲ ਕੀਤੀ ਸੀ। ਪੁਲਸ ਨੂੰ ਸ਼ੱਕ ਹੈ



ਕਿ ਕਤਲ ਦਾ ਕਾਰਨ ਤੇਜੇਸ਼ਵਰ ਦੀ ਜਾਇਦਾਦ ਤੇ ਐਸ਼ਵਰਿਆ ਨਾਲ ਉਸਦੇ ਲਗਾਤਾਰ ਸਬੰਧਾਂ 'ਤੇ ਉਸਦਾ ਇਤਰਾਜ਼ ਸੀ। ਮੰਨਿਆ ਜਾਂਦਾ ਹੈ ਕਿ ਫਰਾਰ ਬੈਂਕ ਕਰਮਚਾਰੀ ਨੇ ਕਾਤਲਾਂ ਨੂੰ ਠੇਕੇ 'ਤੇ ਰੱਖਿਆ ਸੀ ਤੇ ਆਪਣੇ ਡਰਾਈਵਰ ਨੂੰ ਵੀ ਨਾਲ ਭੇਜਿਆ ਸੀ। ਕਾਤਲਾਂ ਨੇ ਤੇਜੇਸ਼ਵਰ ਨੂੰ 10 ਏਕੜ ਜ਼ਮੀਨ ਦਾ ਸਰਵੇਖਣ ਕਰਨ ਦੇ ਬਹਾਨੇ ਇੱਕ ਗੱਡੀ 'ਚ ਬਿਠਾਇਆ। ਜਿਵੇਂ ਹੀ ਉਹ ਅੰਦਰ ਵੜਿਆ, ਉਨ੍ਹਾਂ ਨੇ ਉਸ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ ਅਤੇ ਬੇਰਹਿਮੀ ਨਾਲ ਉਸਦਾ ਕਤਲ ਕਰ ਦਿੱਤਾ ਅਤੇ ਉਸਦੀ ਲਾਸ਼ ਪਨਯਾਮ ਨੇੜੇ ਸੁੱਟ ਦਿੱਤੀ। ਪੁਲਸ ਨੇ ਐਸ਼ਵਰਿਆ ਅਤੇ ਉਸਦੀ ਮਾਂ ਸੁਜਾਤਾ ਨੂੰ ਗ੍ਰਿਫਤਾਰ ਕਰ ਲਿਆ ਹੈ। ਕਤਲ ਵਿੱਚ ਸ਼ਾਮਲ ਬੈਂਕ ਕਰਮਚਾਰੀ ਅਤੇ ਹੋਰ ਅਪਰਾਧੀਆਂ ਦਾ ਪਤਾ ਲਗਾਉਣ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਸਾਜ਼ਿਸ਼ ਦੇ ਪੂਰੇ ਦਾਇਰੇ ਨੂੰ ਖੋਲ੍ਹਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

## ਭਿਆਨਕ ਹਾਦਸੇ ਵਿਚ ਪਿਓ-ਪੁੱਤ ਦੀ ਮੌਤ, ਘਟਨਾ ਦਾ ਮੰਜ਼ਰ ਦੇਖ ਕੰਬ ਗਏ ਲੋਕ

ਮੋਗਾ 30 ਜੂਨ। ਮੋਗਾ ਦੇ ਕਸਬਾ ਬਾਘਾ ਪੁਰਾਣਾ ਕੋਲ ਇਕ ਸੜਕ ਹਾਦਸਾ ਵਾਪਰ ਗਿਆ, ਜਿਸ ਵਿਚ ਪਿਓ-ਪੁੱਤ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਇਕ ਕਰੇਟਾ ਗੱਡੀ ਅਤੇ ਮੋਟਰਸਾਈਕਲ ਵਿਾਲੇ ਜ਼ੋਰਦਾਰ ਟੱਕਰ ਹੋ ਗਈ, ਜਿਸ 'ਚ ਪਿਤਾ ਬਸੰਤ ਸਿੰਘ (50) ਅਤੇ ਪੁੱਤਰ ਕਰਮਜੀਤ ਸਿੰਘ (25) ਦੀ ਮੌਤ ਹੋ ਗਈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਦੋਵੇਂ ਪਿਓ-ਪੁੱਤ ਆਪਣੇ ਮੋਟਰਸਾਈਕਲ ਵਿਚ ਤੇਲ ਪਵਾ ਕੇ ਰੋਡ ਉਪਰ ਚੜ੍ਹਨ ਹੀ ਲੱਗੇ ਸਨ ਕਿ ਉਥੋਂ ਤੇਜ਼ ਰਫ਼ਤਾਰ ਕ੍ਰੇਟਾ ਗੱਡੀ ਨੇ ਉਨ੍ਹਾਂ ਵਿਚ ਟੱਕਰ ਮਾਰ ਦਿੱਤੀ, ਜਿਸ ਤੋਂ ਬਾਅਦ ਦੋਵੇਂ ਪਿਓ-ਪੁੱਤ ਹਾਦਸੇ ਵਿਚ ਗੰਭੀਰ ਜ਼ਖਮੀ ਹੋਏ ਗਏ ਅਤੇ ਥੋੜੀ ਦੇਰ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਪੁਲਸ ਵੀ ਮੌਕੇ 'ਤੇ ਪਹੁੰਚ ਗਈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਮੁਤਾਬਕ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਮੈਡੀਕਲ ਕਾਲਜ 'ਚ ਸਰਜਰੀ ਲਈ ਦਾਖ਼ਲ ਕੁੜੀ ਨਾਲ ਜਬਰ ਜ਼ਿਨਾਹ

**ਕੌਮੀ ਪਤ੍ਰਿਕਾ**

ਮੇਰਠ 30 ਜੂਨ। ਉੱਤਰ ਪ੍ਰਦੇਸ਼ 'ਚ ਮੇਰਠ ਦੇ ਸਰਕਾਰੀ ਮੈਡੀਕਲ ਕਾਲਜ 'ਚ ਪੈਰ ਦੇ ਆਪ੍ਰੇਸ਼ਨ ਲਈ ਦਾਖਲ ਇਕ ਕੁੜੀ ਨਾਲ ਇਕ ਹੋਰ ਮਰੀਜ਼ ਦੇ ਦੇਖਭਾਲ ਕਰਨ ਵਾਲੇ ਨੇ ਕਥਿਤ ਤੌਰ 'ਤੇ ਜਬਰ ਜ਼ਿਨਾਹ ਕੀਤਾ, ਜਿਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਕ ਪੁਲਿਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਘਟਨਾ ਦੀ ਪੁਸ਼ਟੀ ਕਰਦੇ ਹੋਏ, ਸੀਨੀਅਰ ਪੁਲਸ ਸੁਪਰਡੈਂਟ ਵਿਪਿਨ ਟਾਡਾ ਨੇ ਦੱਸਿਆ ਕਿ ਮੈਡੀਕਲ ਥਾਣਾ ਪੁਲਸ ਨੇ 15 ਸਾਲਾ ਪੀੜਤਾ ਦੀ ਮਾਂ ਦੀ ਸ਼ਿਕਾਇਤ 'ਤੇ ਰਿਪੋਰਟ ਦਰਜ ਕੀਤੀ ਹੈ ਅਤੇ ਐਤਵਾਰ ਰਾਤ ਨੂੰ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੀੜਤਾ ਦਾ ਅੱਜ ਡਾਕਟਰੀ ਮੁਆਇਨਾ ਕੀਤਾ ਜਾਵੇਗਾ। ਪੁਲਸ ਸੂਤਰਾਂ ਅਨੁਸਾਰ, ਪੀੜਤਾ ਨੂੰ ਪੈਰ ਦੇ ਆਪ੍ਰੇਸ਼ਨ ਲਈ 20 ਜੂਨ ਨੂੰ ਮੈਡੀਕਲ ਕਾਲਜ 'ਚ ਦਾਖਲ ਕਰਵਾਇਆ ਗਿਆ ਸੀ। ਉਤਰਾਖੰਡ ਦੇ ਕਾਸ਼ੀਪੁਰ ਦਾ ਰਹਿਣ ਵਾਲਾ ਮੋਹਿਤ ਨਾਮ ਦਾ ਇਕ ਨੌਜਵਾਨ ਵੀ ਇਸੇ ਵਾਰਡ 'ਚ ਦਾਖਲ ਕਰਵਾਇਆ ਗਿਆ ਸੀ। ਪੀੜਤਾ ਦੀ ਮਾਂ ਅਨੁਸਾਰ ਘਟਨਾ ਦੀ ਰਾਤ ਕੁੜੀ ਟਾਇਲਟ ਗਈ ਸੀ, ਜਿੱਥੇ ਮੋਹਿਤ ਦੇ ਭਰਾ ਰੋਹਿਤ ਨੇ ਉਸ ਨਾਲ ਜਬਰ ਜ਼ਿਨਾਹ ਕੀਤ ਅਤੇ ਵਿਰੋਧ ਕਰਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਸ਼ਿਕਾਇਤ ਅਨੁਸਾਰ ਕੁੜੀ ਨੇ ਡਰ ਕਾਰਨ 2 ਦਿਨ ਤੱਕ ਕੁਝ ਨਹੀਂ ਦੱਸਿਆ ਪਰ ਫਿਰ ਉਸ ਨੇ ਐਤਵਾਰ ਸ਼ਾਮ ਨੂੰ ਆਪਣੀ ਮਾਂ ਨੂੰ ਪੂਰੀ ਘਟਨਾ ਦੀ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਮੈਡੀਕਲ ਥਾਣੇ 'ਚ ਮੁਕੱਦਮੇ ਈ ਸ਼ਿਕਾਇਤ ਦਿੱਤੀ ਗਈ। ਮੈਡੀਕਲ



ਥਾਣਾ ਇੰਚਾਰਜ ਸ਼ੀਲੇਸ਼ ਕੁਮਾਰ ਯਾਦਵ ਨੇ ਦੱਸਿਆ ਕਿ ਮੁਲਜ਼ਮ ਰੋਹਿਤ (20) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਵਧੀਕ ਪੁਲਸ ਸੁਪਰਡੈਂਟ ਆਯੂਸ਼ ਵਿਕਰਮ ਸਿੰਘ ਨੇ ਦੱਸਿਆ ਕਿ ਮਾਮਲੇ 'ਚ ਡਿਊਟੀ 'ਤੇ ਤਾਇਨਾਤ ਕਰਮਚਾਰੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸੀਸੀਟੀਵੀ ਫੁਟੇਜ ਦੇਖੇ ਜਾ ਰਹੇ ਹਨ। ਦੋਸ਼ੀ ਪਾਏ ਜਾਣ ਵਾਲਿਆਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## 24 ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ 'ਚ ਅਧਿਆਪਕ ਗ੍ਰਿਫ਼ਤਾਰ

ਸ਼ਿਮਲਾ 30 ਜੂਨ। ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਇਕ ਸਰਕਾਰੀ ਸਕੂਲ 'ਚ 24 ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ 'ਚ ਇਕ ਅਧਿਆਪਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। 8ਵੀਂ ਤੋਂ 10ਵੀਂ ਜਮਾਤ ਦੀਆਂ



ਵਿਦਿਆਰਥਣਾਂ ਨੇ ਸਕੂਲ ਪ੍ਰਿੰਸੀਪਲ ਨੂੰ ਛੇੜਛਾੜ ਦੀ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਸਕੂਲ ਪ੍ਰਸ਼ਾਸਨ ਨੇ ਪੁਲਸ ਨੂੰ ਸੂਚਿਤ ਕੀਤਾ ਅਤੇ ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਕੂਲ ਪ੍ਰਸ਼ਾਸਨ ਨੇ ਕਿਹਾ ਕਿ ਸ਼ੁੱਕਰਵਾਰ ਨੂੰ 24 ਵਿਦਿਆਰਥਣਾਂ ਨੇ ਪ੍ਰਿੰਸੀਪਲ ਨੂੰ ਇਕ ਲਿਖਤੀ ਸ਼ਿਕਾਇਤ ਦਿੱਤੀ ਜਿਸ 'ਚ ਦੋਸ਼ ਲਗਾਇਆ ਗਿਆ ਸੀ ਕਿ ਅਧਿਆਪਕ ਨੇ ਉਨ੍ਹਾਂ ਨੂੰ ਗਲਤ ਢੰਗ ਨਾਲ ਛੂਹਿਆ ਹੈ। ਸਕੂਲ ਪ੍ਰਸ਼ਾਸਨ ਨੇ ਕਿਹਾ ਕਿ ਸ਼ਿਕਾਇਤ ਸਕੂਲ ਦੀ ਜਿਨਸੀ ਸ਼ੋਸ਼ਣ ਵਿਰੋਧੀ ਕਮੇਟੀ ਨੂੰ ਭੇਜੀ ਗਈ ਸੀ। ਉਨ੍ਹਾਂ ਕਿਹਾ ਕਿ ਸ਼ਨੀਵਾਰ ਨੂੰ ਵਿਦਿਆਰਥਣਾਂ ਦੇ ਮਾਪਿਆਂ ਨੂੰ ਮੀਟਿੰਗ ਲਈ ਬੁਲਾਇਆ ਗਿਆ ਸੀ ਅਤੇ ਇਹ ਪਾਇਆ ਗਿਆ ਕਿ ਉਨ੍ਹਾਂ 'ਚੋਂ ਜ਼ਿਆਦਾਤਰ ਨੂੰ ਆਪਣੀ ਕੁੜੀ ਨਾਲ ਹੋਈ ਛੇੜਛਾੜ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪੁਲਸ ਸੂਤਰਾਂ ਨੇ ਦੱਸਿਆ ਕਿ ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ ਭਾਰਤੀ ਦੰਡ ਸੰਹਿਤਾ ਦੀ ਧਾਰਾ 75 (ਜਿਨਸੀ ਸ਼ੋਸ਼ਣ) ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਐਕਟ ਦੀਆਂ ਸੰਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

### ਮੋਗਾ ਪੁਲਸ ਦੀ ਵੱਡੀ ਕਾਰਵਾਈ, ਦੋ ਤਸਕਰ ਹਥਿਆਰਾਂ ਸਮੇਤ ਗ੍ਰਿਫ਼ਤਾਰ

ਮੋਗਾ 30 ਜੂਨ। ਸੀ. ਆਈ. ਏ. ਸਟਾਫ ਮੋਗਾ ਵੱਲੋਂ 310 ਗ੍ਰਾਮ ਹੈਰੋਇਨ, 2 ਨਜਾਇਜ ਅਸਲਿਆਂ, 40 ਹਜ਼ਾਰ ਰੁਪਏ ਡਰੱਗ ਮਨੀ ਅਤੇ ਇਕ ਕਾਰ ਸਮੇਤ 2 ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਡੀ. ਐਸ. ਪੀ. ਡੀ. ਸੁੱਖਅਮ੍ਰਿਤ ਸਿੰਘ ਉੱਪ ਕਪਤਾਨ ਪੁਲਸ (ਡੀ) ਨੇ ਦੱਸਿਆ



ਕਿ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਸੀ.ਆਈ.ਏ ਸਟਾਫ ਮੋਗਾ ਦੀ ਪੁਲਸ ਵੱਲੋਂ 2 ਸਮੱਗਲਰਾਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 310 ਗ੍ਰਾਮ ਹੈਰੋਇਨ, ਦੋ ਨਜਾਇਜ਼ ਅਸਲੇ (ਇਕ ਪਿਸਟਲ ਦੇਸੀ 30 ਬੋਰ ਅਤੇ ਇਕ ਕੱਟਾ 315 ਬੋਰ), 40 ਹਜ਼ਾਰ ਰੁਪਏ ਡਰੱਗ ਮਨੀ ਅਤੇ ਕਾਰ ਰੰਗ ਸਿਲਵਰ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਕਾਬੂ ਕੀਤੀ ਮਹਿਲਾ ਕਰਮਵੀਰ ਕੌਰ ਕਿਰਨਾ ਅਤੇ ਆਕਾਸ਼ਦੀਪ ਸਿੰਘ ਉਰਫ ਨਿੱਕਾ 'ਤੇ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਰਮਵੀਰ ਕੌਰ ਉਰਫ ਕਿਰਨਾ ਪਤਨੀ ਬਲਤੇਜ ਸਿੰਘ ਵਾਸੀ ਭਲੂਰ ਜ਼ਿਲਾ ਮੋਗਾ ਹਾਲ ਨਵੀਂ ਦਾਨਾ ਮੰਡੀ ਮੋਗਾ ਅਤੇ ਅਕਾਸ਼ਦੀਪ ਸਿੰਘ ਉਰਫ ਨਿੱਕਾ ਪੁੱਤਰ ਕੁਲਵੰਤ ਸਿੰਘ ਵਾਸੀ ਲਧਾਈਕੇ ਜ਼ਿਲਾ ਮੋਗਾ ਜੋ ਮਿਲ ਕੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਅਤੇ ਇਨ੍ਹਾਂ ਪਾਸ ਨਜਾਇਜ਼ ਅਸਲੇ ਵੀ ਹਨ, ਜੋ ਅੱਜ ਵੀ ਕਾਰ 'ਤੇ ਸਵਾਰ ਹੋ ਕੇ ਨੇੜੇ ਲਿੰਕ ਰੋਡ ਪਿੰਡ ਮੱਲੇਆਣਾ ਬਾਈਪਾਸ ਮੇਨ ਹਾਈਵੇਅ ਮੋਗਾ-ਬਰਨਾਲਾ ਬਾ ਹੱਦ ਰਕਬਾ ਬੱਧਨੀ ਕਲਾਂ ਪਾਸ ਖੜ੍ਹੇ ਹੈਰੋਇਨ ਵੇਚਣ ਲਈ ਗਾਹਕਾ ਦੀ ਉਡੀਕ ਕਰ ਰਹੇ ਹਨ।

### ਨਡਾਲਾ 'ਚ ਚੋਰਾਂ ਦਾ ਆਤੰਕ, 3 ਘਰਾਂ 'ਚੋਂ ਨਕਦੀ ਤੇ ਗਹਿਣੇ ਕੀਤੇ ਚੋਰੀ

ਨਡਾਲਾ 30 ਜੂਨ। ਡਾ. ਮਿਹਰ ਸਿੰਘ ਕਾਲੋਨੀ ਨੇੜੇ ਬਣੀ ਪ੍ਰਵਾਸੀ ਭਾਰਤੀ ਪਰਮਜੀਤ ਸਿੰਘ ਮੱਟੂ ਦੀ ਕੋਠੀ 'ਚ ਕਿਰਾਏ 'ਤੇ ਰਹਿੰਦੇ ਦੋ ਪਰਿਵਾਰਾਂ ਦੇ ਘਰ ਚਿੱਟੇ ਦਿਨ ਚੋਰਾਂ ਨੇ ਦਾਖ਼ਲ ਹੋ ਕੇ ਅੰਦਰ ਨਕਦੀ ਅਤੇ ਗਹਿਣੇ ਚੋਰੀ ਕਰ ਲਏ। ਕੋਠੀ ਦੇ ਉਪਰਲੇ ਹਿੱਸੇ 'ਚ ਰਹਿੰਦੇ ਪਰਿਵਾਰ 'ਚੋਂ ਮਨੀਸ਼ਾ ਪੁੱਤਰੀ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਨਡਾਲਾ ਵਿਖੇ ਸੈਲੂਨ ਵਿਖੇ ਕੰਮ ਕਰਦੀ ਹੈ ਅਤੇ ਉਹ ਬੀਤੇ ਦਿਨ 11 ਵਜੇ ਸੈਲੂਨ 'ਤੇ ਚਲੀ ਗਈ ਤੇ ਬਾਕੀ ਪਰਿਵਾਰ ਵਾਲੇ ਆਪੋ-ਆਪਣੇ ਕੰਮ 'ਤੇ ਚਲੇ ਗਏ ਸਨ। ਦੁਪਿਹਰ 2 ਕੁ ਵਜੇ ਗੁਆਂਢੀਆਂ ਦਾ ਫੋਨ ਆਇਆ ਕਿ ਤੁਹਾਡੇ ਘਰ ਚੋਰੀ ਹੋ ਗਈ ਹੈ। ਜਦ ਮੈਂ ਆ ਕੇ ਵੇਖਿਆ ਤਾਂ ਕਮਰੇ ਖੁੱਲ੍ਹੇ ਹੋਏ ਅਤੇ ਅਲਮਾਰੀਆਂ ਅਤੇ ਪੇਟੀਆਂ 'ਚੋਂ ਸਾਮਾਨ ਖਿਲਰਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੌਰਾਨ ਉਨ੍ਹਾਂ ਦੇ ਗਹਿਣੇ ਅਤੇ ਨਕਦੀ ਚੋਰੀ ਹੈ, ਜਿਸ ਦੀ ਕੁੱਲ੍ਹ ਰਕਮ 5 ਲੱਖ ਰੁਪਏ ਬਣਦੀ ਹੈ। ਇਸੇ ਤਰ੍ਹਾਂ ਕੋਠੀ ਦੇ ਥੱਲੇ ਵਾਲੇ ਹਿੱਸੇ 'ਚ ਕਿਰਾਏ ਤੇ ਰਹਿੰਦੇ ਮਨਜੀਤ ਕੌਰ ਪਤਨੀ ਕੁਲਦੀਪ ਸਿੰਘ ਨੇ ਦੱਸਿਆ ਕਿ ਅਸੀ ਵੀ ਉਕਤ ਸਮੇਂ ਨਡਾਲਾ ਦੀ ਸਾਹੀ ਮਾਰਕਿਟ 'ਚ ਰੋਜ਼ਾਨਾ ਦੀ ਤਰ੍ਹਾਂ ਆਪਣੀ ਦਰਜ਼ੀ ਦੀ ਦੁਕਾਨ 'ਤੇ ਚਲੇ ਗਏ ਅਤੇ ਫੋਨ ਆਇਆ ਕਿ ਚੋਰੀ ਹੋ ਗਈ ਹੈ। ਜਦ ਆ ਕੇ ਵੇਖਿਆ ਕਿ ਅਲਮਾਰੀਆਂ ਅਤੇ ਪੇਟੀਆਂ 'ਚੋਂ ਸਾਮਾਨ ਖਿਲਰਿਆ ਪਿਆ ਸੀ। ਉਨ੍ਹਾਂ ਦੱਸਿਆ ਕਿ ਇਸ ਘਟਨਾ 'ਚ ਉਨ੍ਹਾਂ ਦੀ ਤੋਲੇ-ਤੋਲੇ ਦੀਆਂ ਦੋ ਮੁੰਦਰੀਆਂ, ਵਾਲੀਆਂ ਅਤੇ ਚੇਨ ਚੋਰੀ ਹੋਈ ਅਤੇ ਇਸ ਘਟਨਾ ਸਬੰਧੀ ਨਡਾਲਾ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਇਸੇ ਤਰ੍ਹਾਂ ਚੋਰਾਂ ਨੇ ਚਿੱਟੇ ਦਿਨ ਮੀਰੀ ਪੀਰੀ ਡੇਅਰੀ ਲਾਗੇ ਘਰ 'ਚ ਦਾਖ਼ਲ ਹੋ ਕੇ ਗਹਿਣੇ ਚੋਰੀ ਕਰ ਲਏ। ਜਾਣਕਾਰੀ ਦਿੰਦਿਆਂ ਮਨਜੀਤ ਸਿੰਘ ਲਹੌਰੀਆ ਵਾਸੀ ਨਡਾਲਾ ਨੇ ਦੱਸਿਆ ਕਿ ਉਸ ਦਾ ਪਰਿਵਾਰ ਵਿਦੇਸ਼ ਗਿਆ ਹੋਇਆ ਹੈ ਅਤੇ ਘਰ 'ਚ ਉਹ ਇਕੱਲਾ ਹੀ ਰਹਿੰਦਾ ਹੈ। ਬੀਤੇ ਦਿਨ ਸਵੇਰੇ 11.30 ਕੁ ਵਜੇ ਉਹ ਅੱਡਾ ਨਡਾਲਾ ਵਿਖੇ ਟੈਕਸੀ ਸਟੈਂਡ 'ਤੇ ਗਿਆ ਸੀ, ਜਦ 3 ਕੁ ਵਜੇ ਘਰੇ ਆਇਆ ਤਾਂ ਵੇਖਿਆ ਕਿ ਅੰਦਰ ਕਮਰਿਆਂ 'ਚ ਪਈਆਂ ਅਲਮਾਰੀਆਂ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ।

# ਗੈਂਗਸਟਰਾਂ ਦੇ ਨਾਂ 'ਤੇ ਬੇਕਰੀ ਮਾਲਕ ਤੋਂ ਮੰਗੀ ਫਿਰੌਤੀ

**ਕੌਮੀ ਪਤ੍ਰਿਕਾ**

ਨਕੋਦਰ 30 ਜੂਨ। ਨਕੋਦਰ ਦੇ ਬੇਕਰੀ ਮਾਲਕ ਤੋਂ ਲੱਖਾ ਰੁਪਏ ਫਿਰੌਤੀ ਮੰਗਣ ਦੇ ਮਾਮਲੇ ਨੂੰ ਸਿਟੀ ਪੁਲਸ ਨੇ ਹੱਲ ਕਰ ਫਿਰੌਤੀ ਲੈਣ ਆਏ ਦੋ ਨੌਜਵਾਨਾਂ ਨੂੰ ਮੋਬਾਈਲ ਫੋਨ ਅਤੇ ਮੋਟਰਸਾਈਕਲ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਡੀ.ਐੱਸ ਪੀ.ਨਕੋਦਰ ਸੁਖਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋ ਲਗਾਤਾਰ ਨਕੋਦਰ ਦੇ ਇੱਕ ਬੇਕਰੀ ਮਾਲਕ ਨੂੰ ਜਾਨੋ ਮਾਰਨ ਦਾ ਡਰਾਵਾ ਦੇ ਕਿ ਵਿਦੇਸ਼ ਵਿੱਚ ਰਹਿੰਦੇ ਨੌਜਵਾਨਾਂ ਨੇ ਗੈਂਗਸਟਰ ਕੌਸ਼ਲ ਦੇ ਨਾਮ' ਤੇ ਮੰਗੀ ਸੀ ਫਿਰੌਤੀ ਦੀ ਮੰਗ ਕੀਤੀ ਜਾ ਰਹੀ ਸੀ। ਜਿਸ ਸਬੰਧੀ ਥਾਣਾ ਸਿਟੀ ਨਕੋਦਰ ਵਿੱਚ ਮਾਮਲਾ ਦਰਜ ਕਰ ਡੂੰਘਾਈ ਅਤੇ ਟੈਕਨੀਕਲ ਤਰੀਕੇ ਨਾਲ ਜਾਂਚ ਕਰ 4 ਮੁਲਜ਼ਮਾਂ ਵਿੱਚ ਨਾਮਜਦ ਕੀਤਾ ਗਿਆ। ਜਿਨਾਂ ਦੀ ਪਛਾਣ ਸੁਖਜਿੰਦਰ ਸਿੰਘ ਉਰਫ ਸੰਨੀ ਵਾਸੀ ਨਵਾ ਪਿੰਡ ਦੋਨੇਵਾਲ, ਰਮਨਦੀਪ ਸਿੰਘ ਵਾਸੀ ਪੂਰੇਵਾਲ ਕਾਲੋਨੀ ਨਕੋਦਰ, ਸਾਈਅਨ ਉਰਫ ਸੈਮ ਪੁੱਤਰ ਇੰਦਰਾਸਨ ਵਾਸੀ ਮੁਹੱਲਾ ਸੁੰਦਰ ਨਗਰ ਨਕੋਦਰ ਅਤੇ ਅੱਦਿਤਿਆ ਰਾਏ ਉਰਫ ਮਨੀਸ਼ ਪੁੱਤਰ ਨਰੇਸ਼ ਕੁਮਾਰ ਵਾਸੀ ਪੁਰੇਵਾਲ ਕਾਲੋਨੀ ਨਕੋਦਰ ਵਜੋ ਹੋਈ ਹੈ। ਸਿਟੀ ਥਾਣਾ ਮੁਖੀ ਇੰਸ. ਅਮਨ ਸੈਣੀ ਦੀ ਅਗਵਾਈ ਹੇਠ ਵੱਖ-ਵੱਖ ਨੇ ਟਰੈਪ ਲਗਾ ਕੇ ਫਿਰੌਤੀ ਲੈਣ ਅਤੇ ਅੱਦਿਤਿਆ ਰਾਏ ਉਰਫ ਮਨੀਸ਼ ਪੁੱਤਰ ਨਰੇਸ਼ ਕੁਮਾਰ ਅਤੇ ਸਾਈਅਨ ਉਰਫ ਸੈਮ ਪੁੱਤਰ ਨੂੰ ਕਾਬੂ ਕਰ ਫਿਰੌਤੀ ਮੰਗਣ ਲਈ ਵਰਤੇ 3 ਮੋਬਾਇਲ ਫੋਨ ਅਤੇ ਇੱਕ ਮੋਟਰਸਾਇਕਲ ਬਰਾਮਦ ਕੀਤਾ ਗਿਆ। ਡੀ.ਐੱਸ ਪੀ.ਨਕੋਦਰ ਸੁਖਪਾਲ ਸਿੰਘ ਅਤੇ ਸਿਟੀ ਥਾਣਾ ਮੁਖੀ ਇੰਸ. ਅਮਨ ਸੈਣੀ ਨੇ ਦੱਸਿਆ ਕਿ ਜਾਂਚ ਦੌਰਾਨ ਖੁਲਾਸਾ ਹੋਇਆ ਕਿ ਫਿਰੌਤੀ ਮੰਗਣ ਦੇ ਉਕਤ ਮਾਮਲੇ ਦੇ ਮੁੱਖ ਸਰਗਣੇ ਸੁਖਜਿੰਦਰ ਸਿੰਘ ਉਰਫ ਸੰਨੀ (ਇੰਗਲੈਂਡ)



ਅਤੇ ਰਮਨਦੀਪ ਸਿੰਘ (ਕਨੈਡਾ) ਵਿੱਚ ਰਹਿੰਦੇ ਹਨ। ਜਿੰਨਾਂ ਨੇ ਗੈਂਗਸਟਰ ਕੋਸ਼ਲ ਦਾ ਨਾਮ ਲੈ ਕੇ ਨਕੋਦਰ ਦੇ ਬੇਕਰੀ ਮਾਲਕ ਨੂੰ ਕਈ ਵਾਰ ਫ਼ੋਨ ਕਰ ਜਾਨੋਂ ਮਾਰਣ ਦੀ ਧਮਕੀ ਦਿੱਤੀ ਅਤੇ ਕਿਹਾ ਕਿ ਜੇਕਰ ਉਸ ਨੇ 30 ਲੱਖਾਂ ਰੁਪਏ ਦੀ ਫਿਰੌਤੀ ਨਹੀਂ ਦਿੱਤੀ ਤਾਂ ਉਸਦੇ ਕਾਰੋਬਾਰ ਅਤੇ ਪਰਿਵਾਰ ਨੂੰ ਨੁਕਸਾਨ ਪਹੁੰਚਾਇਆ ਜਾਵੇਗਾ। ਇਨ੍ਹਾਂ ਦੀ 10 ਲੱਖ ਰੁਪਏ ਵਿੱਚ ਗੱਲ ਤਹਿ ਹੋ ਗਈ ਸੀ। ਜਿਸ ਨੂੰ ਲੈਣ ਲਈ ਉਕਤ ਨੌਜਵਾਨ ਅੱਦਿਤਿਆ ਰਾਏ ਉਰਫ ਮਨੀਸ਼ ਅਤੇ ਸਾਈਅਨ ਉਰਫ ਸੈਮ ਮੋਟਰਸਾਈਕਲ 'ਤੇ ਆਏ ਸਨ। ਜਿਸ ਵਿੱਚੋਂ ਇਨ੍ਹਾਂ ਨੂੰ ਸਿਰਫ 2 ਲੱਖ ਰੁਪਏ ਮਿਲਣੇ ਸਨ। ਡੀ.ਐੱਸ ਪੀ. ਸੁਖਪਾਲ ਸਿੰਘ ਅਤੇ ਸਿਟੀ ਥਾਣਾ ਮੁਖੀ ਇੰਸ. ਅਮਨ ਸੈਣੀ ਨੇ ਦੱਸਿਆ ਕਿ ਦੌਰਾਨੇ ਪੁੱਛਗਿਛ ਅੱਦਿਤਿਆ ਰਾਏ ਉਰਫ ਮਨੀਸ਼ ਵੱਲੋ ਫਿਰੌਤੀ ਦੀਆਂ 2 ਹੋਰ ਵਾਰਦਾਤਾਂ ਦਾ ਖੁਲਾਸਾ ਕਰਦੇ ਹੋਏ ਦੱਸਿਆ ਕਿ ਵਿਦੇਸ਼ ਵਿਚ ਰਹਿੰਦੇ ਉਕਤ ਸੁਖਜਿੰਦਰ ਤੇ ਰਮਨਦੀਪ ਵੱਲੋ ਪਹਿਲਾ ਵੀ ਲੋਹੀਆਂ ਦੇ ਕੇ ਸੁਨਿਆਰੇ ਤੋਂ 30 ਲੱਖ ਦੀ ਰੁਪਏ ਅਤੇ ਪੈਟਰੋਲ ਪੰਪ ਮਾਲਕ ਤੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗ ਚੁੱਕੇ ਹਨ। ਇਨ੍ਹਾਂ ਦੇ ਕਹਿਣ 'ਤੇ ਉਸ ਵੱਲੋ ਜਿਊਲਰ ਸ਼ੋਪ ਅਤੇ ਪੈਟਰੋਲ ਪੰਪ ਮਾਲਕ ਦੀ ਰੇਕੀ ਕੀਤੀ ਗਈ ਸੀ। ਜਿਸ ਸਬੰਧੀ ਥਾਣਾ ਲੋਹੀਆ ਵਿੱਚ 2 ਵੱਖ-ਵੱਖ ਮਾਮਲੇ ਦਰਜ ਹਨ। ਮੁਲਾਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰ ਅਜਿਹੀਆਂ ਹੋਰ ਵਾਰਦਾਤਾਂ ਸਬੰਧੀ ਗੰਭੀਰਤਾਂ ਨਾਲ ਪੁੱਛਗਿੱਛ ਕੀਤਾ ਜਾ ਰਿਹਾ ਹੈ।

## ਵਿਆਹ ਤੋਂ ਪਹਿਲਾਂ ਹੀ ਗ੍ਰੰਥੀ ਨੇ ਕਰ 'ਤਾ ਵੱਡਾ ਕਾਂਡ

ਜਗਰਾਓਂ/ਸਿੱਧਵਾਂ ਬੇਟ 30 ਜੂਨ। ਪੰਜਾਬ ਸਰਕਾਰ ਵਲੋਂ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਸੀ. ਆਈ. ਏ. ਸਟਾਫ਼ ਜਗਰਾਓਂ ਦੀ ਪੁਲਸ ਪਾਰਟੀ ਵਲੋਂ ਇਕ ਵੱਡੇ ਨਸ਼ਾ ਤਸਕਰ ਨੂੰ 2 ਕਿੱਲੋ 503 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਉਕਤ ਨਸ਼ਾ ਤਸਕਰ ਦਾ 16 ਜੁਲਾਈ ਨੂੰ ਵਿਆਹ ਹੋਣ ਵਾਲਾ ਸੀ ਪਰ ਘੋੜੀ ਚੜ੍ਹਨ ਤੋਂ ਪਹਿਲਾਂ ਹੀ ਉਸ ਨੂੰ ਪੁਲਸ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸੀ. ਆਈ. ਏ. ਸਟਾਫ਼ ਜਗਰਾਓਂ ਦੇ ਮੁਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਮੁਤਾਬਕ ਸੀ. ਆਈ. ਏ. ਦੇ ਸਬ-ਇੰਸਪੈਕਟਰ ਗੁਰਸੇਵਕ ਸਿੰਘ ਸਾਥੀ ਕਰਮਚਾਰੀਆਂ ਦੇ ਨਾਲ ਚੈਕਿੰਗ ਸਬੰਧੀ ਇਲਾਕੇ 'ਚ ਗਸ਼ਤ 'ਤੇ ਸਨ। ਇਸ ਦੌਰਾਨ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਪ੍ਰੀਤ ਸਿੰਘ ਉਰਫ਼ ਸਾਜਨ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਵਡਾਲਾ 'ਚ ਗੁਰਦੁਆਰੇ ਦਾ ਗ੍ਰੰਥੀ ਜ਼ਿਲ੍ਹਾ ਗੁਰਦਾਸਪੁਰ ਵੱਡੀ ਪੱਧਰ 'ਤੇ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ। ਉਹ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਸਪਲਾਈ ਕਰਦਾ ਹੈ। ਨਾਕਾਬੰਦੀ ਕਰ ਕੇ ਹਾਈਟੈੱਕ ਨਾਕਾ ਪੁਲ ਦਰਿਆ ਸਤਲੁਜ 'ਤੇ ਮੁਲਜ਼ਮ ਨੂੰ ਸਮੇਤ ਮੋਟਰਸਾਈਕਲ ਕਾਬੂ ਕਰ ਕੇ ਉਸ ਤੋਂ 2 ਕਿੱਲੋ 503 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਉਸ ਦੇ ਬੈਗ ਵਿਚੋਂ ਇਲੈਕਟ?ਰੋਨਿਕ ਕੰਡਾ ਵੀ ਬਰਾਮਦ ਹੋਇਆ। ਐੱਸ. ਐੱਸ. ਪੀ. ਅੰਕੁਰ ਗੁਪਤਾ ਨੇ ਦੱਸਿਆ ਕਿ ਮੁਲਜ਼ਮ ਦਾ 3 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਉਸ ਕੋਲੋਂ ਹੋਰ ਵੀ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ।

## ਗੁਰਦੁਆਰਾ ਸਾਹਿਬ 'ਚ ਗ੍ਰੰਥੀ ਸਿੰਘ ਵਲੋਂ ਨਾਬਾਲਿਗ ਲੜਕੀ ਨਾਲ ਅਸ਼ਲੀਲ ਹਰਕਤਾਂ

ਸਿੱਧਵਾਂ ਬੇਟ 30 ਜੂਨ। ਪਿੰਡ ਭੈਣੀ ਅਰਾਈਆਂ ਵਿਖੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵਲੋਂ ਗੁਰੂਘਰ 'ਚ ਬਣੇ ਆਪਣੇ ਰਿਹਾਇਸ਼ੀ ਕਮਰੇ ਵਿਚ 10 ਸਾਲਾ ਲੜਕੀ ਨਾਲ ਅਸ਼ਲੀਲ ਹਰਕਤਾਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਪੁਲਸ ਨੇ ਥਾਣਾ ਸਿੱਧਵਾਂ ਬੇਟ ਵਿਖੇ ਮਾਮਲਾ ਦਰਜ ਕਰ ਕੇ ਗ੍ਰੰਥੀ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਪੀੜਿਤ ਲੜਕੀ ਦੀ ਮਾਤਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਰਾਹੀਂ ਦੱਸਿਆ ਕਿ ਬੀਤੇ ਕੱਲ ਮੇਰੀ ਲੜਕੀ ਰੋਜ਼ਾਨਾ ਦੀ ਤਰ੍ਹਾਂ ਸ਼ਾਮ 5 ਵਜੇ ਵੱਡਾ ਗੁਰਦੁਆਰਾ ਸਾਹਿਬ ਵਿਖੇ ਹੋਰ ਬੱਚਿਆਂ ਨਾਲ ਮੱਥਾ ਟੇਕਣ ਗਈ । ਜਦੋਂ ਉਹ ਘਰ ਆਈ ਤਾਂ ਕਾਫੀ ਡਰੀ ਹੋਈ ਸੀ, ਲੜਕੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗੁਰਚਰਨ ਸਿੰਘ ਨੇ ਉਨ੍ਹਾਂ ਨੂੰ ਝਾੜੂ ਲਾਉਣ ਅਤੇ ਗੁਰਦੁਆਰੇ ਵਿਚ ਦਰੀ ਵਿਛਾਉਣ ਲਈ ਕਿਹਾ, ਲੜਕੀ ਨੇ ਦੱਸਿਆ ਕਿ ਜਦੋਂ ਸਾਰਾ ਕੰਮ ਹੋ ਗਿਆ ਤਾਂ ਗ੍ਰੰਥੀ ਨੇ ਦੂਸਰੇ ਬੱਚਿਆ ਨੂੰ ਬਾਹਰ ਰੋਕ ਦਿੱਤਾ ਤੇ ਉਸਨੂੰ ਕਿਹਾ ਕਿ ਤੂੰ ਮੇਰੇ ਕਮਰੇ ਵਿਚ ਸਫਾਈ ਕਰਦੇ, ਇਸ ਤੋਂ ਬਾਅਦ ਗ੍ਰੰਥੀ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਉਸ ਨਾਲ ਅਸ਼ਲੀਲ ਹਰਕਤਾਂ ਕਰਨ ਲੱਗਾ ਲੜਕੀ ਨੇ ਦੂਜੇ ਦਰਵਾਜ਼ੇ ਰਾਹੀਂ ਭੱਜ ਕੇ ਆਪਣੀ ਇੱਜ਼ਤ ਬਚਾਈ ਮਾਮਲੇ ਦੀ ਤਫਤੀਸ਼ ਕਰ ਰਹੇ ਸਬ-ਇੰਸਪੈਕਟਰ ਕਮਲਜੀਤ ਕੌਰ ਨੇ ਦੱਸਿਆ ਕਿ ਕਥਿਤ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਤੇ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਪੁਲਸ ਰਿਮਾਂਡ ਲੈ ਕੇ ਡੂੰਘਾਈ ਨਾਲ ਹੋਰ ਪੁੱਛਗਿੱਛ ਕੀਤੀ ਜਾਵੇਗੀ

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਨਸ਼ਾ ਤਸਕਰਾਂ ਦੀ 11 ਕਰੋੜ ਰੁਪਏ ਦੀ ਪ੍ਰਾਪਰਟੀ ਕੀਤੀ ਸੀਲ

ਟਾਂਡਾ ਉੜਮੁੜ 30 ਜੂਨ। ਪੰਜਾਬ ਸਰਕਾਰ ਵੱਲੋਂ ਜਾਰੀ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਟਾਂਡਾ ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ ਸ਼ਹਿਰ ਨਸ਼ਿਆਂ ਦੇ ਮਾਮਲੇ ਵਿੱਚ ਨਾਮਜ਼ਦ 2 ਭਰਾਵਾਂ ਦੀ ਕਰੋੜਾਂ ਰੁਪਏ ਦੀ ਪ੍ਰਾਪਰਟੀ ਸੀਲ ਕਰ ਦਿੱਤੀ। ਡੀ. ਆਈ. ਜੀ. ਪੰਜਾਬ ਗੌਰਵ ਯਾਦਵ ਅਤੇ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅੱਜ ਟਾਂਡਾ ਪੁਲਸ ਦੀ ਟੀਮ ਨੇ ਡੀ. ਐੱਸ. ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ ਅਤੇ ਐੱਸ. ਐੱਚ. ਓ. ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਦੀ ਹਾਜ਼ਰੀ ਵਿੱਚ ਰਜਿੰਦਰਾ ਮੈਡੀਕਲ ਹਾਲ ਦੇ ਨਾਂ 'ਤੇ ਦੁਕਾਨ ਚਲਾ ਰਹੇ 2 ਸਕੇ ਭਰਾ ਰਜਿੰਦਰ ਸਿੰਘ ਅਤੇ ਚੈਨਦੀਪ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਵਾਰਡ ਨੰਬਰ 8 ਟਾਂਡਾ ਦੀ ਦੁਕਾਨ ਰਿਹਾਇਸ਼ੀ ਘਰ ਅਤੇ ਸ਼ਹਿਰ ਵਿੱਚ ਖ਼ਰੀਦੇ ਹੋਏ ਹੋਰ ਪਲਾਟ, ਜਿਸ ਦੀ ਕੁੱਲ੍ਹ 13 ਕਰੋੜ 67 ਲੱਖ ਰੁਪਏ ਕੀਮਤ ਬਣਦੀ ਹੈ, ਦੀ ਪ੍ਰਾਪਰਟੀ ਨੂੰ ਸੀਲ ਕਰ ਦਿੱਤਾ।



## ਭਾਸ਼ਾ ਵਿਭਾਗ ਪੰਜਾਬ ਨੇ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਮੀਡੀਆ ਬਾਰੇ ਸੰਵਾਦ ਰਚਾਇਆ

## ਆਸਟਰੇਲੀਆ ਵਸਦੇ ਗੁਰਸ਼ਮਿੰਦਰ ਮਿੰਟੂ ਬਰਾੜ ਬਣੇ ਸੰਵਾਦ ਦਾ ਧੁਰਾ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਭਾਸ਼ਾ ਭਵਨ ਵਿਖੇ ਵਿਦੇਸ਼ਾਂ 'ਚ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਮੀਡੀਆ ਦੀ ਵਰਤਮਾਨ ਸਥਿਤੀ ਬਾਰੇ ਆਸਟਰੇਲੀਆ ਵਸਦੀ ਬਹੁਪਰਤੀ ਸ਼ਖ਼ਸੀਅਤ ਗੁਰਸ਼ਮਿੰਦਰ ਸਿੰਘ ਮਿੰਟੂ ਬਰਾੜ ਨਾਲ ਜਾਣਕਾਰੀ ਭਰਪੂਰ ਸੰਵਾਦ ਦਾ ਆਯੋਜਨ ਕੀਤਾ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਹੋਏ ਇਸ ਸਮਾਗਮ ਦੌਰਾਨ ਸਰੋਤਿਆਂ ਨੇ ਆਪਣੇ ਸਵਾਲਾਂ ਨਾਲ ਸੰਵਾਦ ਨੂੰ ਅਰਥਭਰਪੂਰ ਬਣਾ ਦਿੱਤਾ। ਇਸ ਮੌਕੇ ਸਾਹਿਤ ਤੇ ਸੱਭਿਆਚਾਰ ਨਾਲ ਜੁੜੀਆਂ ਨਾਮੀ ਸ਼ਖ਼ਸੀਅਤਾਂ ਹਾਜ਼ਰ ਸਨ।

ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਖੇਡਾਂ ਨਾਲ ਜੁੜੀ ਸ਼ਖ਼ਸੀਅਤ ਮਿੰਟੂ ਬਰਾੜ ਨੇ ਖ਼ਾਸ ਤੌਰ 'ਤੇ ਆਸਟਰੇਲੀਆ 'ਚ ਪੰਜਾਬੀ ਭਾਸ਼ਾ ਦੇ ਪਸਾਰ ਬਾਰੇ ਦੱਸਿਆ ਕਿ ਉੱਥੇ ਦੇ ਸਾਰੇ ਸੂਬਿਆਂ ਵਿੱਚ ਪੰਜਾਬੀ ਪੜ੍ਹਾਈ ਜਾ ਰਹੀ ਹੈ ਅਤੇ ਸਰਕਾਰ ਵੱਲੋਂ ਵੀ ਹਰ ਪੰਜਾਬੀ ਨੂੰ ਵੀ ਆਪਣੀ ਭਾਸ਼ਾ ਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੀ ਨੀਤੀ ਤਹਿਤ ਹਰ ਪੱਖੋਂ ਹੁਲਾਰਾ ਦਿੱਤਾ ਜਾ ਰਿਹਾ ਹੈ।

ਆਸਟਰੇਲੀਆ 'ਚ ਪੰਜਾਬੀ ਦੇ ਬਿਤਰਤੀਬ ਤਰੀਕੇ ਨਾਲ ਪੈਰ ਪਸਾਰਨ ਬਾਰੇ ਉਨ੍ਹਾਂ ਦੱਸਿਆ ਕਿ ਆਸਟਰੇਲੀਆ ਨੂੰ ਪੰਜਾਬੀ ਭਾਸ਼ਾ ਨਾਲ ਸਬੰਧਤ ਕਈ ਖੇਤਰਾਂ 'ਚ ਪਹਿਲਕਦਮੀਆਂ ਕਰਨ ਦਾ ਮਾਣ ਪ੍ਰਾਪਤ ਹੈ। ਪੰਜਾਬੀ ਭਾਸ਼ਾ ਦੀਆਂ ਪਹਿਲੀਆਂ ਦੋ ਐਪਸ 'ਸੁਹਾਵੀ' ਤੇ 'ਵਿਰਾਸਤ' ਇਸ ਮੁਲਕ 'ਚ ਤਿਆਰ ਹੋਈਆਂ ਹਨ ਤੇ ਇਹ ਵਿਸ਼ਵ ਭਰ 'ਚ ਵਸਦੇ ਪੰਜਾਬੀਆਂ ਨੂੰ ਹਰ ਤਰ੍ਹਾਂ ਦੀ ਸਾਹਿਤਕ ਤੇ ਗਿਆਨ ਵਰਧਕ ਸਮੱਗਰੀ ਆਡੀਓ ਤੇ ਪ੍ਰਿੰਟ ਰੂਪ 'ਚ ਪ੍ਰਦਾਨ ਕਰ ਰਹੀਆਂ ਹਨ।

ਸ੍ਰੀ ਮਿੰਟੂ ਨੇ ਦੱਸਿਆ ਕਿ ਪੰਜਾਬੀ 'ਚ ਬਲੌਗ ਪਾਉਣ ਦਾ ਪ੍ਰਚਲਣ 2007 'ਚ ਆਸਟਰੇਲੀਆ ਦੀ ਧਰਤੀ 'ਤੇ ਉਨ੍ਹਾਂ ਵੱਲੋਂ ਆਰੰਭ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਡਿਜੀਟਲ ਰੂਪ ਪਰਥ 'ਚ ਵਸਦੇ ਗੁਰਵੰਤ ਸਿੰਘ ਉੱਪਲ ਨੇ ਤਿਆਰ ਕੀਤਾ। ਆਨਲਾਈਨ ਰੇਡੀਓ ਦੇ ਯੁੱਗ ਦੀ ਸ਼ੁਰੂਆਤ ਦੇ ਸਮੇਂ ਹੀ 'ਹਰਮਨ ਰੇਡੀਓ' ਵੀ ਕੰਗਾਰੂਆਂ ਦੇ ਦੇਸ਼ 'ਚ ਸ਼ੁਰੂ ਹੋਇਆ ਤੇ ਪੰਜਾਬੀ ਫੌਂਟਾਂ ਦੇ ਹੋਂਦ ਵਿੱਚ ਆਉਣ ਸਮੇਂ ਵੀ ਆਸਟਰੇਲੀਆ ਵਸਦੇ ਬਲਵੰਤ ਸਿੰਘ ਨੇ ਪੰਜਾਬੀ ਫੌਂਟ ਤਿਆਰ ਕਰਕੇ ਵੱਡਾ ਯੋਗਦਾਨ ਪਾਇਆ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਸਟਰੇਲੀਆ 'ਚ ਪੰਜਾਬੀ ਕਿੰਨੀ ਵਧੀਆ ਸਥਿਤੀ 'ਚ ਹੈ। ਪੰਜਾਬੀ ਸੱਭਿਆਚਾਰ ਦਾ ਅੰਗ ਮੰਨੀਆਂ ਜਾਂਦੀਆਂ ਖੇਡਾਂ ਦੀ 37 ਸਾਲ ਪਹਿਲਾਂ 'ਸਿੱਖ ਖੇਡਾਂ' ਦੇ ਨਾਮ 'ਤੇ ਭਾਰਤ ਤੋਂ ਬਾਹਰ ਪੰਜਾਬੀਆਂ ਦੀਆਂ ਓਲੰਪਿਕ ਖੇਡਾਂ ਦੇ ਰੂਪ 'ਚ ਆਸਟਰੇਲੀਆ 'ਚ ਸ਼ੁਰੂ ਹੋਈਆਂ ਜੋ ਹਰ ਸਾਲ ਨਿਰੰਤਰ ਹੋ ਰਹੀਆਂ ਹਨ।

ਸ੍ਰੀ ਮਿੰਟੂ ਬਰਾੜ ਨੇ ਦੱਸਿਆ ਕਿ ਇਸ ਵੇਲੇ ਆਸਟਰੇਲੀਆ 'ਚ ਬਹੁਤ ਮਿਆਰੀ ਪੰਜਾਬੀ ਟੀਵੀ ਚੈਨਲ, ਰੇਡੀਓ ਤੇ ਅਖ਼ਬਾਰ ਨਿੱਕਲ ਰਹੇ ਹਨ ਜਿਨ੍ਹਾਂ ਨੂੰ ਪੁਰਾਣੀ ਹੀ ਨਹੀਂ ਉੱਥੇ ਦੀ ਨਵੀਂ ਪੀੜ੍ਹੀ ਵੀ ਬਹੁਤ ਹੁੰਗਾਰਾ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਆਸਟਰੇਲੀਆ 'ਚ ਆਪਣੇ ਧਰਮ, ਭਾਸ਼ਾ, ਖੇਡਾਂ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੂਰੀ ਅਜ਼ਾਦੀ ਹੀ ਨਹੀਂ ਸਗੋਂ ਸਰਕਾਰ ਵੱਲੋਂ ਦਿਲ ਖੋਲ੍ਹਕੇ ਗ੍ਰਾਂਟਾਂ ਵੀ ਦਿੱਤੀਆਂ ਜਾਂਦੀਆਂ ਹਨ। ਜਿਸ ਸਦਕਾ ਇਸ ਦੇਸ਼ ਦਾ ਸੱਭਿਆਚਾਰ ਬਹੁਰੰਗਾਂ ਬਣ ਗਿਆ ਹੈ। ਉਨ੍ਹਾਂ ਦਾ ਭਾਸ਼ਾ ਵਿਭਾਗ ਵੱਲੋਂ ਸਤਿਕਾਰ ਦੇਣ ਲਈ ਧੰਨਵਾਦ ਕੀਤਾ।

ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਮਿੰਟੂ ਬਰਾੜ ਦੁਨੀਆ ਭਰ 'ਚ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਦੂਤ ਵਜੋਂ ਕਾਰਜਸ਼ੀਲ ਕੁਝ ਸਿਰਕੱਢ ਸ਼ਖ਼ਸੀਅਤਾਂ 'ਚ ਸ਼ਾਮਲ ਹਨ। ਮਿੰਟੂ ਬਰਾੜ ਦੀਆਂ ਸਰਗਰਮੀਆਂ ਨੂੰ ਦੇਖਕੇ ਮਹਿਸੂਸ ਹੁੰਦਾ ਹੈ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਦੁਨੀਆ 'ਤੇ ਕੀ ਕਰਨ ਆਏ ਹਾਂ ਨਾ ਕਿ ਇਹ ਦੇਖਣ ਕਿ ਲੋਕੀ ਕੀ ਕਰਦੇ ਹਨ। ਮਿੰਟੂ ਬਰਾੜ ਇਸ ਧਾਰਨਾ 'ਤੇ ਚਲਦਿਆਂ ਨਾਮਣਾ, ਨਾਮਾ ਤੇ ਸਕੂਨ ਖੱਟ ਰਿਹਾ ਹੈ। ਜਿਸ ਤੋਂ ਸਾਨੂੰ ਸਭ ਨੂੰ ਸੇਧ ਲੈਣੀ ਚਾਹੀਦੀ ਹੈ ਅਤੇ ਆਪਣੀ ਅਹੁਦਿਆਂ ਨਾਲ ਨਹੀਂ ਸੱਚੀ ਕਿਰਤ ਨਾਲ ਪਹਿਚਾਣ ਬਣਾਉਣੀ ਚਾਹੀਦੀ ਹੈ। ਉਨ੍ਹਾਂ ਮਿੰਟੂ ਬਰਾੜ ਦੀ ਪੁਸਤਕ 'ਕੰਗਾਰੂਨਾਮਾ' ਦੀ ਵੀ ਚਰਚਾ ਕੀਤੀ। ਵਿਭਾਗ ਵੱਲੋਂ ਮਿੰਟੂ ਬਰਾੜ ਨੂੰ ਸ਼ਾਲ ਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਤਿਕਾਰ ਦਿੱਤਾ।

## ਸਿਹਤ ਮੰਤਰੀ ਡਾ ਬਲਬੀਰ ਸਿੰਘ ਵੱਲੋਂ ਮਾਤਾ ਕੌਸ਼ੱਲਿਆ ਹਸਪਤਾਲ ਦਾ ਅਚਨਚੇਤ ਦੌਰਾ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਅੱਜ ਸਵੇਰੇ ਪਟਿਆਲਾ ਦੇ ਮਾਤਾ ਕੌਸ਼ੱਲਿਆ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ ਕਰਕੇ ਇੱਥੇ ਉਪਲਬਧ ਸਿਹਤ ਸੇਵਾਵਾਂ ਅਤੇ ਮੁਫ਼ਤ ਦਵਾਈ ਵੰਡ ਦੀ ਪ੍ਰਕਿਰਿਆ ਦਾ ਵਿਸਥਾਰ ਵਿੱਚ ਜਾਇਜ਼ਾ ਲਿਆ। ਉਹਨਾਂ ਹਸਪਤਾਲ ਦੀ ਓ.ਪੀ.ਡੀ., ਐਮਰਜੈਂਸੀ, ਆਈ.ਸੀ.ਯੂ., ਅਲਟਰਾਸਾਊਂਡ ਵਿਭਾਗ ਅਤੇ ਵਾਰਡਾਂ ਵਿੱਚ ਮਰੀਜ਼ਾਂ ਨਾਲ ਗੱਲ ਬਾਤ ਕੀਤੀ ਅਤੇ ਸੇਵਾਵਾਂ ਬਾਰੇ ਉਹਨਾਂ ਤੋਂ ਸਿੱਧਾ ਫੀਡਬੈਕ ਲਿਆ। ਮਰੀਜ਼ਾਂ ਵੱਲੋਂ ਮਿਲੀ ਤਸੱਲੀਬਖ਼ਸ਼ ਰਾਏ ਤੋਂ ਉਹਨਾਂ ਨੇ ਖੁਸ਼ੀ ਜਤਾਈ ਅਤੇ ਕਿਹਾ ਕਿ ਲੋਕਾਂ ਦਾ ਭਰੋਸਾ ਹੁਣ ਸਰਕਾਰੀ ਸਿਹਤ ਸੰਸਥਾਵਾਂ ਵੱਲ ਵੱਧ ਰਿਹਾ ਹੈ। ਡਾ: ਬਲਬੀਰ ਸਿੰਘ ਨੇ ਦੱਸਿਆ ਕਿ ਹਸਪਤਾਲ ਦੀ ਓ.ਪੀ.ਡੀ.'ਚ ਰੋਜ਼ਾਨਾ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 1500 ਤੋਂ 1800 ਤੱਕ ਪਹੁੰਚ ਗਈ ਹੈ ਜੋ ਕਿ ਲੋਕਾਂ ਵਿੱਚ ਸਰਕਾਰੀ ਸੇਵਾਵਾਂ ਪ੍ਰਤੀ ਵਿਸ਼ਵਾਸ ਦਾ ਸਿੱਧਾ ਸਬੂਤ ਹੈ। ਉਹਨਾਂ ਹਸਪਤਾਲ ਵਿੱਚ ਪੁਰਾਣੀ ਹੋ ਚੁੱਕੀ ਐਕਸ-ਰੇ-ਮਸ਼ੀਨ ਦੀ ਮਿਆਦ ਖ਼ਤਮ ਹੋਣ 'ਤੇ ਨਵੀਂ ਮਸ਼ੀਨ ਲਿਆਉਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਮਸ਼ੀਨਾ ਦੀ ਗਿਣਤੀ ਵਧਾ ਕੇ ਦੋ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਮਰੀਜ਼ ਨੂੰ ਲੰਬਾ ਇੰਤਜ਼ਾਰ ਨਾ ਕਰਨਾ ਪਵੇ। ਉਹਨਾਂ ਅਲਟਰਾਸਾਊਂਡ ਸੇਵਾਵਾਂ ਦੀ ਵੀ ਵਿਸ਼ੇਸ਼ ਜਾਂਚ ਕੀਤੀ ਅਤੇ ਕਿਹਾ ਕਿ ਇਹ ਸੇਵਾ ਮਰੀਜ਼ਾਂ ਲਈ ਕਾਫੀ ਲਾਭਕਾਰੀ ਸਾਬਤ ਹੋ ਰਹੀ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਉਹ ਇਸੇ ਤਰ੍ਹਾਂ ਹਰ ਇਕ ਹਸਪਤਾਲ ਅਤੇ ਸਿਹਤ ਕੇਂਦਰ ਵਿੱਚ ਜਾ ਕੇ ਅਚਨਚੇਤ ਜਾਇਜ਼ਾ ਲੈਂਦੇ ਰਹਿਣਗੇ। ਇਸ ਮੌਕੇ ਉਹਨਾਂ ਦੇ ਨਾਲ ਸਿਵਲ ਸਰਜਨ ਡਾ ਜਗਪਾਲਇੰਦਰ ਸਿੰਘ ਵੀ ਹਾਜ਼ਰ ਸਨ।

## ਰੋਜ਼ਗਾਰ ਬਿਊਰੋ ਵਲੋਂ ਸੀਐਚਸੀ ਚੰਨਣਵਾਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੈਂਪ



**ਬਰਨਾਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਚੰਨਣਵਾਲ ਵਿੱਚ ਰਜਿਸਟਰੇਸ਼ਨ ਕੈਂਪ ਲਗਾਇਆ ਗਿਆ।

ਇਸ ਮੌਕੇ ਡੀਬੀਈਈ ਬਰਨਾਲਾ ਵੱਲੋਂ ਕਰੀਅਰ ਕਾਊਸਲਰ ਮਿਸ ਸੁਮਿੰਦਰ ਕੌਰ ਨੇ ਜਿਥੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਸੁਨੇਹਾ ਦਿੱਤਾ ਓਥੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਜਿਵੇਂ ਕਿ ਫਰੀ ਇੰਟਰਨੈਟ ਸਰਵਿਸ, ਲਾਇਬ੍ਰੇਰੀ, ਪ੍ਰਾਈਵੇਟ ਕੰਪਨੀਆਂ ਦੁਆਰਾ ਬਿਊਰੋ ਵਿਖੇ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ, ਸਵੈ-ਰੋਜ਼ਗਾਰ ਲਈ ਲੋਨ, ਹੁਨਰ ਵਿਕਾਸ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਪੀਜੀਆਰਕਾਮ ਪੋਰਟਲ 'ਤੇ ਪ੍ਰਾਰਥੀਆਂ ਦੀ ਰਜਿਸਟਰੇਸ਼ਨ ਕੀਤੀ ਗਈ।

## ਸਾਕੇਤ ਹਸਪਤਾਲ ਵਿਖੇ ਫਸਟ ਏਡ ਟ੍ਰੇਨਿੰਗ ਸੈਂਟਰ ਸ਼ੁਰੂ ਹੋਵੇਗਾ

**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸ਼੍ਰੀ ਸ਼ਿਵ ਦੁਲਾਰ ਸਿੰਘ ਢਿੱਲੋਂ, ਆਈ.ਏ.ਐਸ ( ਸੇਵਾ ਮੁਕਤ) ਦੀਆਂ ਕੋਸ਼ਿਸ਼ਾਂ ਸਦਕਾ ਹੁਣ ਪਟਿਆਲਾ ਵਿਖੇ ਕੰਡਕਟਰਾਂ ਡਰਾਈਵਰਾਂ, ਨੈਨੀ, ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਫੈਕਟਰੀ ਕਰਮਚਾਰੀਆਂ, ਐਨ ਐਸ ਐਸ ਵੰਲਟੀਅਰਾਂ, ਐਨ ਸੀ ਸੀ ਕੇਡਿਟਜ, ਦਾਖਲ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਅਤੇ ਆਮ ਲੋਕਾਂ ਨੂੰ ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ ਦੀ ਟ ?ਰੇਨਿੰਗ ਜੁਲਾਈ ਦੇ ਪਹਿਲੇ ਹਫ਼ਤੇ ਵਿੱਚ ਰੈੱਡ ਕਰਾਸ ਸਾਕੇਤ ਹਸਪਤਾਲ ਬਡੂੰਗਰ ਰੋਡ , ਨੇੜੇ ਖਾਲਸਾ ਕਾਲਜ ਪਟਿਆਲਾ ਵਿਖੇ ਦਿੱਤੀ ਜਾਵੇਗੀ। ਸਾਕੇਤ ਹਸਪਤਾਲ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਪ੍ਰਮਿੰਦਰ ਕੌਰ ਮਨਚੰਦਾ ਨੇ ਦੱਸਿਆ ਕਿ ਟ ?ਰੇਨਿੰਗ ਲੈਣ ਵਾਲੇ ਅਤੇ ਵਿਦੇਸ਼ਾਂ ਵਿੱਚ ਜਾਣ ਵਾਲੇ ਨੋਜਵਾਨਾਂ ਨੂੰ ਟ ?ਰੇਨਿੰਗ ਉਪਰੰਤ ਤੁਰੰਤ ਆਨ ਲਾਈਨ ਸਰਟੀਫਿਕੇਟ ਵੀ ਦੇ ਦਿੱਤਾ ਜਾਵੇਗਾ। ਇਸ ਮੌਕੇ ਸ਼੍ਰੀ ਕਾਕਾ ਰਾਮ ਵਰਮਾ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਟਰੇਨਰ, ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਸਹਾਇਕ ਇੰਸਪੈਕਟਰ ਰਾਮ ਸਰਨ ਨੇ ਰੈੱਡ ਕਰਾਸ ਨਸ਼ਾ ਛੁਡਾਊ ਏਕੀਕ੍ਰਿਤ ਸੇਂਟਰ ਦੇ ਡਾਇਰੈਕਟਰ ਅਤੇ ਸਟਾਫ ਮੈਂਬਰਾਂ ਦੇ ਉੱਦਮ, ਹੌਂਸਲੇ, ਇਨਸਾਨੀਅਤ ਪ੍ਰਤੀ ਪ੍ਰੇਮ ਦੀ ਪ੍ਰਸੰਸਾ ਕੀਤੀ ਜਿਨ੍ਹਾਂ ਦੇ ਯਤਨਾਂ ਸਦਕਾ, ਪੰਜਾਬ ਹਰਿਆਣਾ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਹਜ਼ਾਰਾਂ ਨੋਜਵਾਨਾਂ ਨੂੰ, ਇਸ ਸੇਂਟਰ ਵਿਖੇ ਰੱਖ ਕੇ, ਮੁਫਤ ਇਲਾਜ ਕਾਉਂਸਲਿੰਗ ਭੋਜਨ ਪਾਣੀ ਮੰਜ਼ੇ ਆਦਿ ਪ੍ਰਦਾਨ ਕਰਕੇ, ਨਸ਼ਾ ਮੁਕਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਪਟਿਆਲਾ ਵਿਖੇ ਫਸਟ ਏਡ, ਸੀ.ਪੀ.ਆਰ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਦੀ ਟ ?ਰੇਨਿੰਗ ਦੇਕੇ ਨੋਜਵਾਨਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਇਆ ਜਾਵੇਗਾ।

ਡਾਕਟਰ ਸੰਦੀਪ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਆਪਣੇ ਦੇਸ਼, ਸਮਾਜ ਅਤੇ ਘਰ ਪਰਿਵਾਰਾਂ ਨੂੰ ਸੁਰੱਖਿਅਤ, ਸਿਹਤਮੰਦ, ਖੁਸ਼ਹਾਲ, ਉੱਨਤ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਫਿਜ਼ੀਓਥਰੈਪੀਸਟ ਚਾਰੂ ਗੋਤਮ, ਕਾਉਂਸਲਰ ਪ੍ਰਵਿੰਦਰ ਵਰਮਾ, ਰਣਜੀਤ ਕੋਰ, ਅਮ੍ਰਿੰਤ ਪਾਲ ਨੇ ਦਸਿਆ ਕਿ ਨਾਬਾਲਗਾਂ ਨੂੰ ਸਿਹਤ, ਤੰਦਰੁਸਤੀ, ਅਰੋਗਤਾ, ਸੁਰੱਖਿਆ, ਬਚਾਓ, ਸਖ਼ਤ ਮਿਹਨਤ, ਇਮਾਨਦਾਰੀ ਅਤੇ ਦੇਸ਼ ਲਈ ਕੁਰਬਾਨੀਆ ਕਰਨ ਵਾਲੇ ਗੁਰੂਆਂ, ਯੋਧਿਆਂ ਦੇਸ਼ ਭਗਤਾਂ ਅਤੇ ਸਖ਼ਤ ਮਿਹਨਤ ਕਰਕੇ, ਅੰਤਰਰਾਸ਼ਟਰੀ ਪੱਧਰ ਤੇ ਸਨਮਾਨ ਪ੍ਰਾਪਤ ਕਰਨ ਵਾਲਿਆ ਸਬੰਧੀ ਜਾਗਰੂਕ ਕਰਕੇ, ਪੰਜਾਬ ਦਾ ਭਵਿੱਖ ਖੁਸ਼ਹਾਲ, ਸਿਹਤਮੰਦ, ਉਜਵੱਲ ਬਣਾਇਆ ਜਾ ਸਕਦਾ ਹੈ।

## ਇਨਾਇਤ ਗਰੁੱਪ ਨੇ ਕੀਤਾ ਪਟਿਆਲਾ-ਸੰਗਰੂਰ ਰੋਡ 'ਤੇ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਪ੍ਰੋਜੈਕਟ ਪ੍ਰੀ ਲਾਂਚ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਣਤੀ ਦੇ ਦਿਨਾਂ ਵਿਚ ਰੀਅਲ ਅਸਟੇਟ ਦੇ ਖੇਤਰ ਵਿਚ ਪੰਜਾਬ ਨਹੀਂ ਸਗੋਂ ਉਤਰ ਭਾਰਤ ਦੇ ਨਾਮ ਇਨਾਇਤ ਗਰੁੱਪ ਵੱਲੋਂ ਪਟਿਆਲਾ-ਸੰਗਰੂਰ ਰੋਡ 'ਤੇ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਪ੍ਰਾਜੈਕਟ ਦੀ ਅੱਜ ਪ੍ਰੀ ਲਾਂਚਿੰਗ ਕੀਤੀ ਗਈ। ਪ੍ਰੀ ਲਾਂਚਿੰਗ ਦੀ ਰਸਮ ਇਨਾਇਤ ਗਰੁੱਪ ਦੇ ਐਮ.ਡੀ. ਸੰਦੀਪ ਸਿੰਘ ਮਾਨ ਨੇ ਆਪਣੀ ਧਰਮ ਪਤਨੀ ਅਤੇ ਬੇਟੀ ਇਨਾਇਤ ਨਾਲ ਮਿਲ ਕੇ ਕੀਤੀ। ਇਸ ਮੌਕੇ ਜਾਣਕਾਰੀ ਦਿੰਦਿਆਂ ਐਮ.ਡੀ. ਸੰਦੀਪ ਸਿੰਘ ਮਾਨ ਨੇ ਦੱਸਿਆ ਕਿ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਪਟਿਆਲਾ-ਸੰਗਰੂਰ ਰੋਡ 'ਤੇ 3.17 ਏਕੜ ਵਿਚ ਬਣਿਆ ਰੇਰਾ ਤੇ ਪੁੱਡਾ ਅਪਰੂਵਡ ਪ੍ਰਾਜੈਕਟ ਹੈ। ਜਿਸ ਦੇ ਸਾਰੇ ਇੰਟਰਨੈਸ਼ਨਲ ਬ੍ਰਾਂਡ ਸਾਈਨ ਹੋ ਚੁੱਕੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਹਲਦੀ ਰਾਮ, ਡੋਮੀਨੋਜ਼, ਵੀ.ਡਬਲਯੂ ਮਾਰਟ ਜਿਹੜਾ ਕਿ 24 ਘੰਟੇ ਖੁੱਲਾ ਰਹਿੰਦਾ ਹੈ, ਡਰਾਇਵ ਥਰੂ, ਪਿਰਾਮਿਡ ਕਲੱਬ ਅਤੇ ਰੈਸਟੋਰੈਂਟ, ਬਸੰਤ ਆਈਸਕ੍ਰੀਮ, ਸਮੇਤ ਹੋਰ ਵਧੀਆ ਇੰਟਰਨੈਸ਼ਨਲ ਬ੍ਰਾਂਡ ਖੁੱਲਣ ਜਾ ਰਹੇ ਹਨ। ਅਹਿਮ ਗੱਲ ਇਹ ਹੈ ਕਿ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਵਿਚ ਬੱਚਿਆਂ ਦਾ ਸਭ ਤੋਂ ਵੱਡਾ ਗੇਮਿੰਗ ਜੋਨ ਜਿਹੜਾ ਕਿ 14100 ਸਕੇਅਰ ਫਿਟ ਅਤੇ 24 ਫਿਟ ਦੀ ਹਾਈਟ 'ਤੇ ਬਣਨ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਉਨ੍ਹਾਂ ਦਾ ਪਹਿਲਾ ਪ੍ਰਾਜੈਕਟ ਹੈ, ਜਿਸ ਦੇ ਉਹ ਇਕੱਲੇ ਮਾਲਕ ਹਨ, ਜਿਸ ਨੂੰ ਲਾਂਚ ਕਰਨ ਤੋਂ ਪਹਿਲਾਂ ਉਸ ਦੀ 100 ਫੀਸਦੀ ਰਜਿਸਟਰੀ, 100 ਸੀ.ਐਲ.ਯੂ. ਅਤੇ ਰੇਰਾ ਅਤੇ ਪੁੱਡਾ ਤੋਂ ਸਾਰੀਆਂ ਮਨਜ਼ੂਰੀਆਂ ਪਹਿਲਾਂ ਲਈਆਂ ਜਾ ਚੁੱਕੀਆਂ ਹਨ ਤੇ ਫੇਰ ਮਿਹਨਤ ਨਾਲ ਸਾਰੇ ਬ੍ਰਾਂਡ ਦੇ ਕੋਲ ਜਾ ਕੇ 'ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ' ਨੂੰ ਦਿਖਾ ਕੇ ਪਹਿਲਾਂ ਸਾਰੇ ਬ੍ਰਾਂਡਾਂ ਨੂੰ ਸਾਈਨ ਕੀਤਾ ਜਾ ਚੁੱਕਿਆ ਹੈ, ਤਾਂ ਜਾ ਕੇ ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ ਨੂੰ ਪ੍ਰੀ ਲਾਂਚ ਕੀਤਾ ਜਾ ਰਿਹਾ ਹੈ।

ਐਮ.ਡੀ. ਮਾਨ ਨੇ ਦੱਸਿਆ ਕਿ ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ ਬਣਾਉਣਾ ਦਾ ਉਦੇਸ਼ ਇਹ ਸੀ ਕਿ ਪਟਿਆਲਾ ਅਤੇ ਮਾਲਵਾ ਦੇ ਸਾਰੇ ਸ਼ਹਿਰਾਂ ਦੇ ਲੋਕਾਂ ਨੂੰ ਚੰਡੀਗੜ੍ਹ, ਦਿੱਲੀ ਅਤੇ ਹੋਰ ਬਾਹਰਲੇ ਸ਼ਹਿਰਾਂ ਤੋਂ ਖਰੀਦਦਾਰੀ ਨਾ ਕਰਨ ਲਈ ਨਾ ਜਾਣਾ ਪਵੇ ਅਤੇ ਉਹ ਇਨਾਇਤ ਗਰੁੱਪ ਵੱਲੋਂ ਬਣਾਏ ਗਏ ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ ਵਿਚ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮਿਲ ਜਾਣ। ਸੰਦੀਪ ਸਿੰਘ ਮਾਨ ਨੇ ਦੱਸਿਆ ਕਿ ਇਨਵੈਸਟਰਰ ਉਨ੍ਹਾਂ ਦਾ ਪਰਿਵਾਰ ਹੈ, ਉਨ੍ਹਾਂ ਨੂੰ ਨਾਲ ਅੱਗੇ ਲੈ ਕੇ ਜਾਣ ਉਨ੍ਹਾਂ ਦੀ ਡਿਊਟੀ ਹੈ, ਕਿਉਂਕਿ ਮੈਂ ਇਨਵੈਸਟਰ ਦੇ ਮਿਹਨਤ ਦੇ ਪੈਸੇ ਦੀ ਕਦਰ ਕਰਦਾ ਹਾਂ ਅਤੇ ਕਿੰਗਸਟਨ ਟੇਰੇਸ ਕਮਰਸ਼ੀਅਲ ਹੱਬ ਇਨਵੈਸਟਰ ਦੇ ਪੈਸੇ ਲਈ ਸੇਫ ਜੋਨ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਹੀ ਅੱਗੇ ਵਧਣਗੇ ਜੇਕਰ ਇਨਵੈਸਟਰ ਦਾ ਪੈਸਾ ਵਧੇਗਾ। ਇਸ ਲਈ ਇਨਵੈਸਟਰ ਉਨ੍ਹਾਂ ਲਈ ਸਭ ਤੋਂ ਅਹਿਮ ਹੈ।

**ਕਿੰਗਸਟਨ ਕਿਉਂ ਮਹੱਤਵਪੂਰਨ ਹੈ**

ਕਿੰਗਸਟਨ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਭਾਰਤ ਮਾਲਾ, ਜੰਮੂ ਕੱਟੜਾ ਐਕਸਪ੍ਰੈਸ ਸਮੇਤ ਸਾਰੀਆਂ ਹੀ ਮਹੱਤਵਪੂਰਨ ਸੜ੍ਹਕਾਂ ਦੀ ਪਟਿਆਲਾ ਅਤੇ ਆਸ ਪਾਸੇ ਸ਼ਹਿਰਾਂ ਦੀ ਦਿੱਲੀ ਅਤੇ ਦੇਸ਼ ਦੇ ਹੋਰ ਪ੍ਰਮੁੱਖ ਰਾਜਾਂ ਤੇ ਮਹੱਤਵਪੂਰਨ ਥਾਵਾਂ ਦੇ ਨਾਲ ਕਨੇਕਟੀਵਿਟੀ ਇਸ ਸੜ੍ਹਕ ਰਾਹੀਂ ਹੀ ਬਣਨੀ ਹੈ। ਜੇਕਰ ਫੁਟ ਫਾਲ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਵੀ ਇਸ ਸੜ੍ਹਕ ਤੋਂ ਇੱਕ ਮਿੰਟ ਵਿਚ 30-35 ਗੱਡੀਆਂ ਕਰਾਸ ਕਰ ਜਾਂਦੀਆਂ ਹਨ, ਯਾਨੀਕਿ ਇੱਕ ਅੰਦਾਜੇ ਮੁਤਾਬਕ 24 ਘੰਟੇ ਵਿਚ ਇਥੋਂ 40 ਤੋਂ 50 ਹਜ਼ਾਰ ਗੱਡੀ ਰੋਜ਼ਾਨਾ ਲੰਘ ਰਹੀ ਹੈ। ਇਸ ਦੇ ਨਾਲ ਹੀ ਕਿੰਗਸਟਨ ਪ੍ਰਾਜੈਕਟ ਨੂੰ ਮੇਜਰ ਬੈਨੀਫਿਟ ਇਹ ਹੋ ਗਿਆ ਹੈ ਕਿ ਨਵਾਂ ਉਤਰੀ ਬਾਈਪਾਸ ਜਿਹੜਾ ਕਿ ਧਰੇੜੀ ਜੱਟਾਂ (ਬਹਾਦਰਗੜ੍ਹ) ਤੋਂ ਸ਼ੁਰੂ ਹੋ ਕੇ ਪਸਿਆਣਾ ਦੇ ਕੋਲ ਉਤਰਨਾ ਹੈ ਦੇ ਕਾਰਨ ਚੰਡੀਗੜ੍ਹ ਸਾਈਡ ਤੋਂ ਭਵਾਨੀਗੜ੍ਹ, ਸੰਗਰੂਰ, ਬਰਨਾਲਾ, ਬਠਿੰਡਾ, ਫਾਜਿਲਕਾਂ, ਡੱਬਵਾਲੀ ਅਤੇ ਹਨੂੰਮਾਨਗੜ੍ਹ, ਸ੍ਰੀ ਗੰਗਾ ਨਗਰ ਤੋਂ ਹੋ ਕੇ ਰਾਜਸਥਾਨ ਜਾਣ ਵਾਲੇ ਅਤੇ ਇਨ੍ਹਾਂ ਸ਼ਹਿਰਾਂ ਤੋਂ ਚੰਡੀਗੜ੍ਹ ਨੂੰ ਜਾਣ ਵਾਲੇ ਸਾਰੀ ਟਰੈਫਿਕ ਇਥੋਂ ਹੀ ਹੋ ਕੇ ਗੁਜਰੇਗੀ ਅਤੇ ਇਨ੍ਹਾਂ ਲੋਕਾਂ ਨੂੰ ਹੁਣ ਪਟਿਆਲਾ ਸ਼ਹਿਰ ਵਿਚ ਵੜਨ ਦੀ ਜਰੂਰਤ ਨਹੀਂ ਪਵੇਗੀ। ਇਸ ਦਾ ਲਾਭ ਕਿੰਗਸਟਨ ਟੈਰੇਸ ਕਮਰਸ਼ੀਅਲ ਹੱਬ (ਇਨਾਇਤ ਗਰੁੱਪ) ਨੂੰ ਮਿਲਣ ਵਾਲਾ ਹੈ।

## ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ; ਡੀ.ਈ.ਓ. ਦਫ਼ਤਰ ਦਾ ਕਲਰਕ ਅਧਿਆਪਕ ਤੋਂ ਦੂਜੀ ਕਿਸ਼ਤ ਦੇ 20000 ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ, ਅੱਜ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ), ਮਾਲੇਰਕੋਟਲਾ ਦੇ ਦਫ਼ਤਰ ਵਿਖੇ ਤਾਇਨਾਤ ਕਲਰਕ ਵਿਕਾਸ ਜਿੰਦਲ ਨੂੰ ਇੱਕ ਅਧਿਆਪਕ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਦੇ ਮੁਤਾਬਕ ਮੁਲਜ਼ਮ ਕਲਰਕ ਨੇ ਜ਼ਿਲ੍ਹਾ ਮਾਲੇਰਕੋਟਲਾ ਦੇ ਪਿੰਡ ਬਾਗੜੀਆਂ ਦੇ ਸ਼ਿਕਾਇਤਕਰਤਾ ਅਧਿਆਪਕ ਤੋਂ ਡੀ.ਈ.ਓ. ਦਫ਼ਤਰ ਵਿੱਚ ਉਸਦੇ ਬਕਾਇਆ ਭੱਤੇ ਜਾਰੀ ਕਰਨ ਬਦਲੇ 30,000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਕਲਰਕ ਪਹਿਲਾਂ ਹੀ ਉਸ ਕੋਲੋਂ 10,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਬਾਕੀ ਦੀ ਰਕਮ ਮੰਗ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਕਲਰਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਲੈਂਦਿਆਂ ਕਾਬੂ ਕਰ ਲਿਆ ਅਤੇ ਰਿਸ਼ਵਤ ਵਾਲੀ ਰਕਮ ਦੇ ਰੰਗੇ ਹੋਏ ਨੋਟ ਮੌਕੇ 'ਤੇ ਹੀ ਬਰਾਮਦ ਕਰ ਲਏ।

ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ, ਵਿਜੀਲੈਂਸ ਬਿਊਰੋ ਨੇ ਜਨਤਾ ਨੂੰ ਭ੍ਰਿਸ਼ਟਾਚਾਰ ਦੇ ਕਿਸੇ ਵੀ ਮਾਮਲੇ ਦੀ ਸੂਚਨਾ ਹੈਲਪਲਾਈਨ ਨੰਬਰਾਂ ਜਾਂ ਅਧਿਕਾਰਤ ਚੈਨਲਾਂ ਰਾਹੀਂ ਦੇਣ ਦੀ ਅਪੀਲ ਕੀਤੀ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਸੂਚਨਾ ਦੇਣ ਵਾਲੇ ਦੀ ਜਾਣਕਾਰੀ ਗੁਪਤ ਰੱਖਣ ਦਾ ਭਰੋਸਾ ਦਿੱਤਾ ਹੈ।

## ਨਸ਼ਿਆਂ ਦੇ ਮਾੜੇ ਪ੍ਰਭਾਵ ਦਾ ਪੋਸਟਰ ਰਿਲੀਜ਼ ਕੀਤਾ ਗਿਆ : ਡਾਕਟਰ ਨਾਨਕ ਸਿੰਘ




**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਹਾਏ ਸੇਵਾ ਦਲ ਪਿਛਲੇ ਲੰਬੇ ਸਮੇਂ ਤੋਂ ਸਮਾਜ ਦੀ ਸੇਵਾ ਕਰ ਰਿਹਾ ਹੈ ਜਿਵੇਂ ਕਿ ਮੈਡੀਕਲ ਕੈਂਪ ਲਗਾਉਣੇ, ਬੂਟੇ ਲਗਾਉਣੇ, ਦਸਤਾਰ ਮੁਕਾਬਲੇ ਕਰਵਾਉਣੇ, ਪੰਜਾਬੀ ਮਾਂ ਬੋਲੀ ਤੇ ਸ਼ੁੱਧ ਲੇਖ ਲਿਖਣ ਮੁਕਾਬਲੇ ਕਰਵਾਉਣੇ, ਸਿਲਾਈ ਮਸ਼ੀਨਾਂ ਵੰਡਣੀਆਂ, ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲਗਾਉਣੇ ਅਤੇ ਸੈਮੀਨਾਰ ਕਰਵਾਉਣੇ ਅਤੀ ਆਦ। ਇਸੇ ਲੜੀ ਤਹਿਤ ਅੱਜ ਅੰਤਰਰਾਸ਼ਟਰੀ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਰੋਕਣ ਲਈ ਅਤੇ ਤਸਕਰੀ ਨੂੰ ਰੋਕਣ ਲਈ 26 ਜੂਨ ਭਾਵ ਅੱਜ ਦਾ ਦਿਨ ਮਨਾਇਆ ਗਿਆ। ਡਾਕਟਰ ਨਾਨਕ ਸਿੰਘ ਆਈ.ਪੀ.ਐਸ (ਡੀ. ਆਈ. ਜੀ) ਪਟਿਆਲਾ ਅਤੇ ਡਾਕਟਰ ਦੀਪ ਸਿੰਘ ਮੁੱਖ ਪ੍ਰਬੰਧਕ ਹਰਿ ਸਹਾਏ ਸੇਵਾ ਦਲ ਅਤੇ ਹਰਿੰਦਰ ਸਿੰਘ ਜੋਗੀਪੁਰ ਵਲੋਂ ਨਸ਼ਿਆਂ ਦੇ ਮਾੜੇ ਪ੍ਰਭਾਵ ਦਾ ਪੋਸਟਰ ਰਿਲੀਜ਼ ਕੀਤਾ ਗਿਆ ਅਤੇ ਸਮੂਹ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ। ਨਸ਼ੇ ਜਿੱਥੇ ਸਾਡੀ ਸਿਹਤ ਦਾ ਨੁਕਸਾਨ ਕਰਦੇ ਹਨ ਉਥੇ ਹੀ ਸਾਡਾ ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਸੋ ਸਾਨੂੰ ਸਾਰਿਆਂ ਨੂੰ ਅਪਣੇ ਸਮੇਂ ਵਿੱਚੋਂ ਸਮਾਂ ਕੱਢ ਕੇ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ।

## ਰੂਪਨਗਰ ਹਲਕੇ ਦੀ ਮਹੱਤਵਪੂਰਨ ਕਾਂਗਰਸ ਮੀਟਿੰਗ, ਬੂਥ ਪੱਧਰ 'ਤੇ ਢਾਂਚਾ ਮਜ਼ਬੂਤ ਕਰਨ 'ਤੇ ਰਿਹਾ ਕੇਂਦਰਤ

**ਰੂਪ ਨਗਰ, 30 ਜੂਨ**
**ਗੁਰਵਿੰਦਰ ਸਿੰਘ ਘਨੌਲੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ ਹਲਕੇ ਵਿੱਚ ਕਾਂਗਰਸ ਪਾਰਟੀ ਨੇ ਬੂਥ ਪੱਧਰ 'ਤੇ ਸੰਗਠਨ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅੱਜ ਨੂਰਪੁਰ ਬੇਦੀ ਬਲਾਕ ਵਿਖੇ ਇਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ। ਇਹ ਮੀਟਿੰਗ ਸੀਨੀਅਰ ਕਾਂਗਰਸ ਆਗੂ ਸ. ਬਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਹਲਕੇ ਦੇ ਸੀਨੀਅਰ ਆਗੂ, ਜ਼ਿਲ੍ਹਾ ਪਰਿਸ਼ਦ ਮੈਂਬਰ, ਪੰਚ-ਸਰਪੰਚ, ਵੱਡੀ ਗਿਣਤੀ ਵਿੱਚ ਵਰਕਰ, ਯੂਥ ਕਾਂਗਰਸ, ਓਬੀਸੀ ਸੈਲ, ਐਸੀ ਸੈਲ ਅਤੇ ਹੋਰ ਯੂਨਿਟਾਂ ਨੇ ਭਰਪੂਰ ਭਾਗ ਲਿਆ।

ਮੀਟਿੰਗ ਵਿੱਚ ਬੂਥ ਪੱਧਰ 'ਤੇ ਪਾਰਟੀ ਢਾਂਚੇ ਨੂੰ ਮਜ਼ਬੂਤ ਕਰਨਾ, ਜਨ-ਸੰਪਰਕ ਵਧਾਉਣਾ, ਨੌਜਵਾਨਾਂ ਨੂੰ ਸੰਗਠਨ ਨਾਲ ਜੋੜਨਾ ਅਤੇ ਸਥਾਨਕ ਮੁੱਦਿਆਂ 'ਤੇ ਸਰਗਰਮੀ ਨਾਲ ਕੰਮ ਕਰਨ ਵਰਗੀਆਂ ਰਣਨੀਤੀਆਂ 'ਤੇ ਵਿਚਾਰ-ਵਟਾਂਦਰਾ ਹੋਇਆ। ਹਲਕੇ ਦੇ ਕੋਆਰਡੀਨੇਟਰ ਕਮਲ ਕਿਸ਼ੋਰ ਸ਼ਰਮਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਪਹਿਲੀ ਰੋਟੀ ਗਊਮਾਤਾ ਲਈ ਅਤੇ ਸਭ ਤੋਂ ਆਖਰੀ ਰੋਟੀ ਕੁੱਤੇ ਲਈ ਜ਼ਰੂਰ ਕੱਢੀ ਜਾਵੇ : ਐਡਵੋਕੇਟ ਦੀਪਕ ਜਿੰਦਲ

**ਬਰਨਾਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਸ਼ਹਿਰ ਤੋਂ ਐਡਵੋਕੇਟ ਦੀਪਕ ਜਿੰਦਲ ਨੇ ਸਮੂਹ ਲੋਕਾਂ ਨੂੰ ਇਕ ਮਹੱਤਵਪੂਰਨ ਅਪੀਲ ਕੀਤੀ ਹੈ, ਜਿਸ 'ਚ ਉਨ੍ਹਾਂ ਨੇ ਪਸ਼ੂਆਂ ਅਤੇ ਪੰਛੀਆਂ ਪ੍ਰਤੀ ਸੇਵਾ ਭਾਵਨਾ ਅਪਣਾਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਅਸੀਂ ਆਪਣੇ ਰੋਜ਼ਾਨਾ ਜੀਵਨ 'ਚ ਕੁਝ ਛੋਟੇ ਬਦਲਾਅ ਕਰੀਏ ਤਾਂ ਅਸੀਂ ਨਾ ਸਿਰਫ ਜੀਵ-ਜੰਤੂਆਂ ਦੀ ਭਲਾਈ ਕਰ ਸਕਦੇ ਹਾਂ, ਬਲਕਿ ਕਈ ਲੰਗਰਾਂ ਦਾ ਪੁੰਨ ਵੀ ਕਮਾ ਸਕਦੇ ਹਾਂ।

ਐਡਵੋਕੇਟ ਦੀਪਕ ਜਿੰਦਲ ਨੇ ਖਾਸ ਤੌਰ 'ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰੇਕ ਘਰ 'ਚ ਬਣਨ ਵਾਲੀ ਪਹਿਲੀ ਰੋਟੀ ਗਊਮਾਤਾ ਲਈ ਅਤੇ ਸਭ ਤੋਂ ਆਖਰੀ ਰੋਟੀ ਕੁੱਤੇ ਲਈ ਜ਼ਰੂਰ ਕੱਢੀ ਜਾਵੇ। ਉਨ੍ਹਾਂ ਅਨੁਸਾਰ, ਭਾਰਤੀ ਸੰਸਕ੍ਰਿਤੀ 'ਚ ਗਾਂ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ ਅਤੇ ਇਸ ਦੀ ਸੇਵਾ ਕਰਨਾ ਬਹੁਤ ਪੁੰਨ ਦਾ ਕੰਮ ਮੰਨਿਆ ਜਾਂਦਾ ਹੈ।ਇਸੇ ਤਰ੍ਹਾਂ, ਕੁੱਤੇ ਨੂੰ ਰੋਟੀ ਪਾਉਣਾ ਵੀ ਇਕ ਨੇਕ ਕਾਰਜ ਹੈ, ਜੋ ਸਾਡੇ ਆਲੇ-ਦੁਆਲੇ ਦੇ ਜੀਵਾਂ ਪ੍ਰਤੀ ਸਾਡੇ ਫਰਜ਼ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਰੋਟੀ ਦੇਣ ਦੀ ਗੱਲ ਨਹੀਂ, ਬਲਕਿ ਜੀਵਾਂ ਪ੍ਰਤੀ ਦਇਆ ਅਤੇ ਸ਼ਰਧਾ ਦਾ ਪ੍ਰਤੀਕ ਹੈ।

## ਪਟਿਆਲਾ ' ਚ ਸੀ.ਐਮ. ਦੀ ਯੋਗਸ਼ਾਲਾ ਬਣੀ ਲੋਕਾਂ ਦੀ ਰੋਜ਼ਾਨਾ ਜਿੰਦਗੀ ਦਾ ਹਿੱਸਾ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ.ਐਮ.ਯੋਗਸ਼ਾਲਾ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ ਸਿਹਤ ਅਤੇ ਜੀਵਨ ਸ਼ੈਲੀ ਨੂੰ ਲੈ ਕੇ ਨਵਾਂ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ । ਸੀ.ਐਮ.ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਰਜਿੰਦਰ ਸਿੰਘ ਨੇ ਦੱਸਿਆ ਕਿ ਡਿਪਲੋਮਾ ਇਨ ਮੈਡੀਟੇਸ਼ਨ ਐਂਡ ਯੋਗਾ ਸਾਂਈਸ ਦੇ ਵਿਦਿਅਰਥੀ ਵੀ ਪਿੰਡ ਪੱਧਰ 'ਤੇ ਯੋਗ ਪ੍ਰਚਾਰ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ ।

ਉਹਨਾਂ ਵੱਲੋਂ 99 ਯੋਗ ਕਲਾਸਾਂ ਨੂੰ ਲੈ ਕੇ ਲੋਕਾਂ ਵਿੱਚ ਯੋਗ ਪ੍ਰਤੀ ਜਾਗਰੂਕਤਾ ਨੂੰ ਹੋਰ ਉੱਚਾ ਕੀਤਾ ਗਿਆ ਹੈ । ਉਹਨਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ ਤੋਂ 7924 ਅਤੇ ਪੇਂਡੂ ਖੇਤਰਾਂ ਤੋਂ 2000 ਤੋਂ ਵੱਧ ਲੋਕ ਇਸ ਯੋਜਨਾ ਨਾਲ ਜੁੜ ਚੁੱਕੇ ਹਨ

ਰਜਿੰਦਰ ਸਿੰਘ ਨੇ ਦੱਸਿਆ ਕਿ ਇਹ ਯੋਜਨਾ ਸਿਰਫ ਸ਼ਹਿਰੀ ਇਲਾਕਿਆਂ ਤੱਕ ਹੀ ਸੀਮਿਤ ਨਹੀ ਸਗੋਂ ਪਿੰਡਾਂ ਦੇ ਨਿਵਾਸੀਆਂ ਨੇ ਵੀ ਇਸ ਨੂੰ ਖੁੱਲ ਕੇ ਸਵਿਕਾਰਿਆ ਹੈ । ਸੀ ਐਮ ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਨੇ ਦੱਸਿਆ ਕਿ 21 ਜੂਨ ਅੰਤਰਰਾਸ਼ਟੀ ਯੋਗਾ ਦਿਵਸ ਤੋਂ ਬਾਅਦ ਲੋਕ ਯੋਗ ਵੱਲ ਹੋਰ ਵੀ ਤੇਜੀ ਨਾਲ ਹਿੱਸਾ ਲੈ ਰਹੇ ਹਨ। ਉਹਨਾਂ ਦੱਸਿਆ ਕਿ ਇਹ ਕਲਾਸਾਂ ਸਵੇਰੇ ਅਤੇ ਸ਼ਾਮ ਨਿਯਮਤ ਤੌਰ ' ਤੇ ਲਗਦੀਆਂ ਹਨ । ਹਰੇਕ ਕਲਾਸ ਵਿੱਚ ਤਜਰਬੇਕਾਰ ਟਰੇਨਰ ਲੋਕਾਂ ਨੂੰ ਯੋਗ ਸਿਖਲਾਈ ਦੇ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਸੀ.ਐਮ. ਦੀ ਯੋਗਸ਼ਾਲਾ ਪਟਿਆਲਾ ਵਿੱਚ ਇਕ ਪ੍ਰੋਗਰਾਮ ਨਹੀ ਰਹੀ ਸਗੋਂ ਲੋਕਾਂ ਦੀ ਰੋਜ਼ਾਨਾ ਜਿੰਦਗੀ ਦਾ ਹਿੱਸਾ ਬਣ ਚੁੱਕੀ ਹੈ ।

ਸੀ.ਐਮ.ਦੀ ਯੋਗਸ਼ਾਲਾ ਦੇ ਕੋਆਰਡੀਨੇਟਰ ਨੇ ਦੱਸਿਆ ਕਿ ਇਸ ਯੋਜਨਾ ਵਿੱਚ ਰਜਿਸਟਰੇਸ਼ਨ ਦੀ ਪ੍ਰਕ੍ਰਿਆ ਬਹੁਤ ਅਸਾਨ ਹੈ । ਲੋਕ ਆਪਣੇ ਮੋਬਾਈਲ ਤੇ 76694-00500 ਤੇ ਕਾਲ ਕਰਕੇ ਰਜਿਸਟਰ ਹੋ ਸਕਦੇ ਹਨ।

## ਉੱਤਸਵ ਦੇ ਪਹਿਲਾ ਦਿਨ ਬਾਲ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨੇ ਲੋਕਾਂ ਦੇ ਜਿਤੇ ਦਿਲ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸੱਭਿਆਚਾਰਕ ਕੇਂਦਰ, ਪਟਿਆਲਾ (ਭਾਰਤ ਸਰਕਾਰ ਦਾ ਸੱਭਿਆਚਾਰ ਮੰਤਰਾਲਾ) ਅਤੇ ਨਾਟਕ ਵਾਲਾ ਦੇ ਸਹਿਯੋਗ ਨਾਲ ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਦੇ ਮਹਾਨ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਧਾਲੀਵਾਲ ਦੀ ਯਾਦ ਵਿੱਚ ਕਾਲੀਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ, ਪਟਿਆਲਾ ਵਿਖੇ 23ਵਾਂ ਸਮਰ ਥੀਏਟਰ ਫੈਸਟੀਵਲ ਆਯੋਜਿਤ ਕਰ ਰਿਹਾ ਹੈ।

ਐਨਜ਼ੈਡਸੀਸੀ ਦੁਆਰਾ ਆਯੋਜਿਤ ਗਰਮੀਆਂ ਦੀਆਂ ਵਰਕਸ਼ਾਪਾਂ ਦੌਰਾਨ ਤਿਆਰ ਕੀਤੇ ਗਏ ਗਿੱਧਾ, ਭੰਗੜਾ ਅਤੇ ਦੋ ਬਾਲ ਨਾਟਕ ÷ਅੰਧੇਰ ਨਗਰੀ ਚੌਪਟ ਰਾਜਾ÷ ਅਤੇ ÷ਕੁਜ਼ਬਕ ਰਾਜਾ ਤੀਨ ਡਾਕੈਤ÷ ਫੈਸਟੀਵਲ ਦੇ ਉਦਘਾਟਨੀ ਦਿਨ ਪੇਸ਼ ਕੀਤੇ ਗਏ। ਗਿੱਧਾ ਸ਼੍ਰੀਮਤੀ ਸਰਬਜੀਤ ਕੌਰ ਬੱਗਾ ਦੁਆਰਾ ਤਿਆਰ ਕੀਤਾ ਗਿਆ ਸੀ, ਭੰਗੜਾ ਗੁਰਦਰਸ਼ਨ ਸਿੰਘ (ਟੋਨੀ) ਦੁਆਰਾ ਤਿਆਰ ਕੀਤਾ ਗਿਆ ਸੀ ਅਤੇ ਨਾਟਕ ਸ਼੍ਰੀਮਤੀ ਕਵਿਤਾ ਸ਼ਰਮਾ ਦੁਆਰਾ ਤਿਆਰ ਕੀਤੇ ਗਏ ਸਨ।

ਆਡੀਟੋਰੀਅਮ ਵਿੱਚ ਮੌਜੂਦ ਸਾਰੇ ਲੋਕਾਂ ਨੇ ਬੱਚਿਆਂ ਦੇ ਜੋਸ਼ੀਲੇ ਪ੍ਰਦਰਸ਼ਨਾਂ ਦਾ ਆਨੰਦ ਮਾਣਿਆ। ਡਾ. ਸਵਰਾਜ ਸਿੰਘ ਇਸ ਮੌਕੇ ਮੁੱਖ ਮਹਿਮਾਨ ਸਨ। ਪਦਮ ਪ੍ਰਾਨ ਸਭਰਵਾਲ, ਬੱਚਿਆਂ ਦੇ ਮਾਪਿਆਂ ਅਤੇ ਹੋਰਾਂ ਨੇ ਵਿਭਾਗ ਦੇ ਡਾਇਰੈਕਟਰ ਸ਼੍ਰੀ ਐਮ ਫੁਰਕਾਨ ਖਾਨ ਅਤੇ ਉਨ੍ਹਾਂ ਦੀ ਟੀਮ ਦਾ ਅਜਿਹੇ ਸਮਾਗਮ ਦੇ ਆਯੋਜਨ ਲਈ ਦਿਲੋਂ ਧੰਨਵਾਦ ਕੀਤਾ। ਡਾਇਰੈਕਟਰ ਮੁਹੰਮਦ ਫੁਰਕਾਨ ਖਾਨ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕੇਂਦਰ ਭਵਿੱਖ ਵਿੱਚ ਵੀ ਅਜਿਹੇ ਸਮਾਗਮਾਂ ਦਾ ਆਯੋਜਨ ਕਰਦਾ ਰਹੇਗਾ।

## ਸਰੂਪ ਰਾਣੀ ਸਰਕਾਰੀ ਕਾਲਜ ਵਿੱਚ ਮਨਾਇਆ ਨਸ਼ਿਆਂ ਵਿਰੁੱਧ ਅੰਤਰਰਾਸ਼ਟਰੀ ਦਿਵਸ



**ਅੰਮ੍ਰਿਤਸਰ 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਆਰ. ਸਰਕਾਰੀ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀ ਐਨ.ਸੀ.ਸੀ ਆਰਮੀ ਵਿੰਗ ਵੱਲੋਂ 'ਨਸ਼ੀਲੀ ਦਵਾਈਆਂ ਦੇ ਦੁਰਵਰਤੋਂ ਅਤੇ ਗੈਰਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ੍ਹੂੰ ਮਨਾਇਆ ਗਿਆ।

ਇਸ ਕਾਰਜਕ੍ਰਮ ਦਾ ਮਕਸਦ ਨਸ਼ਿਆਂ ਦੇ ਘਾਤਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਦਾ ਸੀ। ਇਹ ਸਮਾਰੋਹ ਪ੍ਰਿੰਸੀਪਲ ਮੈਡਮ ਕਿਰਨਜੀਤ ਬਾਲ ਦੀ ਅਗਵਾਈ ਅਤੇ ਸੀ.ਟੀ.ਓ. ਸੁਸ਼ਰੀ ਏਕਤਾ ਵਰਮਾ ਦੀ ਦੇਖ-ਰੇਖ ਹੇਠ ਹੋਇਆ।

ਜਾਗਰੂਕਤਾ ਮੁਹਿੰਮ ਦੇ ਤਹਿਤ ਐਨ.ਸੀ.ਸੀ ਆਰਮੀ ਵਿੰਗ ਵੱਲੋਂ ਕਈ ਗਤਿਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸ਼ਾਮਲ ਸਨ:

**ਵਿਸ਼ੇਸ਼ ਲੈਕਚਰ:**

ਐਨ.ਜੀ.ਓ. ਪ੍ਰਥਮ ਤੋਂ ਆਈ ਸੁਸ਼ਰੀ ਗੁਰਪ੍ਰੀਤ ਅਤੇ ਸੁਸ਼ਰੀ ਨਵਪ੍ਰੀਤ ਨੇ ਕੈਡੇਟਸ ਨੂੰ ਨਸ਼ਿਆਂ ਦੀ ਲਤ ਦੀ ਭਿਆਨਕਤਾ ਅਤੇ ਇਸ ਦੇ ਨੌਜਵਾਨਾਂ ਤੇ ਪਰਿਵਾਰਾਂ ਉੱਤੇ ਪੈਣ ਵਾਲੇ ਵਿਨਾਸ਼ਕਾਰੀ ਅਸਰਾਂ ਬਾਰੇ ਜਾਣਕਾਰੀ ਦਿੱਤੀ।

**ਨੁੱਕੜ ਨਾਟਕ:**

ਕੈਡੇਟਸ ਵੱਲੋਂ ਪੇਸ਼ ਨੁੱਕੜ ਨਾਟਕ ਵਿੱਚ ਵਿਖਾਇਆ ਗਿਆ ਕਿ ਕਿਸ ਤਰ੍ਹਾਂ ਨੌਜਵਾਨ ਵਰਗ ਅਸਾਨੀ ਨਾਲ ਨਸ਼ਿਆਂ ਦੇ ਝੂਠੇ ਆਕਰਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਹ ਉਨ੍ਹਾਂ ਨੂੰ ਦੁੱਖ ਅਤੇ ਪਛਤਾਵੇ ਵੱਲ ਲੈ ਜਾਂਦਾ ਹੈ।

**ਪੋਸਟਰ ਬਣਾਉਣ ਦੀ ਮੁਕਾਬਲਾ:**

ਕੈਡੇਟਸ ਨੇ ਨਸ਼ਿਆਂ ਦੀ ਵਰਤੋਂ ਵਿਰੁੱਧ ਪੋਸਟਰ ਤਿਆਰ ਕੀਤੇ। ਚੋਣੀ ਹੋਈ ਤਿੰਨ ਸਭ ਤੋਂ ਵਧੀਆ ਪੋਸਟਰਾਂ ਨੂੰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤਾ ਗਿਆ।

**ਭਾਸ਼ਣ ਅਤੇ ਕਵਿਤਾ ਪਾਠ:**

ਕੈਡੇਟਸ ਨੇ ਨਸ਼ਿਆਂ ਉੱਤੇ ਭਾਸ਼ਣ ਦਿੱਤੇ ਅਤੇ ਆਪਣੀ ਲਿਖੀ ਕਵਿਤਾਵਾਂ ਪੜ੍ਹੀਆਂ। ਚਾਰ ਚੋਣੀ ਹੋਈਆਂ ਪ੍ਰਤਿਭਾਵਾਂ ਨੂੰ ਪ੍ਰਸ਼ੰਸਾ ਰੂਪ ਵਿੱਚ ਮਾਣਤਾ ਦਿੱਤੀ ਗਈ।

ਸੀ.ਟੀ.ਓ. ਏਕਤਾ ਵਰਮਾ ਨੇ ਕੈਡੇਟਸ ਨੂੰ ਸਮਝਾਇਆ ਕਿ ਨਸ਼ਾ ਦਿਮਾਗ ਅਤੇ ਵਿਹਾਰ 'ਤੇ ਕਿਵੇਂ ਅਸਰ ਪਾਉਂਦਾ ਹੈ — ਇਹ ਥਕਾਵਟ, ਚਿੜਚਿੜਾਹਟ, ਗੁੱਸਾ, ਨੀਂਦ ਨਾ ਆਉਣਾ, ਸਿਰ ਦਰਦ ਅਤੇ ਸਰੀਰਕ ਦਰਦ ਦਾ ਕਾਰਨ ਬਣਦਾ ਹੈ। ਉਨ੍ਹਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਉੱਤੇ ਜ਼ੋਰ ਦਿੱਤਾ।

ਪ੍ਰਿੰਸੀਪਲ ਮੈਡਮ ਨੇ ਵੀ ਨਸ਼ਿਆਂ ਦੇ ਨੁਕਸਾਨਾਂ ਉੱਤੇ ਰੋਸ਼ਨੀ ਪਾਈ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਬੁਰਾਈ ਵਿਰੁੱਧ ਇਕਜੁੱਟ ਹੋ ਕੇ ਸਮਾਜ ਨੂੰ ਬਚਾਉਣ।

**ਪ੍ਰਣ ਲੈਣ ਸਮਾਰੋਹ:**

ਆਖ਼ਰ ਵਿੱਚ ਸਾਰੇ ਨੇ ਇਹ ਸੰਕਲਪ ਲਿਆ ਕਿ ਉਹ ਲੋਕ-ਸਿਹਤ ਅਤੇ ਰੋਕਥਾਮਕ ਕਦਮਾਂ ਨੂੰ ਅਪਣਾ ਕੇ ਇਸ ਪੀੜਾ ਅਤੇ ਤਬਾਹੀ ਦੇ ਚੱਕਰ ਨੂੰ ਸਦਾ ਲਈ ਖ਼ਤਮ ਕਰਨਗੇ।

**ਇਨਾਮ ਵੰਡ ਸਮਾਰੋਹ:**

ਭਾਸ਼ਣ, ਕਵਿਤਾ ਅਤੇ ਪੋਸਟਰ ਮੁਕਾਬਲਿਆਂ ਦੇ ਜੇਤੂਆਂ ਨੂੰ ਪ੍ਰਿੰਸੀਪਲ ਮੈਡਮ ਵੱਲੋਂ ਇਨਾਮ ਦਿੱਤੇ ਗਏ। ਕਾਲਜ ਪ੍ਰਸ਼ਾਸਨ ਅਤੇ ਪ੍ਰਿੰਸੀਪਲ ਮੈਡਮ ਨੇ ਕੈਡੇਟਸ ਦੇ ਸਮਾਜਿਕ ਉਦੇਸ਼ ਲਈ ਕੀਤੇ ਯਤਨਾਂ ਦੀ ਸਾਧੁਨਾ ਕੀਤੀ ਅਤੇ ਕਾਰਜਕ੍ਰਮ ਸਫਲਤਾ ਨਾਲ ਪੂਰਾ ਹੋਇਆ।

# ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪਿੰਡਾਂ ਨੂੰ ਵਿਕਸਤ ਕਰਨ ਲਈ ਮਿਲਣਗੀਆਂ ਵਿਸ਼ੇਸ਼ ਗ੍ਰਾਂਟਾਂ :ਡਾ. ਬਲਬੀਰ ਸਿੰਘ

➢ ਭਲਾਈ ਤੇ ਵਿਕਾਸ ਸਕੀਮਾਂ ਲੈਕੇ ਲੋਕਾਂ ਤੱਕ ਪਹੁੰਚ ਯਕੀਨੀ ਬਣਾਉਣ ਅਧਿਕਾਰੀ: ਸਿਹਤ ਮੰਤਰੀ ➢ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਤੇ ਸ਼ਹਿਰੀ ਵਾਰਡਾਂ 'ਚ ਰੰਗਲਾ ਪੰਜਾਬ ਪ੍ਰਾਜੈਕਟ ਤਹਿਤ ਵਿਕਾਸ ਕੰਮਾਂ ਦਾ ਜਾਇਜ਼ਾ ➢ਵਿਕਾਸ 'ਚ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ 24 ਪਿੰਡਾਂ ਦੇ ਪੰਚਾਂ-ਸਰਪੰਚਾਂ ਤੇ 12 ਵਾਰਡਾਂ ਦੇ ਕੌਂਸਲਰਾਂ ਨਾਲ ਬੈਠਕਾਂ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

"ਪੰਜਾਬ ਸਰਕਾਰ ਦੇ ਅਧਿਕਾਰੀ ਵਿਕਾਸ ਸਕੀਮਾਂ ਲੈਕੇ ਪਿੰਡਾਂ ਤੇ ਵਾਰਡਾਂ 'ਚ ਲੋਕਾਂ ਕੋਲ ਜਾਣ ਅਤੇ ਉਹ ਖ਼ੁਦ ਵੱਖ-ਵੱਖ ਮਹਿਕਮਿਆਂ ਦੀ ਕਾਰਗੁਜ਼ਾਰੀ ਦਾ ਹਰ ਮਹੀਨੇ ਮੁਲੰਕਣ ਕਰਨਗੇ ਤਾਂ ਜੋ ਹਲਕੇ ਦਾ ਬਿਨ੍ਹਾਂ ਕਿਸੇ ਵਿਤਕਰੇ ਦੇ ਚਹੁੰਪੱਖੀ ਵਿਕਾਸ ਯਕੀਨੀ ਬਣਾਇਆ ਜਾ ਸਕੇ।" ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕੀਤਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਤੇ ਖਾਸ ਕਰਕੇ ਉਨ੍ਹਾਂ ਦੇ ਹਲਕੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨਛੋਹ ਪ੍ਰਾਪਤ ਕਈ ਅਸਥਾਨ ਹਨ, ਇਸ ਲਈ ਗੁਰੂ ਸਾਹਿਬ ਦੀ ਸ਼ਹਾਦਤ 350 ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਜਿੱਥੇ ਇਨ੍ਹਾਂ ਪਿੰਡਾਂ ਨੂੰ ਵਿਸ਼ੇਸ਼ ਗ੍ਰਾਂਟਾਂ ਦੇ ਕੇ ਵਿਕਸਤ ਕੀਤਾ ਜਾਵੇਗਾ, ਉਥੇ ਹੀ ਇਨ੍ਹਾਂ ਗੁਰੂ ਘਰਾਂ ਨੂੰ ਜਾਣ ਵਾਲੇ ਰਸਤਿਆਂ 'ਤੇ ਗੁਰੂ ਸਾਹਿਬ ਨਾਲ ਸਬੰਧਤ ਦਰਖ਼ਤ ਖਿਰਨੀ, ਨਿੰਮ ਤੇ ਹੋਰ ਫ਼ਲ ਬੂਟੇ ਲਗਾਏ ਜਾਣਗੇ।

ਸਿਹਤ ਮੰਤਰੀ ਅੱਜ ਇੱਥੇ ਰੰਗਲਾ ਪੰਜਾਬ ਪ੍ਰਾਜੈਕਟ ਤਹਿਤ ਆਪਣੇ ਹਲਕੇ ਪਟਿਆਲਾ ਦਿਹਾਤੀ ਦੇ 24 ਪਿੰਡਾਂ ਦੇ ਪੰਚਾਂ-ਸਰਪੰਚਾਂ ਸਮੇਤ 12 ਸ਼ਹਿਰੀ ਵਾਰਡਾਂ ਦੇ ਕੌਂਸਲਰਾਂ ਸਮੇਤ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇਲਾਕੇ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਅਤੇ ਕੀਤੇ ਜਾ ਰਹੇ ਕੰਮਾਂ ਦਾ ਮੁਲੰਕਣ ਕਰਨ ਲਈ ਬੈਠਕ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ, ਏ.ਡੀ.ਸੀ. ਦਿਹਾਤੀ ਵਿਕਾਸ ਅਮਰਿੰਦਰ ਸਿੰਘ ਟਿਵਾਣਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਆਪਣੇ ਹਲਕੇ ਦੇ ਵਿਕਾਸ 'ਚ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਉਹ ਲਗਾਤਾਰ ਅਜਿਹੀਆਂ ਬੈਠਕਾਂ ਕਰ ਰਹੇ ਹਨ ਤਾਂ ਕਿ ਜਮੀਨੀ ਹਕੀਕਤਾਂ ਤਾ ਪਤਾ ਲਗਾ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਪਿੰਡਾਂ 'ਚ ਛੱਪੜਾਂ ਨੂੰ ਥਾਪਰ ਤੇ ਸੀਚੇਵਾਲ ਮਾਡਲ ਨਾਲ ਵਿਕਸਤ ਕਰਨਾ, ਸਿਹਤ ਤੇ ਸਿੱਖਿਆ ਕ੍ਰਾਂਤੀ ਤਹਿਤ ਪਿੰਡਾਂ ਦੇ ਸਕੂਲਾਂ ਨੂੰ ਬਿਹਤਰ ਬਣਾਉਣਾ ਤੇ ਬਿਹਤਰ ਸਿਹਤ ਸੇਵਾਵਾਂ ਲੋਕਾਂ ਤੱਕ ਪੁੱਜਦੀਆਂ ਕਰਨਾ ਉਨ੍ਹਾਂ ਦੀ ਵਿਸ਼ੇਸ਼ ਤਰਜੀਹ ਹੈ।

ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਦੇ ਵਾਰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ, ਜਿਸ ਲਈ ਪਿੰਡ ਦੇ ਸਾਂਝੇ ਕੰਮਾਂ ਲਈ ਗ੍ਰਾਮ ਪੰਚਾਇਤਾਂ ਮਤੇ ਪਾਸ ਕਰਨ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਨੇ ਆਪਣੇ ਪਿੰਡਾਂ ਵਿੱਚ ਦਹਾਕਿਆਂ ਬਾਅਦ ਨਹਿਰੀ ਪਾਣੀ ਦੀ ਸਪਲਾਈ ਟੇਲਾਂ ਤੱਕ ਮਿਲਣ ਲਈ ਪੰਜਾਬ ਸਰਕਾਰ ਤੇ ਸਿਹਤ ਮੰਤਰੀ ਦਾ ਧੰਨਵਾਦ ਵੀ ਕੀਤਾ।

ਡਾ. ਬਲਬੀਰ ਸਿੰਘ ਨੇ ਇਸੇ ਦੌਰਾਨ ਨਗਰ ਨਿਗਮ ਵਿਖੇ ਆਪਣੇ ਹਲਕੇ ਦੇ 2 ਤੋਂ 14 ਵਾਰਡਾਂ ਦੇ ਕੌਂਸਲਰਾਂ ਨਾਲ ਬੈਠਕ ਕਰਦਿਆਂ 24 ਘੰਟੇ ਪਾਣੀ ਦੀ ਸਪਲਾਈ, ਵੱਖ-ਵੱਖ ਕਲੋਨੀਆਂ 'ਚ ਸੜਕਾਂ, ਜਲ ਸਪਲਾਈ, ਸੀਵਰੇਜ, ਸਟਰੀਟ ਲਾਇਟਾਂ, ਪਾਰਕਾਂ ਦੇ ਕੰਮਾਂ ਦਾ ਜਾਇਜ਼ਾ ਲੈਂਦਿਆਂ ਨਗਰ ਨਿਗਮ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਉਨ੍ਹਾਂ ਕਿਹਾ ਕਿ ਪਟਿਆਲਾ ਹਲਕੇ ਦੇ ਵਿਕਾਸ 'ਚ ਸਾਰੇ ਲੋਕਾਂ ਦੇ ਯੋਗਦਾਨ ਨੂੰ ਦਿਸ਼ਾ ਦੇਣ ਲਈ ਇਹ ਮੀਟਿੰਗਾਂ ਲਗਾਤਾਰ ਜਾਰੀ ਰਹਿਣਗੀਆਂ ਤੇ ਉਹ ਸਾਰੇ ਵਿਭਾਗਾਂ ਦੇ ਜ਼ਿਲ੍ਹਾ ਮੁਖੀਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਵੀ ਕਰਨਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿਤੇ ਕਿ ਉਹ ਚੁਣੇ ਨੁਮਾਇੰਦਿਆਂ ਨੂੰ ਬਣਦਾ ਮਾਣ ਸਨਮਾਨ ਦੇਣ ਤੇ ਉਨ੍ਹਾਂ ਦੇ ਖੇਤਰ ਨਾਲ ਸਬੰਧਤ ਕੰਮ ਪਹਿਲ ਦੇ ਅਧਾਰ 'ਤੇ ਕਰਨ 'ਚ ਕੋਈ ਢਿੱਲ ਮੱਠ ਨਾ ਵਰਤਣ।

ਬੈਠਕ ਦੌਰਾਨ ਐਡਵੋਕੇਟ ਰਾਹੁਣ ਸੈਣੀ, ਜਸਵੀਰ ਗਾਂਧੀ, ਜੈ ਸ਼ੰਕਰ, ਸੁਰੇਸ਼ ਰਾਏ, ਵੱਡੀ ਗਿਣਤੀ ਵਿੱਚ ਸਰਪੰਚ ਤੇ ਬਲਾਕ ਪ੍ਰਧਾਨ, ਵਾਰਡਾਂ ਦੇ ਕੌਂਸਲਰ, ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ, ਐਸ.ਡੀ.ਐਮਜ, ਡੀ.ਐਸ.ਪੀ ਮਨੋਜ ਗੋਰਸੀ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਡੀ.ਡੀ.ਪੀ.ਓ, ਬੀਡੀਪੀਓਜ ਤੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਹਾਜਰ ਸਨ।

## ਪਟਿਆਲਾ ਵਾਸੀਆਂ ਨੂੰ ਜਲਦ ਮਿਲੇਗੀ ਈਜ਼ੀ ਰਜਿਸਟਰੀ ਦੀ ਸਹੂਲਤ

# ਡਿਪਟੀ ਕਮਿਸ਼ਨਰ ਵੱਲੋਂ ਈਜ਼ੀ ਰਜਿਸਟਰੀ ਪ੍ਰਣਾਲੀ ਨੂੰ ਸ਼ੁਰੂ ਕਰਨ ਸੰਬੰਧੀ ਕਾਰਜਾਂ ਦੀ ਸਮੀਖਿਆ



**ਪਟਿਆਲਾ, 30 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਈਜ਼ੀ ਰਜਿਸਟਰੀ ਪ੍ਰਣਾਲੀ ਨੂੰ ਸ਼ੁਰੂ ਕਰਨ ਸੰਬੰਧੀ ਕੀਤੇ ਜਾ ਰਹੇ ਕਾਰਜਾਂ ਦੀ ਸਮੀਖਿਆ ਕਰਨ ਲਈ ਸਬ ਰਜਿਸਟਰਾਰ ਦਫ਼ਤਰ ਪਟਿਆਲਾ ਦਾ ਅਚਨਚੇਤ ਦੌਰਾ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਮ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਜਲਦੀ ਹੀ ਪਟਿਆਲਾ ਜ਼ਿਲ੍ਹੇ ਵਿੱਚ ਕੀਤੀ ਜਾਵੇਗੀ, ਇਸ ਲਈ ਸਬ ਰਜਿਸਟਰਾਰ ਦਫ਼ਤਰ ਵਿਖੇ ਜੋ ਲੋੜੀਂਦੇ ਬਦਲਾਅ ਕਰਨ ਦੀ ਜ਼ਰੂਰਤ ਹੈ, ਉਹ ਕੀਤੇ ਜਾ ਰਹੇ ਹਨ ਤੇ ਬਹੁਤ ਜਲਦ ਇਹ ਸੇਵਾ ਪਟਿਆਲਾ ਵਾਸੀਆਂ ਨੂੰ ਮਿਲਣੀ ਸ਼ੁਰੂ ਹੋ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਦੇ ਸ਼ੁਰੂ ਹੋਣ ਨਾਲ ਲੋਕਾਂ ਨੂੰ ਹਰ ਜਾਣਕਾਰੀ ਮੋਬਾਈਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਅਤੇ ਪਾਰਦਰਸ਼ੀ ਹੋਵੇਗੀ। ਉਨ੍ਹਾਂ ਦੱਸਿਆ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ 1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪਿੰਡਾਂ ਵਿੱਚ ਜਾਂ ਦੂਰ ਦੁਰਾਡੇ ਰਹਿਣ ਵਾਲੇ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂੰ ਹੋ ਸਕਣ।

ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਤਹਿਤ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪਵੇਗੀ ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਤ ਸਮੇਂ 'ਤੇ ਹੋਵੇਗੀ ਜਿਸ ਨਾਲ ਲੋਕਾਂ ਦਾ ਸਮਾਂ ਬਚੇਗਾ।

ਉਨ੍ਹਾਂ ਦੱਸਿਆ ਕਿ ਨਵੇਂ ਸਿਸਟਮ ਮੁਤਾਬਕ ਜੇਕਰ ਰਜਿਸਟਰੀ ਦੇ ਦਸਤਾਵੇਜ਼ਾਂ ਦੀ ਦਰੁਸਤੀ ਹੋਣੀ ਹੈ ਤਾਂ ਉਸ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਵੇਗਾ ਤਾਂ ਕਿ ਰਜਿਸਟਰੀ ਵਾਲੇ ਦਿਨ ਮੌਕੇ ਉਤੇ ਅਜਿਹੀ ਕੋਈ ਦਿੱਕਤ ਪੇਸ਼ ਨਾ ਆਵੇ।

# ਅਕਾਲੀ ਦਲ ਵੱਲੋਂ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ; ਕੋਰ ਕਮੇਟੀ 'ਚ ਮਜੀਠੀਆ ਸ਼ਾਮਲ



**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਪਹਿਲੇ ਪੜਾਅ 'ਚ ਪਾਰਟੀ ਦੀ ਕੋਰ ਕਮੇਟੀ ਅਤੇ ਅਹੁਦੇਦਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਗਈ ਹੈ। ਪਾਰਟੀ ਦੀ 31 ਮੈਂਬਰੀ ਕੋਰ ਕਮੇਟੀ ਐਲਾਨੀ ਗਈ ਹੈ, ਜਿਸ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਵੀ ਥਾਂ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਅੱਜ ਉਸ ਵੇਲੇ ਕੀਤਾ, ਜਦੋਂ ਅਕਾਲ ਤਖ਼ਤ ਸਾਹਿਬ ਵੱਲੋਂ ਕਾਇਮ ਪੰਜ ਮੈਂਬਰੀ ਭਰਤੀ ਕਮੇਟੀ ਨੇ ਸਾਂਝਾ ਪੰਥਕ ਪਲੇਟਫ਼ਾਰਮ ਬਣਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਵੱਲੋਂ ਐਲਾਨੇ ਗਏ ਅਹੁਦੇਦਾਰਾਂ ਵਿੱਚ ਬਲਵਿੰਦਰ ਸਿੰਘ ਭੂੰਦੜ ਪਾਰਟੀ ਦੇ ਸਕੱਤਰ ਜਨਰਲ, ਡਾ. ਦਲਜੀਤ ਸਿੰਘ ਚੀਮਾ ਸਕੱਤਰ ਅਤੇ ਐਨ.ਕੇ. ਸ਼ਰਮਾ ਖ਼ਜ਼ਾਨਚੀ ਬਣਾਏ ਗਏ ਹਨ। ਇਸੇ ਤਰ੍ਹਾਂ ਸਰਬਜੀਤ ਸਿੰਘ ਝਿੰਜਰ ਨੂੰ ਯੂਥ ਵਿੰਗ ਅਤੇ ਬੀਬੀ ਹਰਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਹੈ। ਰਣਬੀਰ ਸਿੰਘ ਰਾਣਾ ਢਿੱਲੋਂ ਨੂੰ ਐਸਓਆਈ ਦਾ ਪ੍ਰਧਾਨ ਬਣਾਇਆ ਗਿਆ। ਪਾਰਟੀ ਦੀ ਕੋਰ ਕਮੇਟੀ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਵੀ ਥਾਂ ਦਿੱਤੀ ਗਈ ਹੈ ਅਤੇ ਪਾਰਟੀ ਵਿੱਚ ਮੁੜ ਸ਼ਾਮਲ ਹੋਏ ਸਿਕੰਦਰ ਸਿੰਘ ਮਲੂਕਾ ਵੀ ਕੋਰ ਕਮੇਟੀ ਦੇ ਮੈਂਬਰ ਲਏ ਗਏ ਹਨ। ਸੁਖਬੀਰ ਵੱਲੋਂ ਐਲਾਨੀ ਗਈ ਕੋਰ ਕਮੇਟੀ 'ਚ 31 ਸੀਨੀਅਰ ਆਗੂ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ 'ਚ ਬਲਵਿੰਦਰ ਸਿੰਘ ਭੂੰਦੜ, ਹਰਜਿੰਦਰ ਸਿੰਘ ਧਾਮੀ, ਨਰੇਸ਼ ਗੁਜਰਾਲ, ਪਰਮਜੀਤ ਸਿੰਘ ਸਰਨਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਜਨਮੇਜਾ ਸਿੰਘ ਸੇਖੋਂ, ਸਿਕੰਦਰ ਸਿੰਘ ਮਲੂਕਾ, ਹਰਸਿਮਰਤ ਕੌਰ ਬਾਦਲ, ਮਨਜੀਤ ਸਿੰਘ ਜੀਕੇ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਸੁੱਚਾ ਸਿੰਘ ਲੰਗਾਹ, ਗੁਰਬਚਨ ਸਿੰਘ ਬੱਬੇਹਾਲੀ, ਲਖਬੀਰ ਸਿੰਘ ਲੋਧੀਨੰਗਲ, ਐਨ.ਕੇ.ਸ਼ਰਮਾ, ਮਨਤਾਰ ਸਿੰਘ ਬਰਾੜ, ਬਲਦੇਵ ਸਿੰਘ ਖਹਿਰਾ, ਐਸਆਰ ਕਲੇਰ, ਜੋਗਿੰਦਰ ਸਿੰਘ ਜਿੰਦੂ, ਤੀਰਥ ਸਿੰਘ ਮਾਹਲਾ, ਰਣਜੀਤ ਸਿੰਘ ਢਿੱਲੋਂ, ਵਰਦੇਵ ਸਿੰਘ ਮਾਨ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਕਮਲ ਚੇਤਲੀ, ਹਰਪ੍ਰੀਤ ਸਿੰਘ ਕੋਟਭਾਈ, ਸੁਖਦੀਪ ਸਿੰਘ ਅਤੇ ਦਰਬਾਰਾ ਸਿੰਘ ਗੁਰੂ ਦੇ ਨਾਮ ਸ਼ਾਮਲ ਹਨ।

# ਪੰਜਾਬ ਸਰਕਾਰ ਨੇ ਵਿਸ਼ੇਸ਼ ਬਜ਼ੁਰਗ ਭਲਾਈ ਮੁਹਿੰਮ ਰਾਹੀਂ ਅਯੋਗ ਪੈਨਸ਼ਨ ਖਾਤਿਆਂ ਤੋਂ 166 ਕਰੋੜ ਰੁਪਏ ਦੀ ਵਸੂਲੀ ਕੀਤੀ: ਡਾ. ਬਲਜੀਤ ਕੌਰ

"ਸਾਡੇ ਬਜ਼ੁਰਗ ਸਾਡਾ ਮਾਣ"ਸਰਵੇਖਣ ਤੋਂ 166 ਕਰੋੜ ਰੁਪਏ ਦੀ ਵਸੂਲੀ ਹੋਈ, ਬਾਕੀ 86 ਕਰੋੜ ਰੁਪਏ ਦੀ ਤੇਜ਼ੀ ਨਾਲ ਵਸੂਲੀ ਕੀਤੀ ਜਾਵੇਗੀ: ਸਮਾਜਿਕ ਸੁਰੱਖਿਆ ਮੰਤਰੀ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ, ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਅਤੇ ਮਾਣ-ਸਨਮਾਨ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਕਦਮ ਚੁੱਕ ਰਹੀ ਹੈ। ਇੱਕ ਸ਼ਾਨਦਾਰ ਪਹਿਲਕਦਮੀ ਵਿੱਚ, ਮ੍ਰਿਤਕ ਪੈਨਸ਼ਨ ਲਾਭਪਾਤਰੀਆਂ ਦੀ ਪਛਾਣ ਕਰਨ ਅਤੇ ਸਹੀ ਪ੍ਰਾਪਤ ਕਰਤਾਵਾਂ ਨੂੰ ਪੈਨਸ਼ਨਾਂ ਦੀ ਵੰਡ ਨੂੰ ਸੁਚਾਰੂ ਬਣਾਉਣ ਲਈ "ਸਾਡੇ ਬਜ਼ੁਰਗ ਸਾਡਾ ਮਾਣ"ਸਿਰਲੇਖ ਹੇਠ ਇੱਕ ਵਿਸ਼ੇਸ਼ ਸਰਵੇਖਣ ਕੀਤਾ ਗਿਆ।

ਅੱਜ ਇਹ ਖੁਲਾਸਾ ਕਰਦਿਆਂ, ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਵਿਆਪਕ ਸਰਵੇਖਣ ਰਾਹੀਂ, 67,852 ਮ੍ਰਿਤਕ ਪੈਨਸ਼ਨਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੇ ਖਾਤਿਆਂ ਵਿੱਚ ਸਮੇਂ ਦੇ ਨਾਲ ਲਗਭਗ 252 ਕਰੋੜ ਰੁਪਏ ਇਕੱਠੇ ਹੋਏ ਸਨ। ਇਸ ਰਕਮ ਵਿੱਚੋਂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀਆਂ ਅਤੇ ਬੈਂਕਾਂ ਦੇ ਸਹਿਯੋਗ ਨਾਲ 166 ਕਰੋੜ ਰੁਪਏ ਦੀ ਵੱਡੀ ਰਕਮ ਦੀ ਵਸੂਲੀ ਕੀਤੀ ਜਾ ਚੁੱਕੀ ਹੈ।



ਮੰਤਰੀ ਨੇ ਅਧਿਕਾਰੀਆਂ ਨੂੰ ਬਾਕੀ 86 ਕਰੋੜ ਰੁਪਏ ਦੀ ਵਸੂਲੀ ਵਿੱਚ ਤੇਜ਼ੀ ਲਿਆਉਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਹ ਪ੍ਰਾਪਤ ਫੰਡ ਹੋਰ ਯੋਗ ਲਾਭਪਾਤਰੀਆਂ ਤੱਕ ਪੈਨਸ਼ਨ ਲਾਭ ਪਹੁੰਚਾਉਣ ਲਈ ਵਰਤੇ ਜਾਣ।

ਡਾ. ਬਲਜੀਤ ਕੌਰ ਨੇ ਕਿਹਾ ਕਿ ਰਾਜ ਵਿੱਚ ਲਗਭਗ 35 ਲੱਖ ਬਜ਼ੁਰਗ, ਵਿਧਵਾਵਾਂ, ਬੇਸਹਾਰਾ ਬੱਚੇ ਅਤੇ ਦਿਵਿਆਂਗ ਵਿਅਕਤੀਆਂ ਨੂੰ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 1500 ਰੁਪਏ ਦੀ ਮਹੀਨਾਵਾਰ ਪੈਨਸ਼ਨ ਮਿਲ ਰਹੀ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਅਤੇ ਆਂਗਣਵਾੜੀ ਸੁਪਰਵਾਈਜ਼ਰਾਂ ਦੀ ਵਚਨਬੱਧਤਾ ਅਤੇ ਮਿਹਨਤੀ ਯਤਨਾਂ ਦੀ ਸ਼ਲਾਘਾ ਕੀਤੀ, ਜੋ ਘਰ-ਘਰ ਜਾ ਕੇ ਪੈਨਸ਼ਨਰਾਂ ਦੀ ਭਲਾਈ ਅਤੇ ਸਥਿਤੀ ਬਾਰੇ ਸਹੀ ਜਾਣਕਾਰੀ ਇਕੱਠੀ ਕਰ ਰਹੇ ਹਨ।

ਇਸ ਮੌਕੇ ਡਾ. ਬਲਜੀਤ ਕੌਰ ਨੇ ਇਹ ਵੀ ਦੱਸਿਆ ਕਿ ਸਾਡੀ ਸਰਕਾਰ ਸਮਾਜਿਕ ਸੁਰੱਖਿਆ ਤਹਿਤ ਹਰ ਇੱਕ ਯੋਗ ਲਾਭਪਾਤਰੀ ਨੂੰ ਪੈਨਸ਼ਨ ਮੁਹਈਆ ਕਰ ਰਹੀ ਹੈ। ਮੌਜੂਦਾ ਵਿੱਤੀ ਸਾਲ ਦੌਰਾਨ ਮਈ 2025 ਤੱਕ 43,644 ਹੋਰ ਨਵੇਂ ਯੋਗ ਲਾਭਪਾਤਰੀਆਂ ਨੂੰ ਪੈਨਸ਼ਨ ਦੇਣ ਲਈ ਅਰਜ਼ੀਆਂ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਯੋਗ ਲਾਭਪਾਤਰੀਆਂ ਨੂੰ ਪਾਰਦਰਸ਼ੀ ਢੰਗ ਨਾਲ ਪੈਨਸ਼ਨ ਬਿਨਾਂ ਦੇਰੀ ਤੋਂ ਮੁਹਈਆ ਕਰਵਾਈ ਜਾਵੇ।

ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ, ਡਾ. ਕੌਰ ਨੇ ਜ਼ਿਕਰ ਕੀਤਾ ਕਿ ਸਰਵੇਖਣ ਦੌਰਾਨ ਐਮ-ਸੇਵਾ ਐਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਗਿਆ ਸੀ, ਤਾਂ ਜੋ ਅਸਲ-ਸਮੇਂ ਦੇ ਡੇਟਾ ਸੰਗ੍ਰਹਿ ਅਤੇ ਨਿਗਰਾਨੀ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਦੇ ਲੋਕਾਂ ਨੂੰ ਸਰਕਾਰੀ ਲਾਭਾਂ ਦੀ ਸਹੀ ਵੰਡ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਭਲਾਈ ਪਹਿਲਕਦਮੀਆਂ ਅਤੇ ਤਸਦੀਕ ਸਰਵੇਖਣ ਨਿਯਮਿਤ ਤੌਰ 'ਤੇ ਕੀਤੇ ਜਾਣਗੇ।

ਜ਼ਿਲ੍ਹਾ ਅਧਿਕਾਰੀਆਂ, ਬੈਂਕਾਂ ਅਤੇ ਸਮਾਜਿਕ ਸੁਰੱਖਿਆ ਵਿਭਾਗ ਵਿਚਕਾਰ ਸਰਗਰਮ ਤਾਲਮੇਲ ਦੀ ਸ਼ਲਾਘਾ ਕਰਦੇ ਹੋਏ, ਮੰਤਰੀ ਨੇ ਅਧਿਕਾਰੀਆਂ ਨੂੰ ਬਕਾਇਆ ਰਕਮਾਂ ਦੀ ਵਸੂਲੀ ਦੀ ਗਤੀ ਬਣਾਈ ਰੱਖਣ ਅਤੇ ਸਮਾਜ ਦੇ ਬਜ਼ੁਰਗਾਂ ਅਤੇ ਹਾਸ਼ੀਏ 'ਤੇ ਪਏ ਵਰਗਾਂ ਦੀ ਭਲਾਈ ਲਈ ਆਪਣੀ ਅਟੁੱਟ ਸੇਵਾ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ।

## ਡਿਪਟੀ ਕਮਿਸ਼ਨਰ ਵੱਲੋਂ ਐਨਜੀਓ ਪਟਿਆਲਾ ਅਵਰ ਪ੍ਰਾਈਡ ਵੱਲੋਂ ਸ਼ੀਸ਼ ਮਹਿਲ ਨੇੜੇ ਲਗਾਈ ਗੁਰੂ ਨਾਨਕ ਬਾਗੀਚੀ ਦਾ ਦੌਰਾ

# ਹੋਰ ਵਾਧੂ ਬੂਟੇ ਲਗਾ ਕੇ 1 ਏਕੜ ਦੀ ਗੁਰੂ ਨਾਨਕ ਬਗੀਚੀ ਦਾ ਘੇਰਾ ਹੋਰ ਵਧਾਇਆ ਜਾਵੇਗਾ : ਡਾ. ਪ੍ਰੀਤੀ ਯਾਦਵ



**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਅਵਰ ਪ੍ਰਾਈਡ ਵੱਲੋਂ ਇੱਥੇ ਕੇਸਰ ਬਾਗ ਨੇੜੇ (ਸ਼ੀਸ਼ ਮਹਿਲ) ਲਗਾਈ ਗਈ ਗੁਰੂ ਨਾਨਕ ਬਗੀਚੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਸਮਾਜ ਸੇਵੀਆਂ ਸੀ. ਐਮ. ਕੌੜਾ, ਐਚ. ਪੀ. ਐਸ. ਲਾਂਬਾ, ਅਸ਼ੋਕ ਵਰਮਾ, ਕਰਨਲ ਕਰਮਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ ਤੇ ਰਾਜ ਕੁਮਾਰ ਗੋਇਲ ਨਾਲ ਬੈਠਕ ਕਰਦਿਆਂ ਸੰਸਥਾ ਵੱਲੋਂ ਗਰੀਨ ਖੇਤਰ ਹੋਰ ਵਧਾਉਣ ਲਈ ਮੰਗੀ ਗਈ ਜਗ ?ਹਾ ਸੰਸਥਾ ਨੂੰ ਦੇਣ ਦੀ ਸਹਿਮਤੀ ਵੀ ਪ੍ਰਗਟਾਈ।

ਸਮਾਜ ਸੇਵੀਆਂ ਨੇ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਵਾਇਆ ਕਿ 15 ਜੁਲਾਈ 2024 ਨੂੰ ਇਸ ਗੁਰੂ ਨਾਨਕ ਬਾਗੀਚੀ ਵਿੱਚ ਬੂਟੇ ਲਗਾ ਕੇ ਸ਼ਹਿਰ ਪਟਿਆਲਾ ਨੂੰ ਹਰਾ-ਭਰਾ ਅਤੇ ਸਿਹਤਮੰਦ ਬਣਾਉਣ ਲਈ ਇੱਕ ਮਹੱਤਵਪੂਰਨ ਵਾਤਾਵਰਣੀਕ ਪਹਿਲ ਦੀ ਸ਼ੁਰੂਆਤ ਕੀਤੀ ਸੀ। ਇੱਥੇ 1 ਏਕੜ (87 ਫੁੱਟ ਬਾਇ 500 ਫੁੱਟ) ਵਿੱਚ ਮਿਯਾਵਾਕੀ ਤਕਨਾਲੋਜੀ ਦੀ ਵਰਤੋਂ ਕਰਕੇ 500 ਤੋਂ ਵੱਧ ਪੌਦੇ ਲਗਾਏ ਗਏ ਹਨ, ਜਿਸ ਦੀ ਡਾ. ਪ੍ਰੀਤੀ ਯਾਦਵ ਨੇ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਸੇਵੀਆਂ ਦੇ ਸਹਿਯੋਗ ਸਦਕਾ ਹੀ ਭਵਿੱਖ ਦੀਆਂ ਪੀੜ੍ਹੀਆਂ ਲਈ ਪਟਿਆਲਾ ਨੂੰ ਇੱਕ ਬਿਹਤਰ ਥਾਂ ਬਣਾਉਣ ਦੀ ਵਚਨਬੱਧਤਾ ਵਿਖਾਈ ਗਈ ਹੈ।

ਡਾ. ਪ੍ਰੀਤੀ ਯਾਦਵ ਨੇ ਗੁਰੂ ਨਾਨਕ ਬਾਗੀਚੀ, ਜਿਸ ਵਿੱਚ ਨੀਮ, ਗੁੜਹਲ, ਕੜੀ ਪੱਤਾ ਅਤੇ ਅੰਬ, ਜਾਮੁਨ ਵਰਗੀਆਂ ਦੇਸੀ ਬੂਟਿਆਂ ਦੀ ਵੱਖ-ਵੱਖ ਕਿਸਮਾਂ ਨੂੰ ਸਥਾਨਕ ਜੈਵਿਕ ਵਿਵਿਧਤਾ ਅਤੇ ਵਾਤਾਵਰਣ ਸਿਹਤ ਵਧਾਊ ਪਹਿਲ ਦੱਸਿਆ ਹੈ। ਸਾਰੇ ਸਮਾਜ ਸੇਵੀਆਂ ਨੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸ਼ਹਿਰ ਪਟਿਆਲਾ ਨੂੰ ਹਰਿਆ ਭਰ ? ?ਆ ਬਣਾਉਣ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਇਸ ਮੌਕੇ ਵਣ ਮੰਡਲ ਅਫ਼ਸਰ ਗੁਰਮਨਪ੍ਰੀਤ ਸਿੰਘ, ਰੇਂਜ ਅਫ਼ਸਰ ਸਵਰਨ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦਾ 118ਵਾਂ ਦਿਨ: 710 ਗ੍ਰਾਮ ਹੈਰੋਇਨ, 1 ਕਿਲੋ ਅਫੀਮ, 1.2 ਲੱਖ ਰੁਪਏ ਦੀ ਡਰੱਗ ਮਨੀ ਸਮੇਤ 125 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ 118ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 125 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 710 ਗ੍ਰਾਮ ਹੈਰੋਇਨ, 1 ਕਿਲੋ ਅਫੀਮ ਅਤੇ 1.22 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਦੇ ਨਾਲ, 118 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 19,473 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 488 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 84 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 505 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 78 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਮੰਤਰੀ ਮੰਡਲ ਵਿੱਚ ਫੇਰਬਦਲ ਹ.ਫਤੇ ਲਈ ਟਲਿਆ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕੈਬਨਿਟ ਦਾ ਫੇਰਬਦਲ ਹੁਣ ਕਰੀਬ ਇੱਕ ਹ.ਫਤੇ ਲਈ ਟਲ ਗਿਆ ਹੈ। ਪੰਜਾਬ ਮੰਤਰੀ ਮੰਡਲ ਦੇ ਵਿਸਥਾਰ ਦਾ ਮੁਲਤਵੀ ਹੋਣ ਦਾ ਕਾਰਨ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਚੰਡੀਗੜ੍ਹ 'ਚ ਗੈਰ-ਮੌਜੂਦਗੀ ਹੋਣਾ ਦੱਸਿਆ ਜਾ ਰਿਹਾ ਹੈ। ਪਤਾ ਲੱਗਿਆ ਹੈ ਕਿ ਰਾਜਪਾਲ ਕਟਾਰੀਆ ਆਪਣੇ ਜੱਦੀ ਸ਼ਹਿਰ ਉਦੈਪੁਰ ਜਾ ਰਹੇ ਹਨ ਅਤੇ ਰਾਜਪਾਲ ਵੱਲੋਂ ਹੀ ਕੈਬਨਿਟ ਵਿਸਥਾਰ ਮੌਕੇ ਨਵੇਂ ਵਜ਼ੀਰਾਂ ਨੂੰ ਅਹੁਦੇ ਦਾ ਹਲ.ਫ ਦਿਵਾਇਆ ਜਾਣਾ ਹੁੰਦਾ ਹੈ।

ਪਤਾ ਲੱਗਿਆ ਹੈ ਕਿ ਪੰਜਾਬ ਦੇ ਰਾਜਪਾਲ 2 ਜੁਲਾਈ ਤੱਕ ਚੰਡੀਗੜ੍ਹ ਤੋਂ ਬਾਹਰ ਰਹਿਣਗੇ। ਰਾਜਪਾਲ ਦੀ ਗੈਰ-ਹਾਜ਼ਰੀ ਕਾਰਨ ਪੰਜਾਬ ਸਰਕਾਰ ਨਵੇਂ ਮੰਤਰੀਆਂ ਲਈ ਸਹੁੰ ਚੁੱਕ ਸਮਾਗਮ ਨਹੀਂ ਕਰਵਾ ਸਕੇਗੀ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਦੋ-ਚਾਰ ਦਿਨਾਂ 'ਚ ਕੈਬਨਿਟ ਵਿਸਥਾਰ ਹੋਵੇਗਾ ਅਤੇ ਉਨ੍ਹਾਂ ਨੇ ਸੰਜੀਵ ਅਰੋੜਾ ਨੂੰ ਵਜ਼ੀਰ ਬਣਾਏ ਜਾਣ ਦੀ ਗੱਲ ਵੀ ਆਖੀ ਸੀ। ਮੁੱਖ ਮੰਤਰੀ ਨੇ ਰਾਜਪਾਲ ਨਾਲ ਮੀਟਿੰਗ ਕਰਨ ਤੋਂ ਬਾਅਦ ਇਹ ਜਾਣਕਾਰੀ ਦਿੱਤੀ ਸੀ। ਪੰਜਾਬ ਸਰਕਾਰ ਨੇ ਪਹਿਲਾਂ ਇਸੇ ਹ.ਫਤੇ ਕੈਬਨਿਟ ਵਿੱਚ ਫੇਰਬਦਲ ਕਰਨ ਦੀ ਯੋਜਨਾ ਬਣਾਈ ਸੀ।

ਲੁਧਿਆਣਾ ਪੱਛਮੀ ਤੋਂ ਬਣੇ ਨਵੇਂ ਵਿਧਾਇਕ ਸੰਜੀਵ ਅਰੋੜਾ ਨੂੰ ਕੈਬਨਿਟ ਫੇਰਬਦਲ 'ਚ ਮੰਤਰੀ ਬਣਾਇਆ ਜਾਣਾ ਤੈਅ ਹੈ ਕਿਉਂਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਚੋਣ ਪ੍ਰਚਾਰ ਦੌਰਾਨ ਸੰਜੀਵ ਅਰੋੜਾ ਨੂੰ ਮੰਤਰੀ ਬਣਾਏ ਜਾਣ ਦਾ ਵਾਅਦਾ ਕੀਤਾ ਗਿਆ ਸੀ। ਵੇਰਵਿਆਂ ਅਨੁਸਾਰ ਕੈਬਨਿਟ ਵਿੱਚ ਹੋਰ ਆਗੂ ਵੀ ਸ਼ਾਮਲ ਕੀਤੇ ਜਾਣੇ ਹਨ ਪਰ ਇਸ ਬਾਰੇ ਕਈ ਤਰ੍ਹਾਂ ਦੇ ਚਰਚੇ ਚੱਲ ਰਹੇ ਹਨ। ਕੁੱਝ ਵਜ਼ੀਰਾਂ ਦੀ ਛੁੱਟੀ ਕੀਤੇ ਜਾਣ ਦੀ ਚਰਚਾ ਸਿਖ਼ਰਾਂ 'ਤੇ ਹੈ। ਕੈਬਨਿਟ ਦਾ ਫੇਰਬਦਲ ਟਲਣ ਨਾਲ ਵਜ਼ੀਰ ਬਣਨ ਦੇ ਚਾਹਵਾਨ ਜੋੜ-ਤੋੜ ਲਾਉਣੇ ਸ਼ੁਰੂ ਕਰ ਦੇਣਗੇ। ਵਜ਼ੀਰਾਂ ਦੇ ਵਿਭਾਗਾਂ ਵਿੱਚ ਫੇਰਬਦਲ ਹੋਣਾ ਹੈ।

# ਅਕਾਲ ਤਖਤ ਵੱਲੋਂ ਬਣਾਈ ਭਰਤੀ ਕਮੇਟੀ ਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਆਗੂਆਂ ਵਿਚਾਲੇ ਮੀਟਿੰਗ



**ਅੰਮ੍ਰਿਤਸਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਗਠਨ ਲਈ ਸ੍ਰੀ ਅਕਾਲ ਤਖ਼ਤ ਤੋਂ ਬਣੀ ਭਰਤੀ ਕਮੇਟੀ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਅਕਾਲੀ ਦਲ ਵਾਰਸ ਪੰਜਾਬ ਦੇ' ਦੇ ਆਗੂਆਂ ਵਿਚਾਲੇ ਅੱਜ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਾਂਝਾ ਪੰਥਕ ਮੰਚ ਬਣਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

ਇਹ ਮੀਟਿੰਗ ਜੱਲੂਪੁਰ ਖੇੜਾ ਵਿਖੇ ਅੰਮ੍ਰਿਤਪਾਲ ਸਿੰਘ ਦੇ ਘਰ ਵਿੱਚ ਹੋਈ। ਮੀਟਿੰਗ ਵਿੱਚ ਭਰਤੀ ਕਮੇਟੀ ਦੀ ਮੈਂਬਰ ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ ਸ਼ਾਮਿਲ ਸਨ। ਇਨ੍ਹਾਂ ਦੇ ਨਾਲ ਭਾਈ ਦਇਆ ਸਿੰਘ ਲਹੌਰੀਆ ਨੇ ਵੀ ਸ਼ਿਰਕਤ ਕੀਤੀ।

ਇਸ ਮੌਕ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਆਗੂਆਂ ਨੇ ਭਰਤੀ ਕਮੇਟੀ ਵੱਲੋਂ ਪੰਥਕ ਏਕਤਾ ਦੇ ਕੀਤੇ ਜਾ ਰਹੇ ਯਤਨਾਂ ਦਾ ਸਵਾਗਤ ਕੀਤਾ। ਇਸ ਮੌਕੇ ਭਰਤੀ ਕਮੇਟੀ ਅਤੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਇਹ ਫੈਸਲਾ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਪੰਥਕ ਧਿਰਾਂ ਨਾਲ ਤਾਲਮੇਲ ਕਰ ਕੇ ਸਮੁੱਚੀਆਂ ਪੰਥਕ ਧਿਰਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨ ਦੇ ਸਾਂਝੇ ਯਤਨ ਕੀਤੇ ਜਾਣਗੇ ਤਾਂ ਕਿ ਕੌਮ ਨੂੰ ਪੰਥਕ ਸੰਕਟ 'ਚੋਂ ਕੱਢ ਕੇ ਚੜ੍ਹਦੀ ਕਲਾ ਵੱਲ ਲਿਜਾਇਆ ਜਾ ਸਕੇ।

ਇਸ ਸਮੇਂ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਬਾਪੂ ਤਰਸੇਮ ਸਿੰਘ, ਭਾਈ ਸਰਬਜੀਤ ਸਿੰਘ ਖਾਲਸਾ ਐਮਪੀ ਫਰੀਦਕੋਟ, ਅਮਰਜੀਤ ਸਿੰਘ ਬਨਚਿੱੜੀ, ਹਰਭਜਨ ਸਿੰਘ ਤੁੜ, ਸੁਰਜੀਤ ਸਿੰਘ ਦੌਲਤਪੁਰ ਹਾਜ਼ਰ ਸਨ।

# ਪੰਜਾਬ ਵਿੱਚ ਬੱਚਿਆਂ ਦੇ ਔਨਲਾਈਨ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਵੱਡੀ ਕਾਰਵਾਈ: ਦੋ ਗ੍ਰਿ.ਫਤਾਰ, 33 ਸ਼ੱਕੀਆਂ ਦੀ ਪਛਾਣ

ਪੁਲਿਸ ਟੀਮਾਂ ਨੇ ਰਾਜਵਿਆਪੀ ਆਪ੍ਰੇਸ਼ਨ 'ਸੀਐਸਈਏਐਮ-4' ਦੌਰਾਨ 34 ਮੋਬਾਈਲ ਫੋਨ ਜ਼ਬਤ ਕੀਤੇ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬੱਚਿਆ ਦੇ ਔਨਲਾਈਨ ਜਿਨਸੀ ਸੋਸ਼ਣ ਦੇ ਮਾਮਲਿਆਂ 'ਚ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਵੱਖ-ਵੱਖ ਔਨਲਾਈਨ ਪਲੇਟਫਾਰਮਾਂ ਦੀ ਵਰਤੋਂ ਜ਼ਰੀਏ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ ਵਾਲੀ ਸਮੱਗਰੀ (ਸੀਐਸਈਏਐਮ) ਨੂੰ ਦੇਖਣ, ਪ੍ਰਸਾਰਿਤ ਕਰਨ ਅਤੇ ਅੱਗੇ ਭੇਜਣ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਵਿਅਕਤੀਆਂ 'ਤੇ ਸਖ਼ਤ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ-ਨਾਲ 33 ਸ਼ੱਕੀਆਂ ਦੀ ਪਛਾਣ ਕੀਤੀ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਹ ਆਪ੍ਰੇਸ਼ਨ ਸੀਐਸਈਏਐਮ-4 ਦੇ ਨਾਮ ਹੇਠ ਗ੍ਰਹਿ ਮੰਤਰਾਲੇ ਦੇ ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ (ਆਈ4ਸੀ) ਤੋਂ ਪ੍ਰਾਪਤ ਕਾਰਵਾਈਯੋਗ ਸਾਈਬਰ ਟਿਪ-ਲਾਈਨਜ਼ ਦੇ ਆਧਾਰ 'ਤੇ 18 ਜ਼ਿਲ੍ਹਿਆਂ ਅਤੇ ਤਿੰਨ ਕਮਿਸ਼ਨਰੇਟਾਂ ਵਿੱਚ 40 ਥਾਵਾਂ 'ਤੇ ਚਲਾਇਆ ਗਿਆ। ਜ਼ਿਕਰਯੋਗ ਹੈ ਕਿ ਮਾਣਯੋਗ ਸੁਪਰੀਮ ਕੋਰਟ ਨੇ ਇੱਕ ਫੈਸਲੇ ਵਿੱਚ ਸਪੱਸ਼ਟ ਕੀਤਾ ਸੀ ਕਿ ਸੀਐਸਈਏਐਮ ਸਮੱਗਰੀ ਨੂੰ ਦੇਖਣਾ, ਰੱਖਣਾ ਅਤੇ ਇਸਦੀ ਰਿਪੋਰਟ ਨਾ ਕਰਨਾ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਬਾਰੇ ਐਕਟ (ਪੋਕਸੋ) ਤਹਿਤ ਸਜ਼ਾਯੋਗ ਹੈ। ਸੀਐਸਈਏਐਮ ਕਿਸੇ ਵੀ ਅਜਿਹੀ ਸਮੱਗਰੀ ਨੂੰ ਦਰਸਾਉਂਦਾ ਹੈ, ਜਿਸ ਵਿੱਚ ਨਾਬਾਲਗਾਂ ਦੇ ਜਿਨਸੀ ਸੋਸ਼ਣ ਨਾਲ ਸਬੰਧਤ ਸਮੱਗਰੀ ਜਿਵੇਂ ਫੋਟੋਆਂ, ਵੀਡੀਓ ਜਾਂ ਮੀਡੀਆ ਸ਼ਾਮਲ ਹਨ, ਜਿਨ੍ਹਾਂ ਨੂੰ ਬਣਾਉਣਾ, ਅੱਗੇ ਭੇਜਣਾ ਜਾਂ ਰੱਖਣਾ ਗੈਰ-ਕਾਨੂੰਨੀ ਹੈ ਅਤੇ ਜਿਸ ਨਾਲ ਪੀੜਤ 'ਤੇ ਲੰਬੇ ਸਮੇਂ ਪ੍ਰਭਾਵ ਪੈ ਸਕਦਾ ਹੈ ਜਾਂ ਅਜਿਹੀ ਸਮੱਗਰੀ, ਜੋ ਗੰਭੀਰ ਰੂਪ ਵਿੱਚ ਬੱਚਿਆ ਦਾ ਸੋਸ਼ਣ ਕਰਦੀ ਹੋਵੇ ਅਤੇ ਜਿਸਦਾ ਬੱਚਿਆ ਦੀ ਮਾਨਸਿਕ ਸਿਹਤ ਉੱਪਰ ਸਥਾਈ ਤੌਰ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਖੰਨਾ ਦੀ ਰਾਜਸਥਾਨੀ ਕਲੋਨੀ ਦੇ ਨਿਵਾਸੀ ਆਕਾਸ਼ ਬਾਬੂ ਅਤੇ ਰੂਪਨਗਰ ਦੇ ਮੋਰਿੰਡਾ ਦੇ ਪਿੰਡ ਬੂਰਮਾਜਰਾ ਦੇ ਨਿਵਾਸੀ ਹਰਪ੍ਰੀਤ ਸਿੰਘ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸਟੇਟ ਸਾਈਬਰ ਕ੍ਰਾਈਮ ਸੈੱਲ ਨੇ ਅਪਰਾਧੀਆਂ ਦਾ ਪਤਾ ਲਗਾਉਣ ਲਈ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮਾਂ ਤੋਂ ਮਿਲੇ ਡਿਜੀਟਲ ਸਬੂਤਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ।

ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਦੌਰਾਨ ਪੰਜਾਬ ਭਰ ਵਿੱਚ 33 ਸ਼ੱਕੀਆਂ ਦੀ ਪਛਾਣ ਕੀਤੀ ਗਈ ਅਤੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਸਾਈਬਰ ਕ੍ਰਾਈਮ ਵੀ ਨੀਰਜਾ ਦੀ ਅਗਵਾਈ ਹੇਠ ਫੀਲਡ ਯੂਨਿਟ ਦੀਆਂ ਟੀਮਾਂ ਨੂੰ ਕਾਰਵਾਈ ਲਈ ਭੇਜਿਆ ਗਿਆ। ਇਸ ਛਾਪੇਮਾਰੀ ਦੌਰਾਨ ਦੋ ਐਫਆਈਆਰ ਦਰਜ ਕਰਨ ਦੇ ਨਾਲ-ਨਾਲ 34 ਮੋਬਾਈਲ ਫੋਨ ਜ਼ਬਤ ਕੀਤੇ ਗਏ ਹਨ ਅਤੇ ਇਨ੍ਹਾਂ ਮੋਬਾਈਲਾਂ ਨੂੰ ਡਿਲੀਟ ਕੀਤੇ ਡੇਟਾ ਨੂੰ ਮੁੜ ਹਾਸਲ ਕਰਨ ਲਈ ਫੋਰੈਂਸਿਕ ਵਿਸ਼ਲੇਸ਼ਣ ਲਈ ਭੇਜਿਆ ਗਿਆ ਹੈ ਅਤੇ ਇਸ ਮਾਮਲੇ 'ਚ ਹੋਰ ਗ੍ਰਿਫ਼ਤਾਰੀਆਂ ਦੀ ਉਮੀਦ ਹੈ।

ਡੀਜੀਪੀ ਨੇ ਕਿਹਾ ਕਿ ਜਾਂਚ ਦੇ ਆਧਾਰ 'ਤੇ ਹੋਰ ਐਫਆਈਆਰਜ਼ ਵੀ ਦਰਜ ਕੀਤੀਆਂ ਜਾਣਗੀਆਂ ਅਤੇ ਸੀਐਸਈਏਐਮ ਅਪਰਾਧਾਂ ਵਿੱਚ ਸ਼ਾਮਲ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

ਏਡੀਜੀਪੀ ਵੀ ਨੀਰਜਾ ਨੇ ਕਿਹਾ ਕਿ ਵਿਸ਼ੇਸ਼ ਕਰਕੇ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮਾਂ 'ਤੇ ਸੀਐਸਈਏਐਮ ਸਮੱਗਰੀ ਦੇ ਆਧਾਰ 'ਤੇ ਸਾਈਬਰ ਟਿਪਲਾਈਨਜ਼ ਜਨਰੇਟ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇੰਸਪੈਕਟਰ ਪ੍ਰਭਜੋਤ ਕੌਰ ਦੀ ਅਗਵਾਈ ਹੇਠ ਸਟੇਟ ਸਾਈਬਰ ਕ੍ਰਾਈਮ ਦਫ਼ਤਰ ਦੀ ਸੀਸੀਪੀਡਬਲਯੂਸੀ ਯੂਨਿਟ ਦੁਆਰਾ ਅਪਰਾਧੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ ਦਾ ਪਤਾ ਲਗਾਉਣ ਲਈ ਆਈ4ਸੀ ਰਿਪੋਰਟਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।

ਦਰਜ ਕੀਤੀਆਂ ਗਈਆਂ ਦੋਵੇਂ ਐਫਆਈਆਰਜ਼ ਬਾਰੇ ਵੇਰਵੇ ਸਾਂਝੇ ਕਰਦਿਆਂ ਏਡੀਜੀਪੀ ਨੇ ਕਿਹਾ ਕਿ ਜ਼ਿਲ੍ਹਾ ਖੰਨਾ ਦੇ ਪੁਲਿਸ ਥਾਣਾ ਸਾਈਬਰ ਕ੍ਰਾਈਮ ਵਿਖੇ ਆਈਟੀ ਐਕਟ ਦੀ ਧਾਰਾ 67ਬੀ ਤਹਿਤ ਦਰਜ ਐਫਆਈਆਰ ਨੰਬਰ 8 ਮਿਤੀ 26/6/2025 ਵਿੱਚ ਦੋਸ਼ੀ ਆਕਾਸ਼ ਬਾਬੂ ਨਾ ਸਿਰਫ਼ ਸੀਐਸਈਏਐਮ ਸਮੱਗਰੀ ਦੇਖਦਾ ਬਲਕਿ ਇਸ ਸਮੱਗਰੀ ਨੂੰ ਹੋਰਨਾਂ ਗਰੁੱਪਾਂ ਵਿੱਚ ਵੀ ਸਾਂਝਾ ਕਰਦਾ ਸੀ।

ਜ਼ਿਲ੍ਹਾ ਰੂਪਨਗਰ ਦੇ ਪੁਲਿਸ ਥਾਣਾ ਸਾਈਬਰ ਕ੍ਰਾਈਮ ਵਿਖੇ ਧਾਰਾ 67 ਆਈਟੀ ਐਕਟ ਤਹਿਤ ਦਰਜ ਐਫਆਈਆਰ ਨੰਬਰ 07 ਮਿਤੀ 26/6/2025 ਵਿੱਚ ਦੋਸ਼ੀ ਹਰਪ੍ਰੀਤ ਸਿੰਘ ਕਥਿਤ ਤੌਰ 'ਤੇ ਪੀੜਤ ਨੂੰ ਨਗਨ ਤਸਵੀਰਾਂ ਸਾਂਝੀਆਂ ਕਰਨ ਲਈ ਬਲੈਕਮੇਲ ਅਤੇ ਨਾਬਾਲਗ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਡਿਲੀਟ ਕੀਤੇ ਡੇਟਾ ਦੀ ਜਾਂਚ ਲਈ ਮੁਲਜ਼ਮਾਂ ਦੇ ਮੋਬਾਈਲ ਫੋਨ ਜ਼ਬਤ ਕਰ ਲਏ ਗਏ ਹਨ ਅਤੇ ਦੋਵੇਂ ਕੇਸਾਂ ਦੀ ਜਾਂਚ ਜਾਰੀ ਹੈ।

ਏਡੀਜੀਪੀ ਵੀ ਨੀਰਜਾ ਨੇ ਕਿਹਾ ਕਿ ਆਈਟੀ ਐਕਟ, 2000 ਦੀ ਧਾਰਾ 67 ਬੀ ਅਤੇ ਪੋਕਸੋ ਐਕਟ ਦੀ ਧਾਰਾ 15 ਤਹਿਤ ਬੱਚਿਆ ਨਾਲ ਸਬੰਧਤ ਅਸ਼ਲੀਲ ਸਮੱਗਰੀ ਦੇਖਣਾ, ਇਸਨੂੰ ਸ਼ੇਅਰ ਕਰਨਾ ਜਾਂ ਸਟੋਰ ਕਰਨਾ ਇੱਕ ਗੰਭੀਰ ਅਪਰਾਧ ਹੈ, ਜਿਸਦੀ ਸਜ਼ਾ ਪੰਜ ਸਾਲ ਤੱਕ ਦੀ ਕੈਦ ਅਤੇ 10 ਲੱਖ ਰੁਪਏ ਤੱਕ ਦਾ ਜੁਰਮਾਨਾ ਹੈ।

ਦੱਸਣਯੋਗ ਹੈ ਕਿ ਪੰਜਾਬ ਪੁਲਿਸ ਦੇ ਸਾਰੇ 28 ਜ਼ਿਲ੍ਹਿਆਂ ਅਤੇ ਕਮਿਸ਼ਨਰੇਟਾਂ ਵਿੱਚ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਹਨ, ਜੋ ਸਾਈਬਰ ਅਪਰਾਧਾਂ ਦੀ ਜਾਂਚ ਕਰਨ ਲਈ ਸਾਈਬਰ ਜਾਂਚ ਅਤੇ ਤਕਨੀਕੀ ਸਹਾਇਤਾ ਇਕਾਈਆਂ (ਸੀਆਈ ਅਤੇ ਟੀਐਸਯੂਜ਼) ਨਾਲ ਲੈਸ ਹਨ। ਹੋਰ ਸਹਾਇਤਾ ਜਾਂ ਸੀਐਸਈਏਐਮ ਸਮੱਗਰੀ ਦੀ ਰਿਪੋਰਟ ਕਰਨ ਲਈ ਲੋਕ ਸਟੇਟ ਸਾਈਬਰ ਕ੍ਰਾਈਮ ਡਿਵੀਜ਼ਨ ਜਾਂ ਸਥਾਨਕ ਜ਼ਿਲ੍ਹਾ ਸਾਈਬਰ ਕ੍ਰਾਈਮ ਪੁਲਿਸ ਥਾਣੇ ਨਾਲ ਸੰਪਰਕ ਕਰ ਸਕਦੇ ਹਨ।

# ਜੇ ਭਾਰਤ ਨੇ ਸੰਸਾਰ ਉੱਤੇ ਇੰਗਲੈਂਡ ਦੀ ਤਰ੍ਹਾਂ ਸਾਮਰਾਜ ਸਥਾਪਿਤ ਕੀਤਾ ਹੁੰਦਾ !


ਠਾਕੁਰ ਦਲੀਪ ਸਿੰਘ

ਜੇ ਵਿਚਾਰ ਕੀਤਾ ਜਾਵੇ ਤਾਂ ਅੱਜ ਵੀ ਸੰਸਾਰ ਦੇ ਸਭ ਤੋਂ ਵੱਡੇ ਭਾਗ (ਜਿਵੇਂ: ਆਸਟ ?ਰੇਲੀਆ, ਕਨੇਡਾ, ਅਮਰੀਕਾ, ਆਦਿ) ਨੂੰ ਗੁਲਾਮ ਬਣਾ ਕੇ ਉਸ ਉੱਤੇ ਇੰਗਲੈਂਡ ਦੇ ਅੰਗਰੇਜ਼ੀ-ਭਾਸ਼ੀ ਲੋਕ ਹੀ ਰਾਜ ਕਰ ਰਹੇ ਹਨ। ਇਸ ਦਾ ਕਾਰਨ ਕੇਵਲ ਇਹੀ ਹੈ ਜਿਸ ਦਾ ਮੈਂ ਇੱਥੇ ਉਲੇਖ ਕਰ ਰਿਹਾ ਹਾਂ। 'ਇੰਗਲੈਂਡ ਦਾ ਸੰਸਾਰ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਉੱਥੇ ਆਪਣਾ ਸਾਮਰਾਜ ਸਥਾਪਿਤ ਕਰਨਾ'। ਇੰਗਲੈਂਡ ਦਾ ਸੰਸਾਰ ਉੱਤੇ ਸਾਮਰਾਜ ਸਥਾਪਿਤ ਹੋਣ ਕਰਕੇ ਉਹਨਾਂ ਦੀ ਭਾਸ਼ਾ ਅਤੇ ਸੰਸਕ੍ਰਿਤੀ ਵਿਸ਼ਵ ਭਰ ਵਿੱਚ ਪ੍ਰਚਲਿਤ ਹੋ ਕੇ ਪ੍ਰਵਾਨਿਤ ਹੋ ਗਈ ਹੈ। ਅਤੇ ਲੋਕਾਂ ਨੇ ਵੀ ਆਪਣੇ ਅਚੇਤ ਮਨ ਵਿੱਚ ਹੀ ਆਪਣੀ ਭਾਸ਼ਾ ਅਤੇ ਸੰਸਕ੍ਰਿਤੀ ਛੱਡ ਕੇ ਉਹਨਾਂ ਦੀ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਅਪਣਾ ਲਿਆ ਹੈ। ਇਥੋਂ ਤੱਕ ਕਿ ਫਰਾਂਸ, ਸਪੇਨ ਆਦਿ ਨੇ ਜਿਨ੍ਹਾਂ ਦੇਸ਼ਾਂ ਉੱਤੇ ਰਾਜ ਕੀਤਾ ਸੀ ਭਾਵੇਂ ਉੱਥੇ ਫਰਾਂਸੀ ਅਤੇ ਸਪੈਨੀ ਭਾਸ਼ਾਵਾਂ, ਅਧਿਕਾਰਿਕ ਰੂਪ ਵਿੱਚ ਚਲਦੀਆਂ ਹਨ। ਪਰੰਤੂ ਉਹਨਾਂ ਦੇਸ਼ਾਂ ਦਾ ਵੀ ਅੰਤਰ-ਰਾਸ਼ਟਰੀ ਪੱਧਰ ਉੱਤੇ 'ਅੰਗਰੇਜ਼ੀ' ਤੋਂ ਬਿਨਾਂ ਰਾਜਨੀਤਿਕ ਸੰਬੰਧ ਅਤੇ ਵਪਾਰ ਆਦਿ ਸੰਭਵ ਨਹੀਂ। ਹੈਰਾਨੀ ਦੀ ਗੱਲ ਹੈ ਕਿ ਰੂਸ, ਫਰਾਂਸ, ਜਰਮਨੀ, ਚੀਨ, ਜਪਾਨ ਆਦਿ ਜੋ ਦੇਸ਼ ਇੰਗਲੈਂਡ ਦੇ ਗੁਲਾਮ ਨਹੀਂ ਵੀ ਹੋਏ ਅਤੇ ਜਿਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਬਹੁਤ ਸਮਰਿੱਧ ਹਨ ਉਹਨਾਂ ਨੂੰ ਵੀ ਅੰਤਰ-ਰਾਸ਼ਟਰੀ ਪੱਧਰ ਉੱਤੇ ਵਪਾਰ ਅਤੇ ਰਾਜਨੀਤਿਕ ਸੰਬੰਧ ਸਥਾਪਿਤ ਕਰਨ ਲਈ ਅੰਗਰੇਜ਼ੀ ਦਾ ਹੀ ਉਪਯੋਗ ਕਰਨਾ ਪੈਂਦਾ ਹੈ। ਭਾਵੇਂ ਕਈ ਸਾਲਾਂ ਤੋਂ ਇੰਗਲੈਂਡ ਦਾ ਸਾਮਰਾਜ ਬਹੁਤ ਸਾਰੇ ਦੇਸ਼ਾਂ ਉੱਤੇ ਨਹੀਂ ਰਿਹਾ ਫਿਰ ਵੀ ਉੱਥੇ 'ਅੰਗਰੇਜ਼ੀ' ਭਾਸ਼ਾ ਦਾ ਹੀ ਉਪਯੋਗ ਹੋ ਰਿਹਾ ਹੈ। ਜਿੱਥੇ ਗੁਲਾਮ ਕਰਨ ਵਾਲੇ ਇੰਗਲੈਂਡ, ਫਰਾਂਸ ਆਦਿ ਦੇਸ਼ਾਂ ਦੀ ਭਾਸ਼ਾ ਦਾ ਪ੍ਰਤੱਖ ਰੂਪ ਵਿੱਚ ਉਪਯੋਗ ਨਹੀਂ ਹੁੰਦਾ। ਪ੍ਰੰਤੂ ਉਥੇ ਵੀ ਉਹਨਾਂ ਗੁਲਾਮ ਰਹੇ ਦੇਸ਼ਾਂ ਨੇ ਆਪਣੀ ਭਾਸ਼ਾ ਨੂੰ ਯੂਰਪੀਨ ਦੇਸ਼ਾਂ ਦੀ 'ਲਾਤੀਨੀ' ਲਿਪੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਲਿਪੀ ਦੇ ਰੂਪ ਵਿੱਚ ਇਹਨਾਂ ਅਨੈਤਿਕ, ਅਧਰਮੀ ਦੇਸ਼ਾਂ ਦੀ ਭਾਸ਼ਾ ਉੱਥੇ ਸਦਾ ਦੇ ਲਈ ਸਥਾਪਿਤ ਹੋ ਗਈ ਹੈ। ਭਾਸ਼ਾ ਅਤੇ ਸੰਸਕ੍ਰਿਤੀ ਆਪਸ ਵਿੱਚ ਓਤਪੋਤ ਹੁੰਦੀਆਂ ਹਨ। ਇਸ ਕਰਕੇ ਭਾਸ਼ਾ ਅਤੇ ਸੰਸਕ੍ਰਿਤੀ ਨੂੰ ਪੂਰੀ ਤਰ੍ਹਾਂ ਵੱਖ ਨਹੀਂ ਕੀਤਾ ਜਾ ਸਕਦਾ। ਜਿਸ ਦੇਸ਼ ਵਿੱਚ ਵਿਦੇਸ਼ੀ ਭਾਸ਼ਾ ਜਾਂ ਲਿਪੀ ਵਰਤੀ ਜਾਵੇਗੀ ਉਸ ਭਾਸ਼ਾ/ਲਿਪੀ ਦੀ ਵਰਤੋਂ ਕਾਰਨ ਵਿਦੇਸ਼ੀ ਸੰਸਕ੍ਰਿਤੀ ਵੀ ਪ੍ਰਫੁੱਲਿਤ ਹੋ ਕੇ ਉੱਥੋਂ ਦੇ ਮੂਲ ਨਿਵਾਸੀਆਂ ਵਿੱਚ ਪ੍ਰਚਲਿਤ ਹੋ ਜਾਵੇਗੀ।

ਸੰਭਵ ਹੈ ਕਿ ਗੁਲਾਮ ਰਹਿ ਚੁੱਕੇ ਦੇਸ਼ਾਂ ਦੀ ਲਿਪੀ ਇਹਨਾਂ ਅਧਰਮੀ, ਯੂਰਪੀਨ ਦੇਸ਼ਾਂ ਦੀ ਲਿਪੀ ਵਰਗੀ ਵਿਕਸਿਤ ਨਾ ਹੋਈ ਹੋਵੇ। ਜੇ ਅਜਿਹਾ ਹੈ ਵੀ ਸੀ ਤਾਂ ਵੀ ਉਹਨਾਂ ਦੇਸ਼ਾਂ ਨੂੰ ਇੰਗਲੈਂਡ, ਫਰਾਂਸ ਵਰਗੇ ਇਹਨਾਂ ਪਾਪੀ ਦੇਸ਼ਾਂ ਦੀ ਲਿਪੀ ਅਪਨਾਉਣ ਦੀ ਥਾਂ ਆਪਣੀ ਨਵੀਂ ਲਿਪੀ ਬਣਾ ਲੈਣੀ ਚਾਹੀਦੀ ਸੀ। ਕਿਉਂਕਿ ਇਹਨਾਂ ਯੂਰਪੀ ਦੇਸ਼ਾਂ ਦੀ ਲਿਪੀ ਅਪਨਾਉਣ ਨਾਲ ਉਹਨਾਂ ਦੇਸ਼ਾਂ ਦੀ ਆਪਣੀ ਲਿਪੀ ਦੇ ਜੋ ਅੱਖਰ ਸਨ ਉਹ ਸਦਾ ਦੇ ਲਈ ਲੁਪਤ ਹੋ ਗਏ ਹਨ ਜਾਂ ਹੋ ਜਾਣਗੇ। ਦੂਸਰੇ ਦੇਸ਼ਾਂ ਉੱਤੇ ਆਪਣਾ ਸਾਮਰਾਜ ਸਥਾਪਿਤ ਕਰਨ ਕਰਕੇ ਉਹਨਾਂ ਨੂੰ ਗੁਲਾਮ ਬਣਾਉਣ ਵਾਲੇ ਇਨਾਂ ਅਧਰਮੀ, ਪਾਪੀ ਦੇਸ਼ਾਂ ਦੀ ਲਿਪੀ ਸਦਾ ਲਈ ਉਹਨਾਂ ਗੁਲਾਮ ਰਹਿ ਚੁੱਕੇ ਦੇਸ਼ਾਂ ਦੀ ਸੰਸਕ੍ਰਿਤੀ ਦਾ ਅਭਿੰਨ ਅੰਗ ਬਣ ਗਈ ਹੈ। ਜਿਵੇਂ ਮਲੇਸ਼ੀਆ ਦੀ ਆਪਣੀ ਲਿਪੀ 'ਪਲਾਵਾ' ਸੀ। ਇੰਗਲੈਂਡ ਦਾ ਸਾਮਰਾਜ ਹੋਣ ਕਰ ਕੇ ਮਲੇਸ਼ੀਆ ਦੀ ਆਪਣੀ 'ਪਲਾਵਾ' ਲਿੱਪੀ ਲੁਪਤ ਹੋ ਕੇ ਉੱਥੇ ਅੰਗਰੇਜ਼ੀ ਲਿਪੀ (ਲਾਤੀਨੀ ਰੂਪਾਂਤਰਣ ਵਿੱਚ) ਪ੍ਰਚੱਲਿਤ ਹੋ ਗਈ ਹੈ। 'ਮਲਈ' ਭਾਸ਼ਾ ਅੱਜਕਲ ਅੰਗਰੇਜ਼ੀ ਲਿਪੀ ਵਿੱਚ ਲਿਖੀ ਜਾਣ ਲੱਗੀ ਹੈ। ਇਸੇ ਤਰ੍ਹਾਂ ਵੀਅਤਨਾਮ ਵਿੱਚ ਫਰਾਂਸੀਸੀਆਂ ਦਾ ਸਾਮਰਾਜ ਹੋਣ ਕਰ ਕੇ ਉਹਨਾਂ ਦੀ ਆਪਣੀ 'ਵੀਅਤਨਾਮੀ' ਭਾਸ਼ਾ ÒCh? Khoa Ð?uÓ ਦੀ ਥਾਂ, ਅਧਿਕਾਰਕ ਰੂਪ ਵਿੱਚ ਫਰਾਂਸੀ (ਲਾਤੀਨੀ ਰੂਪਾਂਤਰਣ) ਵਿੱਚ ਲਿਖੀ ਜਾਣ ਲੱਗੀ ਹੈ।

ਕੇਵਲ ਅੰਗਰੇਜ਼ੀ ਹੀ ਨਹੀਂ ਜਿੱਥੇ ਅਰਬੀ ਭਾਸ਼ਾ ਵਾਲਿਆਂ ਨੇ ਆਪਣਾ ਸਾਮਰਾਜ ਸਥਾਪਿਤ ਕੀਤਾ ਉਥੇ ਉਹਨਾਂ ਦਾ ਸਾਮਰਾਜ ਖਤਮ ਹੋਣ ਤੋਂ ਬਾਅਦ ਵੀ ਉਹਨਾਂ ਦੀ ਲਿਪੀ ਅਤੇ ਭਾਸ਼ਾ ਕਿਸੇ ਨਾ ਕਿਸੇ ਰੂਪ ਵਿੱਚ ਉਹਨਾਂ ਦੇਸ਼ਾਂ ਦੇ ਵਿੱਚ ਪ੍ਰਚੱਲਿਤ ਹੋ ਗਈ ਹੈ। ਭਾਰਤ ਵਿੱਚ ਵੀ ਅਰਬੀ ਦੇਸ਼ਾਂ ਦੇ ਪ੍ਰਭਾਵ ਕਾਰਨ ਅਰਬੀ ਲਿਪੀ ਆਧਾਰਿਤ ਇੱਕ ਨਵੀਂ 'ਉਰਦੂ' ਭਾਸ਼ਾ ਬਣ ਕੇ ਸਥਾਪਿਤ ਹੋ ਗਈ ਹੈ। ਆਮ ਜਨਤਾ ਨੂੰ ਤਾਂ ਵਿਦੇਸ਼ੀ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਕਰਦੇ ਹੋਏ ਪਤਾ ਹੀ ਨਹੀਂ ਚੱਲਦਾ। ਉਦਾਹਰਣ ਵਜੋਂ ਅਰਬੀ ਭਾਸ਼ਾ ਦੇ ਸ਼ਬਦ ਔਲਾਦ, ਅਕਲ, ਖਬਰ, ਅਮੀਰ, ਗਰੀਬ, ਮਾਲਿਕ, ਔਰਤ, ਮੁਹੱਬਤ ਆਦਿ ਸ਼ਬਦ ਭਾਰਤ ਵਿੱਚ ਇਸ ਤਰ੍ਹਾਂ ਪ੍ਰਚੱਲਿਤ ਹੋ ਚੁੱਕੇ ਹਨ ਕਿ ਭਾਰਤਵਾਸੀਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਇਹ ਵਿਦੇਸ਼ੀ ਭਾਸ਼ਾ ਦੇ ਸ਼ਬਦ ਹਨ। ਭਾਰਤੀ ਭਾਸ਼ਾ ਦੇ ਨਹੀਂ। ਇਸੇ ਤਰ੍ਹਾਂ ਸੌਰੀ, ਥੈਂਕਯੂ, ਪਲੀਜ਼, ਸਰ, ਮੈਡਮ, ਰੋਡ ਆਦਿ ਸ਼ਬਦ ਵਿਦੇਸ਼ੀ 'ਅੰਗਰੇਜ਼ੀ' ਦੇ ਹੁੰਦੇ ਹੋਏ ਵੀ ਭਾਰਤੀ ਲੋਕਾਂ ਦੀ ਬੋਲਚਾਲ ਦਾ ਅਭਿੰਨ ਅੰਗ ਬਣ ਗਏ ਹਨ। ਇਸ ਦੇ ਉਲਟ ਉਪਰੋਕਤ ਪ੍ਰਚੱਲਿਤ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦਾਂ ਦੇ ਸਮਾਨਾਂਤਰ, ਭਾਰਤੀ ਭਾਸ਼ਾਵਾਂ ਦੇ ਸ਼ਬਦ ਤਾਂ ਆਮ ਜਨਤਾ ਭੁੱਲ ਹੀ ਚੁੱਕੀ ਹੈ। ਜਿਵੇਂ ਸੰਤਾਨ, ਬੁੱਧੀ, ਸਮਾਚਾਰ, ਧਨੀ, ਨਿਰਧਨ, ਸੁਆਮੀ, ਨਾਰੀ, ਪ੍ਰੇਮ, ਖਿਮਾ, ਧੰਨਵਾਦ, ਕਿਰਪਾ, ਸ੍ਰੀ ਮਾਨ, ਸ੍ਰੀ ਮਤੀ, ਮਾਰਗ ਆਦਿ।

ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਦਾ ਉਪਯੋਗ ਇੰਗਲੈਂਡ, ਅਮਰੀਕਾ ਆਦਿ ਯੂਰਪੀ ਦੇਸ਼ਾਂ ਵਿੱਚ ਪ੍ਰਚੱਲਿਤ ਨਹੀਂ ਹੋਇਆ। ਕਿਉਂਕਿ, ਨੈਤਿਕ ਅਤੇ ਧਰਮੀ ਹੋਣ ਕਾਰਨ ਭਾਰਤ ਨੇ ਉਹਨਾਂ ਦੇਸ਼ਾਂ ਨੂੰ ਗੁਲਾਮ ਬਣਾ ਕੇ ਉਹਨਾਂ ਉੱਤੇ ਆਪਣਾ ਸਮਰਾਜ ਸਥਾਪਿਤ ਨਹੀਂ ਕੀਤਾ। ਜਿਸ ਕਾਰਨ ਭਾਰਤੀ ਭਾਸ਼ਾਵਾਂ ਤਾਂ ਭਾਰਤ ਵਿੱਚ ਹੀ ਲੁਪਤ ਹੋ ਕੇ ਸਮਾਪਤ ਹੁੰਦੀਆਂ ਜਾ ਰਹੀਆਂ ਹਨ। ਜਦੋਂ ਕਿ ਅਨੈਤਿਕ, ਅਧਰਮੀ (ਦੂਸਰਿਆਂ ਨੂੰ ਗੁਲਾਮ ਬਣਾਉਣ ਵਾਲੇ) ਇੰਗਲੈਂਡ ਦੀ ਭਾਸ਼ਾ 'ਅੰਗਰੇਜ਼ੀ' ਪੂਰੇ ਸੰਸਾਰ ਵਿੱਚ ਪ੍ਰਫੁੱਲਿਤ ਹੋ ਰਹੀ ਹੈ? ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਅਧਿਕਾਰਿਤ ਰੂਪ ਵਿੱਚ ਅਪਣਾਈ ਵੀ ਜਾ ਚੁੱਕੀ ਹੈ। ਜਿਵੇਂ ਸੁਤੰਤਰ ਹੋਣ ਤੋਂ 77 ਸਾਲ ਬਾਅਦ ਵੀ ਭਾਰਤ ਸਰਕਾਰ ਦੇ ਸਾਰੇ ਕੰਮ 'ਅੰਗਰੇਜ਼ੀ' ਵਿੱਚ ਹੀ ਹੁੰਦੇ ਹਨ। ਇਸੇ ਤਰ੍ਹਾਂ ਸੰਸਾਰ ਦੇ 195 ਦੇਸ਼ਾਂ ਵਿੱਚੋਂ 55 ਦੇਸ਼ਾਂ ਵਿੱਚ, ਸੁਤੰਤਰ ਹੁੰਦੇ ਹੋਏ ਵੀ ਅਧਿਕਾਰਤ ਰੂਪ ਵਿੱਚ ਸਾਰੇ ਸਰਕਾਰੀ ਕੰਮ 'ਅੰਗਰੇਜ਼ੀ' ਵਿੱਚ ਹੀ ਹੁੰਦੇ ਹਨ। ਜਦੋਂ ਕਿ 100 ਤੋਂ ਜਿਆਦਾ ਦੇਸ਼ਾਂ ਵਿੱਚ ਤਾਂ ਅਨ-ਅਧਿਕਾਰਿਕ ਰੂਪ ਵਿੱਚ 'ਅੰਗਰੇਜ਼ੀ' ਦਾ ਉਪਯੋਗ ਹੋ ਰਿਹਾ ਹੈ। ਉਪਰੋਕਤ ਲਿਖੇ ਤੋਂ ਇਹ ਪੂਰੀ ਤਰ੍ਹਾਂ ਪ੍ਰਤੱਖ ਹੁੰਦਾ ਹੈ "ਜੇ ਭਾਰਤ ਨੇ ਸੰਸਾਰ ਉੱਤੇ ਇੰਗਲੈਂਡ ਦੀ ਤਰ੍ਹਾਂ ਆਪਣਾ ਸਾਮਰਾਜ ਸਥਾਪਿਤ ਕੀਤਾ ਹੁੰਦਾ ਤਾਂ ਸਾਰੇ ਦੇਸ਼ਾਂ ਦੇ ਸਾਰੇ ਸਰਕਾਰੀ ਕੰਮ, ਅਧਿਕਾਰਕ ਰੂਪ ਵਿੱਚ, 'ਭਾਰਤੀ' ਭਾਸ਼ਾ ਵਿੱਚ ਹੀ ਕੀਤੇ ਜਾਂਦੇ।

# 8,000 ਰੁਪਏ ਰਿਸ਼ਵਤ ਲੈਂਦਾ ਸਬ ਇੰਸਪੈਕਟਰ ਵਿਜੀਲੈਂਸ ਵੱਲੋਂ ਕਾਬੂ



**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਜ਼ਿਲ੍ਹਾ ਫਾਜ਼ਿਲਕਾ ਦੇ ਥਾਣਾ ਅਮੀਰ ਖਾਸ ਵਿਖੇ ਤਾਇਨਾਤ ਸਬ ਇੰਸਪੈਕਟਰ ਰਵੀਪਾਲ ਨੂੰ 8,000 ਰੁਪਏ ਰਿਸ਼ਵਤ ਲੈਂਦਿਆਂ ਪੰਜਾਬ ਵਿਜੀਲੈਂਸ ਬਿਊਰੋ ਨੇ ਕਾਬੂ ਕੀਤਾ ਹੈ।

ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਦੀ ਗ੍ਰਿਫ਼ਤਾਰੀ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂਹਰ ਸਹਾਏ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ ਉਤੇ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੇ ਦੋਸ਼ ਲਗਾਇਆ ਕਿ ਮੁਲਜ਼ਮ ਸਬ ਇੰਸਪੈਕਟਰ ਰਵੀਪਾਲ ਨੇ ਹਾਈ ਕੋਰਟ ਵਿੱਚ ਇੱਕ ਰਿੱਟ ਪਟੀਸ਼ਨ ਦਾ ਜਵਾਬ ਤਿਆਰ ਕਰਨ ਤੇ ਜਮ ?ਹਾਂ ਕਰਾਉਣ ਅਤੇ ਸ਼ਿਕਾਇਤਕਰਤਾ ਵਿਰੁੱਧ ਦਰਜ ਪੁਲਿਸ ਕੇਸ ਨਾਲ ਸਬੰਧਤ ਚਾਰਜਸ਼ੀਟ ਜ਼ਿਲ੍ਹਾ ਅਦਾਲਤ ਵਿੱਚ ਜਮ ?ਹਾਂ ਕਰਾਉਣ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤ ਦੀ ਪੜਤਾਲ ਕਰਕੇ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾ ਕੇ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 8000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ।

ਇਸ ਸਬੰਧੀ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਬੀਐੱਸਐੱਫ, ਏਐੱਨਟੀਐੱਫ ਤੇ ਪੁਲੀਸ ਦੀ ਸਾਂਝੀ ਕਾਰਵਾਈ 'ਚ ਪੰਜ ਵਿਅਕਤੀ ਹੈਰੋਇਨ ਸਮੇਤ ਕਾਬੂ

**ਅੰਮ੍ਰਿਤਸਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਐੱਸਐੱਫ ਤੇ ਏਐੱਨਟੀਐੱਫ (ਐਂਟੀ ਨਾਰਕੋਟਿਕਸ ਟਾਸਕ ਫੋਰਸ) ਨੇ ਵੱਖ ਵੱਖ ਥਾਵਾਂ 'ਤੇ ਕੀਤੇ ਦੋ ਸਾਂਝੇ ਆਪਰੇਸ਼ਨਾਂ ਵਿੱਚ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਹੈਰੋਇਨ ਬਰਾਮਦ ਕੀਤੀ ਹੈ। ਬੀਐੱਸਐੱਫ ਅਧਿਕਾਰੀ ਨੇ ਦੱਸਿਆ ਕਿ ਖੁਫੀਆ ਵਿੰਗ ਦੀ ਜਾਣਕਾਰੀ ਦੇ ਅਧਾਰ 'ਤੇ ਪਿਛਲੇ 24 ਘੰਟਿਆਂ ਦੌਰਾਨ ਬੀਐੱਸਐੱਫ, ਏਐੱਨਟੀਐੱਫ ਅਤੇ ਪੰਜਾਬ ਪੁਲੀਸ ਨੇ ਦੋ ਵੱਖ-ਵੱਖ ਥਾਵਾਂ 'ਤੇ ਸਾਂਝੇ ਆਪਰੇਸ਼ਨਾਂ ਦੌਰਾਨ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਹੈਰੋਇਨ ਦਾ ਇੱਕ ਪੈਕੇਟ ਬਰਾਮਦ ਕੀਤਾ ਹੈ।

ਅਧਿਕਾਰੀ ਨੇ ਦੱਸਿਆ ਕਿ ਇੱਕ ਸਾਂਝਾ ਆਪਰੇਸ਼ਨ ਬੀਤੀ ਸ਼ਾਮ ਖਾਸਾ ਨੇੜੇ ਕੀਤਾ ਗਿਆ, ਜਿੱਥੇ ਹੈਰੋਇਨ ਦੀ ਡਲਿਵਰੀ ਦੇ ਮਾਮਲੇ ਵਿੱਚ ਦੋ ਸ਼ੱਕੀ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਦੇ ਕੋਲੋਂ 313 ਗ੍ਰਾਮ ਦਾ ਹੈਰੋਇਨ



ਦਾ ਇੱਕ ਪੈਕੇਟ ਵੀ ਬਰਾਮਦ ਕੀਤਾ ਹੈ। ਇਨ੍ਹਾਂ ਕੋਲੋਂ ਦੋ ਮੋਬਾਈਲ ਫੋਨ, ਇੱਕ ਮੋਟਰਸਾਈਕਲ ਅਤੇ ਇੱਕ ਕਾਰ ਵੀ ਜ਼ਬਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼ੱਕੀ ਵਿਅਕਤੀ ਅੰਮ੍ਰਿਤਸਰ ਦੇ ਪਿੰਡ ਸ਼ਹੂਰਾ ਅਤੇ ਜੰਡਿਆਲਾ ਗੁਰੂ ਦੇ ਵਸਨੀਕ ਹਨ। ਕਾਬੂ ਕੀਤੇ ਵਿਅਕਤੀਆਂ ਨੂੰ ਅਗਲੇਰੀ ਜਾਂਚ ਵਾਸਤੇ ਅਤੇ ਕਾਨੂੰਨੀ ਕਾਰਵਾਈ ਲਈ ਏਐੱਨਟੀਐੱਫ ਨੂੰ ਸੌਂਪ ਦਿੱਤਾ ਹੈ।

ਦੂਜਾ ਆਪਰੇਸ਼ਨ ਵੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤਾ ਗਿਆ। ਬੀਐੱਸਐੱਫ ਅਤੇ ਪੰਜਾਬ ਪੁਲੀਸ ਦੀ ਸਾਂਝੀ ਟੀਮ ਨੇ ਅਜਨਾਲਾ ਖੇਤਰ ਦੇ ਇਲਾਕੇ ਵਿੱਚ ਇੱਕ ਭਗੌੜੇ ਵਿਅਕਤੀ ਨੂੰ ਉਸ ਦੇ ਦੋ ਸਾਥੀਆਂ ਸਮੇਤ ਕਾਬੂ ਕੀਤਾ ਹੈ। ਕਾਬੂ ਕੀਤਾ ਗਏ ਇਹ ਵਿਅਕਤੀ ਮਲਕਪੁਰ, ਰਾਏਪੁਰ ਤੇ ਕਰੋਲੀਆਂ ਦੇ ਵਸਨੀਕ ਹਨ ਅਗਲੇਰੀ ਜਾਂਚ ਵਾਸਤੇ ਇਨ੍ਹਾਂ ਨੂੰ ਅਜਨਾਲਾ ਥਾਣੇ ਦੀ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

# ਮੁੰਡੀਆ ਵੱਲੋਂ ਗਮਾਡਾ ਦੀਆਂ ਸੜਕਾਂ ਦੇ ਕੰਮਕਾਰ ਵਿੱਚ ਢਿੱਲ-ਮੱਠ ਅਤੇ ਗੈਰ ਮਿਆਰਾਂ ਦਾ ਨੋਟਿਸ ਲਿਆ

**ਮੁਹਾਲੀ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸੈਕਟਰ 65/66 ਜੰਕਸ਼ਨ ਤੋਂ ਲੈ ਕੇ ਸੈਕਟਰ 66 ਬੀ ਏਅਰਪੋਰਟ ਰੋਡ ਨੂੰ ਚੌੜਾ ਕਰਨ ਦੇ ਕੰਮ ਦਾ ਨਿਰੀਖਣ ਕੀਤਾ ਗਿਆ।

ਸ. ਮੁੰਡੀਆ ਵੱਲੋਂ ਕੀਤੇ ਨਿਰੀਖਣ ਵਿੱਚ ਜਿੱਥੇ ਕੰਮ ਦੀ ਹੌਲੀ ਗਤੀ ਸਾਹਮਣੇ ਆਈ ਉਥੇ ਕੰਮ ਵੀ ਮਿਆਰਾਂ ਮੁਤਾਬਕ ਨਹੀਂ ਹੋ ਰਿਹਾ ਸੀ ਜਿਨ੍ਹਾਂ ਦਾ ਉਨ੍ਹਾਂ ਮੌਕੇ ਉਤੇ ਹੀ ਨੋਟਿਸ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਫਿਟਕਾਰ ਲਗਾਈ। ਉਨ੍ਹਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਜਵਾਬਦੇਹੀ ਨਿਸ਼ਚਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਾਗਜ਼ਾਂ ਵਿੱਚ ਕੰਮ ਦੀ ਦਿਖਾਈ ਪ੍ਰਗਤੀ ਦੇ ਉਲਟ ਜ਼ਮੀਨ ਉਤੇ ਕੰਮ ਘੱਟ ਹੋਇਆ ਹੈ। ਇਸ ਤੋਂ ਇਲਾਵਾ ਕੰਮ ਦੀ ਗੁਣਵੱਤਾ ਵੀ ਮਿਆਰਾਂ ਮੁਤਾਬਕ ਨਹੀਂ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚਾਹੇ ਵਿਭਾਗ ਦਾ ਕੋਈ ਅਧਿਕਾਰੀ ਜਾਂ ਠੇਕੇਦਾਰ ਇਸ ਲਈ ਜ਼ਿੰਮੇਵਾਰ ਹੋਵੇਗਾ, ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਸ. ਮੁੰਡੀਆ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿੱਥੇ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਸ਼ਹਿਰਾਂ ਦੇ ਯੋਜਨਾਬੱਧ ਵਿਕਾਸ ਲਈ ਵਚਨਬੱਧ ਹੈ ਉਥੇ ਸਰਕਾਰੀ ਕੰਮਕਾਰ ਵਿੱਚ ਕੋਈ ਵੀ ਢਿੱਲ-ਮੱਠ ਅਤੇ ਲਾਪ੍ਰਵਾਹੀ ਬਰਦਾਸ਼ਤ ਨਹੀਂ ਕਰੇਗੀ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਨੇ ਅੱਗੇ ਕਿਹਾ ਕਿ ਪਿਛਲੇ ਕੁਝ ਅਰਸੇ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸੂਬੇ ਦਾ ਸਭ ਤੋਂ ਵਿਕਸਤ ਹੋਇਆ ਸ਼ਹਿਰ ਹੈ ਜਿੱਥੇ ਕੌਮਾਂਤਰੀ ਹਵਾਈ ਅੱਡੇ ਦੇ ਨਾਲ ਰਿਹਾਇਸ਼ੀ ਵਸੋਂ ਅਤੇ ਕਾਰਪੋਰੇਟ ਦਫਤਰਾਂ ਦੀ ਗਿਣਤੀ ਵਧੀ ਹੈ। ਉਨ੍ਹਾਂ ਕਿਹਾ ਕਿ ਗਮਾਡਾ ਵੱਲੋਂ ਇਸ ਖੇਤਰ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ ਅਤੇ ਉਹ ਖੁਦ ਸਮੇਂ-ਸਮੇਂ ਉਤੇ ਇੱਥੇ ਚੱਲ ਰਹੇ ਕੰਮਾਂ ਦਾ ਨਿਰੀਖਣ ਕਰਦੇ ਰਹਿਣਗੇ।

# ਜ਼ਿਲ੍ਹਾ ਬਰਨਾਲਾ ਵਿੱਚ ਪਿਛਲੇ 6 ਮਹੀਨਿਆਂ ਦੌਰਾਨ 152 ਐਨਡੀਪੀਐਸ ਕੇਸ ਦਰਜ

**ਅਪ੍ਰੈਲ ਤੋਂ ਮਈ ਦੌਰਾਨ ਮੈਡੀਕਲ ਸਟੋਰਾਂ ਦੀ ਚੈਕਿੰਗ ਦੌਰਾਨ 24 ਫਰਮਾਂ ਦੇ ਲਾਇਸੰਸ ਮੁਅੱਤਲ**



**ਬਰਨਾਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਰਨਾਲਾ ਵਿੱਚ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਪੁਲੀਸ ਵਿਭਾਗ ਤੇ ਸਿਹਤ ਵਿਭਾਗ ਵਲੋਂ ਜਿੱਥੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਓਥੇ ਨਸ਼ਾ ਤਸਕਰਾਂ 'ਤੇ ਵੀ ਸ਼ਿਕੰਜਾ ਕਸਿਆ ਜਾ ਰਿਹਾ ਹੈ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਵਲੋਂ ਇਥੇ ਐਨਕਾਰਡ (ਨੈਸ਼ਨਲ ਨਾਰਕੋਟਿਕਸ ਕੋਆਰਡੀਨੇਸ਼ਨ ਪੋਰਟਲ) ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪੁਲੀਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਨੇ ਦੱਸਿਆ ਕਿ ਬਰਨਾਲਾ ਪੁਲੀਸ ਵਲੋਂ ਪਹਿਲੀ ਜਨਵਰੀ 2025 ਤੋਂ ਲੈ ਕੇ 24 ਜੂਨ 2025 ਤੱਕ 51738 ਨਸ਼ੀਲੀਆਂ ਗੋਲੀਆਂ, 25031 ਨਸ਼ੀਲੇ ਕੈਪਸੂਲ, 571 ਗ੍ਰਾਮ ਹੈਰੋਇਨ, 39700 ਰੁਪਏ ਡਰੱਗ ਮਨੀ ਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਅਤੇ 12 ਵਾਹਨ ਜ਼ਬਤ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਪਿਛਲੇ 6 ਮਹੀਨਿਆਂ ਦੌਰਾਨ ਐਨਡੀਪੀਐਸ ਅਧੀਨ 152 ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 1069 ਜਾਗਰੂਕਤਾ ਸੈਮੀਨਾਰ ਲਾਏ ਗਏ ਹਨ ਅਤੇ 254 ਕਾਸੋ ਅਪ੍ਰੇਸ਼ਨ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 113 ਪੰਚਾਇਤਾਂ ਵਲੋਂ ਨਸ਼ਿਆਂ ਵਿਰੁੱਧ ਮਤੇ ਪਾਏ ਗਏ ਹਨ।

ਇਸ ਮੌਕੇ ਡਰੱਗ ਕੰਟਰੋਲ ਅਫ਼ਸਰ ਪਰਨੀਤ ਕੌਰ ਨੇ ਦੱਸਿਆ ਕਿ ਅਪ੍ਰੈਲ ਮਹੀਨੇ ਦੌਰਾਨ 35 ਇੰਸਪੈਕਸ਼ਨਾਂ ਕੀਤੀਆਂ ਗਈਆਂ ਅਤੇ 11 ਫਰਮਾਂ ਦੇ ਲਾਇਸੈਂਸ ਵੱਖ ਵੱਖ ਸਮੇਂ ਲਈ ਮੁਅੱਤਲ ਕੀਤੇ ਗਏ। ਮਈ ਵਿੱਚ 37 ਇੰਸਪੈਕਸ਼ਨਾਂ ਕੀਤੀਆਂ ਗਈਆਂ ਤੇ 5 ਕਾਸਮੈਟਿਕ ਦੇ ਸੈਂਪਲ ਲਏ ਗਏ ਤੇ 13 ਫਰਮਾਂ ਦੇ ਲਾਇਸੈਂਸ ਵੱਖ ਵੱਖ ਸਮੇਂ ਲਈ ਮੁਅੱਤਲ ਕੀਤੇ ਗਏ।

ਇਸ ਮਹੀਨੇ ਦੌਰਾਨ ਹੁਣ ਤਕ 25 ਇੰਸਪੈਕਸ਼ਨਾਂ ਕੀਤੀਆਂ ਗਈਆਂ। ਪੁਲੀਸ ਦੇ ਸਹਿਯੋਗ ਨਾਲ ਚੈਕਿੰਗ ਦੌਰਾਨ 15 ਤਰ੍ਹਾਂ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ ਤੇ 3 ਤਰ੍ਹਾਂ ਦੇ ਸੈਂਪਲ ਲਏ ਗਏ।

ਓਨ੍ਹਾਂ ਦੱਸਿਆ ਕਿ 12 ਜੂਨ ਨੂੰ ਪੁਲਿਸ ਨਾਲ ਸਾਂਝੇ ਤੌਰ 'ਤੇ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਮੀਰਾ ਫਾਰਮੇਸੀ ਨਵਾਂ ਬੱਸ ਸਟੈਂਡ ਰੋਡ ਬਰਨਾਲਾ ਤੋਂ ਬਿਨਾਂ ਲਾਇਸੈਂਸ ਦੇ 15 ਤਰ੍ਹਾਂ ਦੀਆਂ ਦਵਾਈਆਂ ਸੀਜ਼ ਕੀਤੀਆਂ ਗਈਆਂ ਤੇ 03 ਤਰ੍ਹਾਂ ਦੇ ਸੈਂਪਲ ਲਏ ਗਏ। ਇਸ ਤੋਂ ਇਲਾਵਾ ਤਪਾ ਵਿੱਚ ਆਸ਼ੂ ਜਨਰਲ ਸਟੋਰ ਤੋਂ ਮੱਝਾਂ ਦੇ ਲਾਉਣ ਵਾਲੇ ਟੀਕਿਆਂ ਦਾ ਸੈਂਪਲ ਲਿਆ ਗਿਆ। 23 ਜੂਨ ਨੂੰ ਪਿੰਡ ਢਿੱਲਵਾਂ ਤਹਿਸੀਲ ਤਪਾ ਵਿੱਚ ਇੰਸਪੈਕਸ਼ਨ ਕੀਤੀ ਗਈ। ਇੰਸਪੈਕਸ਼ਨ ਦੇ ਦੌਰਾਨ 25 ਪ੍ਰਕਾਰ ਦੀਆਂ ਦਵਾਈਆਂ ਸੀਜ਼ ਕੀਤੀਆਂ ਗਈਆਂ ਅਤੇ 2 ਤਰ੍ਹਾਂ ਦੀਆਂ ਦਵਾਈਆਂ ਦੇ ਸੈਂਪਲ ਲਏ ਗਏ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਤੋਂ ਨਸ਼ਾ ਛੁਡਾਊ ਇਲਾਜ ਅਤੇ ਹੋਰ ਗਤੀਵਿਧੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿਚ ਜਿੱਥੇ ਨਸ਼ਿਆਂ ਵਿਰੁੱਧ ਸਲੋਗਨ ਲਗਾਏ ਜਾਣ, ਓਥੇ ਮਾਪੇ ਅਧਿਆਪਕ ਮਿਲਣੀ ਵਿਚ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਅਨੁਪ੍ਰਿਤਾ ਜੌਹਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਐੱਸ ਪੀ ਰਾਜੇਸ਼ ਛਿੱਬਰ, ਐਸਡੀਐਮ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ, ਐੱਸਡੀਐਮ ਤਪਾ ਸਿਮਰਪ੍ਰੀਤ ਕੌਰ, ਸਿਵਲ ਸਰਜਨ ਬਲਜੀਤ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਕਾਂਗਰਸ ਨੇ ਰੂਸ 'ਚ ਲਾਪਤਾ 14 ਭਾਰਤੀਆਂ ਦੀ ਵਾਪਸੀ ਦੀ ਮੰਗ ਕੀਤੀ

**ਨਵੀਂ ਦਿੱਲੀ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਦਾਅਵਾ ਕੀਤਾ ਕਿ ਰੂਸ ਵਿੱਚ ਕੰਮ ਦੀ ਭਾਲ ਵਿੱਚ ਗਏ 14 ਭਾਰਤੀ ਲਾਪਤਾ ਹਨ। ਕਾਂਗਰਸ ਨੇ ਕੇਂਦਰ ਸਰਕਾਰ ਨੂੰ ਇਹ ਮਾਮਲਾ ਮਾਸਕੋ ਕੋਲ ਉਠਾਉਣ ਅਤੇ ਉਨ੍ਹਾਂ ਦੀ ਵਾਪਸੀ ਲਈ ਗੰਭੀਰ ਯਤਨ ਕਰਨ ਦੀ ਅਪੀਲ ਕੀਤੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਕਿ ਦਸੰਬਰ 2023 ਵਿੱਚ, 126 ਲੋਕ ਕੰਮ ਦੀ ਤਲਾਸ਼ ਵਿੱਚ ਵਿਦੇਸ਼ ਗਏ ਸਨ। ਉਹ ਸਿੰਗਾਪੁਰ, ਮਲੇਸ਼ੀਆ ਅਤੇ ਇਟਲੀ ਜਾਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਮਾਸਕੋ ਲਿਜਾਇਆ ਗਿਆ। ਉਨ੍ਹਾਂ ਕਿਹਾ, " ਮੇਰੇ ਦੋਸਤ ਜਗਦੀਪ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ, ਜੋ 4 ਹੋਰਾਂ ਨਾਲ ਰੂਸ ਗਿਆ ਸੀ, ਨੇ ਏਜੰਟਾਂ ਨੂੰ 31,40,000 ਰੁਪਏ ਦਿੱਤੇ ਸਨ ਪਰ ਉਨ੍ਹਾਂ ਨੂੰ ਕੰਮ ਨਹੀਂ ਮਿਲਿਆ। ਇਨ੍ਹਾਂ ਲੋਕਾਂ ਨੂੰ ਰੂਸੀ ਸਰਕਾਰ ਵੱਲੋਂ ਉੱਥੇ ਫੌਜ ਵਿੱਚ ਭਰਤੀ ਕਰ ਲਿਆ ਗਿਆ।"



ਉਨ੍ਹਾਂ ਦੱਸਿਆ ਕਿ ਇਨ੍ਹਾਂ 126 ਲੋਕਾਂ ਵਿੱਚੋਂ ਕਰੀਬ 100 ਲੋਕ ਵਾਪਸ ਆ ਚੁੱਕੇ ਹਨ। ਵੜਿੰਗ ਨੇ ਕਿਹਾ, "ਅੱਜ ਸਾਡੇ ਕੋਲ 14 ਲੋਕ ਲਾਪਤਾ ਹਨ, ਮੇਰੇ ਕੋਲ ਉਨ੍ਹਾਂ ਦੇ ਨਾਮ, ਨੰਬਰ ਅਤੇ ਸਭ ਕੁਝ ਹੈ।," ਵੜਿੰਗ ਨੇ 14 ਲਾਪਤਾ ਲੋਕਾਂ ਦੀ ਸੂਚੀ ਵੀ ਦਿਖਾਈ।

ਉਨ੍ਹਾਂ ਕਿਹਾ, "ਇਨ੍ਹਾਂ ਲਾਪਤਾ ਲੋਕਾਂ ਵਿੱਚੋਂ 9 ਉੱਤਰ ਪ੍ਰਦੇਸ਼, ਤਿੰਨ ਪੰਜਾਬ, ਇੱਕ-ਇੱਕ ਮਹਾਰਾਸ਼ਟਰ ਅਤੇ ਜੰਮੂ-ਕਸ਼ਮੀਰ ਤੋਂ ਹਨ।

ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਸਵਾਲ ਕੀਤੇ, "ਅਸੀਂ ਕੇਂਦਰ ਸਰਕਾਰ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕੀ ਤੁਸੀਂ ਉਨ੍ਹਾਂ ਦੀ ਮਦਦ ਕਰੋਗੇ? ਕੀ ਤੁਸੀਂ ਰੂਸ ਨੂੰ ਪੁੱਛੋਗੇ ਕਿ ਉਨ੍ਹਾਂ ਨੇ ਭਾਰਤੀ ਨਾਗਰਿਕਾਂ ਨੂੰ ਆਪਣੀ ਫੌਜ ਵਿੱਚ ਕਿਉਂ ਭਰਤੀ ਕੀਤਾ? ਕੀ ਤੁਸੀਂ ਉਨ੍ਹਾਂ ਏਜੰਟਾਂ ਖ਼ ?ਲਾਫ਼ ਕੋਈ ਕਾਰਵਾਈ ਕੀਤੀ ਹੈ ਜੋ ਰੂਸੀ ਸਰਕਾਰ ਨਾਲ ਮਿਲੀਭੁਗਤ ਕਰਕੇ ਇੱਥੋਂ ਦੇ ਮੁੰਡਿਆਂ ਨੂੰ ਉੱਥੇ ਲੈ ਜਾਂਦੇ ਹਨ ਅਤੇ ਫਿਰ ਉਨ੍ਹਾਂ ਨੂੰ ਮਰਵਾ ਦਿੰਦੇ ਹਨ? ਇਸ ਲਈ, ਅਸੀਂ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਚਾਹੁੰਦੇ ਹਾਂ।

# ਭਾਰਤ ਨਾਲ ਜੁੜੇ ਅਹਿਮ ਫੈਸਲਿਆਂ ਬਾਰੇ ਜਾਣਕਾਰੀ ਹੁਣ ਵ੍ਹਾਈਟ ਹਾਊਸ ਤੋਂ ਮਿਲਣ ਲੱਗੀ: ਕਾਂਗਰਸ

**ਨਵੀਂ ਦਿੱਲੀ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਨਾਲ ਜਲਦੀ ਹੀ ਵਪਾਰਕ ਸਮਝੌਤਾ ਸਿਰੇ ਚੜ੍ਹਨ ਦੇ ਦਾਅਵੇ ਤੋਂ ਬਾਅਦ, ਕਾਂਗਰਸ ਨੇ ਸ਼ੁੱਕਰਵਾਰ ਨੂੰ ਮੋਦੀ ਸਰਕਾਰ 'ਤੇ ਤਨਜ਼ ਕੱਸਦਿਆਂ ਕਿਹਾ ਕਿ ਹੁਣ ਭਾਰਤ ਨਾਲ ਜੁੜੇ ਅਹਿਮ ਫੈਸਲਿਆਂ ਬਾਰੇ ਜਾਣਕਾਰੀ ਵ ?ਹਾਈਟ ਹਾਊਸ ਤੋਂ ਆ ਰਹੀ ਹੈ।

ਟਰੰਪ ਨੇ ਕਿਹਾ ਕਿ ਅਮਰੀਕਾ ਨੇ ਚੀਨ ਨਾਲ ਇੱਕ ਆਰਥਿਕ ਸਮਝੌਤੇ 'ਤੇ ਦਸਤਖਤ ਕੀਤੇ ਹਨ। ਅਮਰੀਕੀ ਸਦਰ ਨੇ ਸੰਕੇਤ ਦਿੱਤਾ ਹੈ ਕਿ ਭਾਰਤ ਨਾਲ ਇੱਕ 'ਬਹੁਤ ਵੱਡਾ' ਸਮਝੌਤਾ ਜਲਦੀ ਹੀ ਹੋਣ ਵਾਲਾ ਹੈ। ਇਸ ਬਾਰੇ ਭਾਰਤ ਸਰਕਾਰ ਵੱਲੋਂ ਅਜੇ ਤੱਕ ਕੋਈ



ਟਿੱਪਣੀ ਨਹੀਂ ਕੀਤੀ ਗਈ ਹੈ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਰਾਸ਼ਟਰਪਤੀ ਟਰੰਪ ਨੇ 16 ਵਾਰ ਦੁਹਰਾਇਆ ਹੈ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਲਈ ਵਪਾਰ ਸਮਝੌਤੇ ਨੂੰ ਇੱਕ ਸਾਧਨ ਵਜੋਂ ਵਰਤਿਆ। ਹੁਣ ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਕੁਝ ਦਿਨਾਂ ਵਿੱਚ ਦਸਤਖਤ ਹੋਣ ਜਾ ਰਹੇ ਹਨ।"

ਉਨ੍ਹਾਂ ਕਿਹਾ, "ਉਹ(ਟਰੰਪ) ਇਸ ਨੂੰ 'ਬਹੁਤ ਵੱਡਾ ਸੌਦਾ' ਕਹਿ ਰਹੇ ਹਨ। ਉਮੀਦ ਹੈ ਕਿ ਇਹ ਸੱਚਮੁੱਚ ਇੱਕ ਵੱਡਾ ਸੌਦਾ ਹੈ, ਕਿਉਂਕਿ ਇਸੇ ਕਰਕੇ ਅਚਾਨਕ ਰੱਦ ਕਰ ਦਿੱਤਾ ਗਿਆ ਸੀ।"

ਕਾਂਗਰਸ ਜਨਰਲ ਸਕੱਤਰ ਨੇ ਤਨਜ਼ ਕਸਦਿਆਂ ਕਿਹਾ ਕਿ ਜਿਵੇਂ ਕਿ ਹੁਣ ਸਪੱਸ਼ਟ ਹੋ ਰਿਹਾ ਹੈ, ਭਾਰਤ ਨਾਲ ਸਬੰਧਤ ਬਹੁਤ ਅਹਿਮ ਫੈਸਲਿਆਂ ਬਾਰੇ ਜਾਣਕਾਰੀ ਵਾਸ਼ਿੰਗਟਨ ਡੀਸੀ ਦੇ ਵ੍ਹਾਈਟ ਹਾਊਸ ਤੋਂ ਵੀ ਆ ਰਹੀ ਹੈ।

# ਬਾਲ ਭਿਖਸ਼ਾ ਰੋਕਣ ਲਈ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੇ ਕੀਤੀ ਗਈ ਚੈਕਿੰਗ

**ਬਠਿੰਡਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਸਰਕਾਰ ਡਾ. ਬਲਜੀਤ ਕੌਰ ਵੱਲੋਂ ਸ਼ੁਰੂ ਕੀਤੀ ਗਈ ਬਾਲ਼ ਭਿਖਸ਼ਾ ਰੋਕੂ ਮੁਹਿੰਮ ਤਹਿਤ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਸ਼੍ਰੀਮਤੀ ਸ਼ੀਨਾ ਅਗਰਵਾਲ ਦੇ ਦਿਸ਼ਾ-ਨਿਰਦੇਸ਼ ਅਤੇ ਕਾਰਜਕਾਰੀ ਡਿਪਟੀ ਕਮਿਸ਼ਨਰ ਮੈਡਮ ਕੰਚਨ ਦੀ ਯੋਗ ਅਗਵਾਈ ਹੇਠ ਜਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ਤੇ ਬਾਲ਼ ਭਿਖਸ਼ਾ ਸਬੰਧੀ ਚੈਕਿੰਗ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼ ?ਰੀ ਪੰਕਜ ਕੁਮਾਰ ਨੇ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਮੁੱਖ ਥਾਵਾਂ ਜਿੰਨ੍ਹਾਂ ਵਿੱਚ ਮੁੱਖ ਬੱਸ ਸਟੈਂਡ, ਨਜ਼ਦੀਕ ਪਾਵਰ ਪਾਊਸ ਰੋਡ ਦੀਆਂ ਲਾਈਟਾਂ, ਹਨੂਮਾਨ ਚੌਂਕ ਅਤੇ ਪੀਰਖਾਨਾ ਨੇੜੇ ਸਟੇਡੀਅਮ ਵਿਖੇ ਬਾਲ ਭਿਖਸ਼ਾ ਸਬੰਧੀ ਚੈਕਿੰਗ ਕੀਤੀ ਗਈ।

ਇਸ ਚੈਕਿੰਗ ਦੌਰਾਨ ਕੁੱਲ 21 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ।

ਇਸ ਮੌਕੇ ਆਮ ਲੋਕਾਂ ਨੂੰ ਵੀ ਜਾਗਰੂਕ ਕੀਤਾ ਗਿਆ ਕਿ ਬੱਚਿਆਂ ਨੂੰ ਭਿਖਸ਼ਾ ਦੇਣ ਦੀ ਬਜਾਏ ਕਿੱਤਾਮੁੱਖੀ ਕੋਰਸਾਂ ਦੀ ਪੜ੍ਹਾਈ ਵੱਲ ਪ੍ਰੇਰਿਤ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਰੈਸਕਿਊ ਕੀਤੇ ਗਏ ਸਾਰੇ ਬੱਚਿਆਂ ਨੂੰ ਚਾਈਲਡ ਵੈਲਫੇਅਰ ਕਮੇਟੀ, ਬਠਿੰਡਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਮੇਟੀ ਵੱਲੋਂ 16 ਬੱਚਿਆਂ ਨੂੰ ਸੀ.ਸੀ.ਆਈ ਵਿੱਚ ਸ਼ਿਫਟ ਕੀਤਾ ਗਿਆ ਅਤੇ 05 ਬੱਚਿਆਂ ਨੂੰ ਉਹਨਾਂ ਦੇ ਮਾਪਿਆ ਨੂੰ ਚੇਤਾਵਨੀ ਦੇ ਕੇ ਸਪੁਰਦ ਕਰ ਦਿੱਤਾ ਗਿਆ।

ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਾਲ ਭਿਖਸ਼ਾ ਨੂੰ ਰੋਕਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਦਿੱਤਾ ਜਾਵੇ ਅਤੇ ਬੱਚਿਆਂ ਨੂੰ ਭੀਖ ਦੇਣ ਦੀ ਬਜਾਏ ਉਨ੍ਹਾਂ ਨੂੰ ਚੰਗਾ ਭੱਵਿਖ ਬਣਾਉਣ ਲਈ ਸੇਧ ਦਿੱਤੀ ਜਾਵੇ।

ਬਾਲ ਭਿਖਸ਼ਾ ਚੈਕਿੰਗ ਮੌਕੇ ਸਮਾਇਲ ਐਨ.ਜੀ.ਓ ਦੇ ਅਧਿਕਾਰੀ ਸ਼ ?ਰੀ ਨਵੀਨ ਗੋਇਲ, ਪੁਲਿਸ ਵਿਭਾਗ, ਸਿੱਖਿਆ ਵਿਭਾਗ ਅਤੇ ਹੈਲਥ ਵਿਭਾਗ ਤੋਂ ਡਾ. ਅੰਕੁਸ਼ ਮੌਕੇ ਤੇ ਮੌਜੂਦ ਰਹੇ।

# ਵਿੱਕੀ ਕੌਸ਼ਲ ਚੰਡੀਗੜ੍ਹ ਵਿੱਚ ਪੀਅਰਸਨ ਪੀਟੀਈ ਪਾਰਟਨਰ ਮੀਟ ਵਿੱਚ ਸ਼ਾਮਲ ਹੋਇਆ




**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆ ਦੀ ਸਭ ਤੋਂ ਵੱਡੀ ਲਰਨਿੰਗ ਕੰਪਨੀ, ਪੀਅਰਸਨ (FTSE: PSON.L) ਨੇ ਅੱਜ ਪੀਅਰਸਨ ਟੈਸਟ ਆਫ਼ ਇੰਗਲਿਸ਼ (PTE) ਲਈ ਆਪਣੀਆਂ ਨਵੀਆਂ ਰਣਨੀਤਕ ਯੋਜਨਾਵਾਂ ਦਾ ਐਲਾਨ ਕਰਨ ਲਈ ਚੰਡੀਗੜ੍ਹ ਵਿੱਚ ਇੱਕ ਵਿਸ਼ੇਸ਼ ਪਾਰਟਨਰ ਮੀਟ ਦੀ ਮੇਜ਼ਬਾਨੀ ਕੀਤੀ। ਚੰਡੀਗੜ੍ਹ ਅਤੇ ਪੰਜਾਬ ਉਨ੍ਹਾਂ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਇੱਕ ਮੁੱਖ ਮੰਜ਼ਿਲ ਬਣੇ ਹੋਏ ਹਨ ਜੋ ਵਿਦੇਸ਼ਾਂ ਵਿੱਚ ਪੜ੍ਹਾਈ ਜਾਂ ਕੰਮ ਕਰਨਾ ਚਾਹੁੰਦੇ ਹਨ। ਅੰਗਰੇਜ਼ੀ ਮੁਹਾਰਤ ਟੈਸਟਾਂ ਦੀ ਵੱਧਦੀ ਮੰਗ ਦੇ ਨਾਲ, ਚੰਡੀਗੜ੍ਹ ਪੀਅਰਸਨ ਲਈ ਸਿਖਿਆਰਥੀਆਂ ਅਤੇ ਭਾਈਵਾਲਾਂ ਦੋਵਾਂ ਨਾਲ ਜੁੜਨ ਲਈ ਇੱਕ ਮੁੱਖ ਬਾਜ਼ਾਰ ਬਣ ਗਿਆ ਹੈ। 150+ ਭਾਈਵਾਲਾਂ ਦੇ ਨਾਲ, ਬਾਲੀਵੁੱਡ ਅਦਾਕਾਰ ਅਤੇ ਪੀਅਰਸਨ ਬ੍ਰਾਂਡ ਅੰਬੈਸਡਰ ਵਿੱਕੀ ਕੌਸ਼ਲ ਵੀ ਪਾਰਟਨਰ ਮੀਟ ਵਿੱਚ ਮੌਜੂਦ ਸਨ। ਇਸ ਸਮਾਗਮ ਵਿੱਚ ਪੀਟੀਈ ਦੇ ਵਧ ਰਹੇ ਪਾਰਟਨਰ ਨੈੱਟਵਰਕ, ਸਿਖਲਾਈ ਪ੍ਰੋਗਰਾਮਾਂ, ਬਾਜ਼ਾਰ ਰੁਝਾਨਾਂ ਅਤੇ ਵਿਦੇਸ਼ਾਂ ਵਿੱਚ ਪੜ੍ਹਾਈ-ਕੰਮ ਦੇ ਮੌਕਿਆਂ ਬਾਰੇ ਚਰਚਾ ਕੀਤੀ ਗਈ। ਉੱਚ-ਗੁਣਵੱਤਾ ਵਾਲੇ ਅੰਗਰੇਜ਼ੀ ਮੁਲਾਂਕਣਾਂ ਦੀ ਵੱਧਦੀ ਮੰਗ ਦੇ ਨਾਲ, ਅਜਿਹੇ ਸਮਾਗਮ ਭਾਈਵਾਲਾਂ ਨੂੰ ਅੱਪਡੇਟ ਰਹਿਣ, ਸਥਾਨਕ ਨੈੱਟਵਰਕਾਂ ਨੂੰ ਮਜ਼ਬੂਤ ਕਰਨ ਅਤੇ ਵਿਦੇਸ਼ਾਂ ਵਿੱਚ ਪ੍ਰਵਾਸ ਕਰਨ ਦੀ ਇੱਛਾ ਰੱਖਣ ਵਾਲੇ ਸਿਖਿਆਰਥੀਆਂ ਨੂੰ ਬਿਹਤਰ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ। ਪੀਅਰਸਨ ਇੰਡੀਆ ਦੇ ਇੰਗਲਿਸ਼ ਲੈਂਗਵੇਜ ਲਰਨਿੰਗ ਦੇ ਡਾਇਰੈਕਟਰ ਪ੍ਰਭੁਲ ਰਵਿੰਦਰਨ ਨੇ ਕਿਹਾ, "ਪੀਅਰਸਨ ਵਿਖੇ, ਸਾਡਾ ਧਿਆਨ ਭਾਗੀਦਾਰਾਂ ਅਤੇ ਪ੍ਰੀਖਿਆਰਥੀਆਂ ਦੋਵਾਂ ਲਈ ਅਸਲ ਚੁਣੌਤੀਆਂ ਨੂੰ ਹੱਲ ਕਰਨ 'ਤੇ ਹੈ। ਭਾਵੇਂ ਇਹ ਏਆਈ-ਸੰਚਾਲਿਤ ਮੁਲਾਂਕਣਾਂ ਰਾਹੀਂ ਤੇਜ਼ ਅਤੇ ਭਰੋਸੇਮੰਦ ਨਤੀਜੇ ਪ੍ਰਦਾਨ ਕਰਨਾ ਹੋਵੇ, ਬਿਹਤਰ ਟੈਸਟ-ਡੇ ਅਨੁਭਵ ਲਈ ਸਥਾਨਕ ਸਹਾਇਤਾ, ਜਾਂ ਭਾਈਵਾਲਾਂ ਨੂੰ ਉਨ੍ਹਾਂ ਦੇ ਅਧਿਐਨ ਅਤੇ ਪ੍ਰਵਾਸ ਯਾਤਰਾਵਾਂ ਨੂੰ ਬਿਹਤਰ ਢੰਗ ਨਾਲ ਮਾਰਗਦਰਸ਼ਨ ਕਰਨ ਲਈ ਸਾਧਨ ਪ੍ਰਦਾਨ ਕਰਨਾ ਹੋਵੇ।" ਉਨ੍ਹਾਂ ਅੱਗੇ ਕਿਹਾ, "ਅਸੀਂ ਦੇਸ਼ ਭਰ ਵਿੱਚ ਪੀਟੀਈ ਨੂੰ ਇੱਕ ਪਸੰਦੀਦਾ ਵਿਕਲਪ ਬਣਾਉਣ ਵਿੱਚ ਸਾਡੇ ਭਾਈਵਾਲਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਪਛਾਣਦੇ ਹਾਂ। ਚੰਡੀਗੜ੍ਹ, ਜੋ ਕਿ ਦੁਨੀਆ ਦੇ ਸਭ ਤੋਂ ਵੱਡੇ ਪੀਟੀਈ ਟੈਸਟ ਕੇਂਦਰਾਂ ਵਿੱਚੋਂ ਇੱਕ ਦਾ ਘਰ ਹੈ, ਸਾਡੇ ਰਣਨੀਤਕ ਦ੍ਰਿਸ਼ਟੀਕੋਣ ਵਿੱਚ ਇੱਕ ਮੁੱਖ ਕੇਂਦਰ ਵਜੋਂ ਖੜ੍ਹਾ ਹੈ। ਵਿੱਕੀ ਕੌਸ਼ਲ ਨਾਲ ਸਾਡੀ ਸਾਂਝ ਨੌਜਵਾਨ ਉਮੀਦਵਾਰਾਂ, ਖਾਸ ਕਰਕੇ ਪੰਜਾਬ ਵਰਗੇ ਮੁੱਖ ਬਾਜ਼ਾਰਾਂ ਵਿੱਚ ਪੀਟੀਈ ਦੀ ਅਪੀਲ ਨੂੰ ਹੋਰ ਮਜ਼ਬੂਤ ਕਰਦੀ ਹੈ।

# ਹਰਬਲਾਈਫ ਇੰਡੀਆ ਨੇ ਸਮ੍ਰਿਤੀ ਮੰਧਾਨਾ ਅਤੇ ਮਨਿਕਾ ਬੱਤਰਾ ਨੂੰ ਵਰਟੀਲਾਈਫ ਆਯੁਰਵੈਦਿਕ ਸਕਿਨ ਕੇਅਰ ਰੇਂਜ ਲਈ ਬ੍ਰਾਂਡ ਅੰਬੈਸਡਰ ਐਲਾਨਿਆ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਬਲਾਈਫ ਇੰਡੀਆ, ਇੱਕ ਪ੍ਰਮੁੱਖ ਸਿਹਤ ਅਤੇ ਤੰਦਰੁਸਤੀ ਕੰਪਨੀ, ਭਾਈਚਾਰਾ, ਅਤੇ ਪਲੇਟਫਾਰਮ , ਨੇ ਭਾਰਤ ਦੀਆਂ ਦੋ ਪ੍ਰਮੁੱਖ ਖੇਡ ਆਈਕਨਾਂ - ਸਮ੍ਰਿਤੀ ਮੰਧਾਨਾ , ਭਾਰਤੀ ਕ੍ਰਿਕਟਰ, ਅਤੇ ਮਨਿਕਾ ਬੱਤਰਾ, ਭਾਰਤੀ ਟੇਬਲ ਟੈਨਿਸ ਖਿਡਾਰਨ - ਨਾਲ ਆਪਣੀ ਵਰਟੀਲਾਈਫ ਆਯੁਰਵੈਦਿਕ ਚਮੜੀ ਦੇਖਭਾਲ ਰੇਂਜ ਲਈ ਆਪਣੀ ਸਾਂਝੇਦਾਰੀ ਦੇ ਵਿਸਥਾਰ ਦਾ ਐਲਾਨ ਕੀਤਾ ਹੈ। ਇਸ ਰਣਨੀਤਕ ਸਾਂਝੇਦਾਰੀ ਦਾ ਉਦੇਸ਼ ਕਲੀਨਿਕਲੀ ਤੌਰ 'ਤੇ ਟੈਸਟ ਕੀਤੇ ਸਕਿਨਕੇਅਰ ਰੁਟੀਨ ਦੁਆਰਾ ਤੰਦਰੁਸਤੀ ਨੂੰ ਸੰਬੋਧਿਤ ਕਰਨਾ ਹੈ ਅਤੇ ਅੰਦਰੋਂ ਬਾਹਰੋਂ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਹਰਬਲਾਈਫ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਐਥਲੀਟਾਂ ਦੇ ਤੌਰ 'ਤੇ ਜੋ ਉੱਚ ਪੱਧਰ ਦੇ ਸਰੀਰਕ ਅਤੇ ਵਾਤਾਵਰਣਕ ਤਣਾਅ ਦਾ ਸਾਹਮਣਾ ਕਰਦੇ ਹਨ, ਸਮ੍ਰਿਤੀ ਮੰਧਾਨਾ ਅਤੇ ਮਨਿਕਾ ਬੱਤਰਾ



ਸੁਚੇਤ ਚਮੜੀ ਦੀ ਦੇਖਭਾਲ ਦੇ ਮਹੱਤਵ ਨੂੰ ਸਮਝਦੀਆਂ ਹਨ ਜੋ ਗੁਣਵੱਤਾ ਜਾਂ ਪ੍ਰਮਾਣਿਕਤਾ ਨਾਲ ਸਮਝੌਤਾ ਕੀਤੇ ਬਿਨਾਂ ਉਨ੍ਹਾਂ ਦੀ ਸਰਗਰਮ ਜੀਵਨ ਸ਼ੈਲੀ ਦਾ ਸਮਰਥਨ ਕਰਦੀ ਹੈ। ਇਹ ਭਾਈਵਾਲੀ ਚਮੜੀ ਦੀ ਦੇਖਭਾਲ ਨੂੰ ਅੱਗੇ ਵਧਾਉਣ ਵਿੱਚ ਇੱਕ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ - ਇੱਕ ਜੋ ਆਯੁਰਵੈਦਿਕ ਪਰੰਪਰਾ ਨੂੰ ਆਧੁਨਿਕ ਵਿਗਿਆਨ ਨਾਲ ਮਿਲਾਉਂਦੀ ਹੈ ਤਾਂ ਜੋ ਹਰੇਕ ਵਿਅਕਤੀ ਨੂੰ ਆਪਣੀ ਚਮੜੀ ਵਿੱਚ ਵਿਸ਼ਵਾਸ ਮਹਿਸੂਸ ਕਰਨ ਲਈ ਸ਼ਕਤੀ ਪ੍ਰਦਾਨ ਕੀਤੀ ਜਾ ਸਕੇ। ਹਰਬਲਾਈਫ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅਜੈ ਖੰਨਾ ਨੇ ਕਿਹਾ , "ਵਰਟੀਲਾਈਫ ਕੁਪੋਸ਼ਣ ਅਤੇ ਸੁਚੇਤ ਚਮੜੀ ਦੀ ਦੇਖਭਾਲ ਪ੍ਰਤੀ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜੋ ਆਯੁਰਵੇਦ ਦੇ ਸਿਧਾਂਤਾਂ ਵਿੱਚ ਜੜ੍ਹਾਂ ਰੱਖਦਾ ਹੈ ਅਤੇ ਵਿਗਿਆਨ ਦੁਆਰਾ ਸਮਰਥਤ ਹੈ। ਜਿਵੇਂ ਕਿ ਅਸੀਂ ਇਸ ਸ਼੍ਰੇਣੀ ਦਾ ਵਿਸਤਾਰ ਕਰਨਾ ਜਾਰੀ ਰੱਖਦੇ ਹਾਂ, ਸਾਨੂੰ ਖੁਸ਼ੀ ਹੈ ਕਿ ਸਮ੍ਰਿਤੀ ਮੰਧਾਨਾ ਅਤੇ ਮਨਿਕਾ ਬੱਤਰਾ - ਹਰਬਲਾਈਫ ਲਈ ਪਹਿਲਾਂ ਹੀ ਕੀਮਤੀ ਰਾਜਦੂਤ - ਵਰਟੀਲਾਈਫ ਸਕਿਨਕੇਅਰ ਸ਼੍ਰੇਣੀ ਨੂੰ ਅੱਗੇ ਵਧਾਉਣ ਲਈ ਆਪਣੇ ਸਹਿਯੋਗ ਨੂੰ ਵਧਾ ਰਹੀਆਂ ਹਨ। ਉਹ ਸੰਤੁਲਨ, ਤਾਕਤ ਅਤੇ ਪ੍ਰਮਾਣਿਕਤਾ ਦੀ ਭਾਵਨਾ ਨੂੰ ਦਰਸਾਉਂਦੇ ਹਨ - ਮੁੱਲ ਜੋ ਵਰਟੀਲਾਈਫ ਲਈ ਅਨਿੱਖੜਵੇਂ ਹਨ । ਉਨ੍ਹਾਂ ਦੀਆਂ ਪ੍ਰੇਰਨਾਦਾਇਕ ਯਾਤਰਾਵਾਂ ਸਾਨੂੰ ਹੋਰ ਲੋਕਾਂ ਨੂੰ ਸੰਪੂਰਨ ਤੰਦਰੁਸਤੀ ਦੇ ਇੱਕ ਸਸ਼ਕਤੀਕਰਨ ਪਹਿਲੂ ਵਜੋਂ ਸਕਿਨਕੇਅਰ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਵਿੱਚ ਮਦਦ ਕਰਨਗੀਆਂ।

# ਖਾਨਪੁਰ ਵਿੱਚ 23 ਪੰਜਾਬ ਬਟਾਲੀਅਨ ਐਨਸੀਸੀ, ਰੂਪਨਗਰ ਵੱਲੋਂ ਇੱਕ ਐਨਸੀਸੀ ਨਾਮਾਂਕਣ ਮੁਹਿੰਮ ਸਫਲਤਾਪੂਰਵਕ ਆਯੋਜਿਤ



**ਰੂਪ ਨਗਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਬੇਦਾਰ ਸ਼੍ਰੀ ਰਾਜੀਵ ਕੁਮਾਰ ਅਤੇ ਸੀਐੱਚਐਮ ਸ਼੍ਰੀ ਰਾਜੀਵ ਆਰ ਦੇ ਨੇਤ੍ਰਤਵ ਹੇਠ 23 ਪੰਜਾਬ ਬਟਾਲੀਅਨ ਐਨਸੀਸੀ ਰੂਪਨਗਰ ਵੱਲੋਂ ਇੱਕ ਐਨਸੀਸੀ ਨਾ ਮੰਗਣ ਮੁਹਿੰਮ ਦਾ ਆਯੋਜਨ ਕੀਤਾ ਗਿਆ।

ਇਹ ਯਤਨ ਸਕੂਲ ਦੀ ਪ੍ਰਧਾਨਾਚਾਰਿਆ ਸ਼੍ਰੀਮਤੀ ਵਿਭਾ ਰਾਣੀ ਦੀ ਦੂਰਦਰਸ਼ੀ ਸੋਚ, ਪ੍ਰੇਰਣਾ ਅਤੇ ਸਰਗਰਮ ਭੂਮਿਕਾ ਕਰਕੇ ਸਫਲ ਹੋ ਸਕਿਆ। ਉਨ੍ਹਾਂ ਦੀ ਲਗਾਤਾਰ ਮੋਟਿਵੇਸ਼ਨ ਅਤੇ ਸਹਿਯੋਗ ਨਾਲ ਇਹ ਪ੍ਰੋਗਰਾਮ ਬਹੁਤ ?ਹੀ ਸੁਚੱਜੇ ਢੰਗ ਨਾਲ ਸੰਪੰਨ ਹੋਇਆ।

ਟੀਜੀਟੀ (WE) ਸ਼੍ਰੀ ਹਿਮਾਂਸ਼ੁ ਕਟਾਰੀਆ ਅਤੇ ਐਡੀ ਮੈਂਬਰ ਸ਼੍ਰੀਮਤੀ ਨਿਸ਼ਠਾ ਨੇ ਨਾਮਾਂਕਣ ਕਾਰਜ ਵਿੱਚ ਸਰਾਹਣਯੋਗ ਯੋਗਦਾਨ ਦਿੱਤਾ।

ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਅਨੁਸ਼ਾਸਨ, ਨੇਤ੍ਰਤਵ ਅਤੇ ਦੇਸ਼ਭਗਤੀ ਦੀਆਂ ਮੁੱਲਾਂ ਨੂੰ ਅਪਣਾਇਆ। ਸਕੂਲ ਆਏ ਹੋਏ ਅਧਿਕਾਰੀਆਂ ਦਾ ਸਹਿਯੋਗ ਅਤੇ ਮਾਰਗਦਰਸ਼ਨ ਲਈ ਦਿਲੋਂ ਧੰਨਵਾਦ ਕਰਦਾ ਹੈ। ਐਨਸੀਸੀ ਕਮਾਂਡਿੰਗ ਅਫ਼ਸਰ ਕਰਨਲ ਆਰ.ਕੇ. ਚੌਧਰੀ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਪੀਐੱਮ ਸ਼੍ਰੀ ਕੇਵੀ ਖਾਨਪੁਰ ਵਿੱਚ ਐਨਸੀਸੀ ਦੀ ਸਥਾਪਨਾ ਦੀ ਆਗਿਆ ਦਿੱਤੀ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣੇ ਵਿਅਕਤੀਗਤ ਵਿਕਾਸ ਅਤੇ ਰਾਸ਼ਟਰੀ ਸੇਵਾ ਲਈ ਇਸ ਮਾਣਯੋਗ ਮੰਚ ਨਾਲ ਜੁੜਨ ਦਾ ਮੌਕਾ ਮਿਲਿਆ।

# ਸਿਹਤ ਮੰਤਰੀ ਵੱਲੋਂ ਘਰ-ਘਰ ਜਾ ਕੇ ਡੇਂਗੂ ਲਾਰਵਾ ਦੀ ਚੈਕਿੰਗ; ਲੋਕਾਂ ਨੂੰ ਕੀਤਾ ਜਾਗਰੂਕ

**➢ ਡਾ. ਬਲਬੀਰ ਸਿੰਘ ਲੋਕਾਂ ਨੂੰ ਖੜ੍ਹੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਖ਼ੁਦ ਫ਼ੀਲਡ 'ਚ ➢ -ਡੇਂਗੂ ਤੋਂ ਬਚਾਅ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਪ੍ਰਤੀ ਹਰੇਕ ਵਿਅਕਤੀ ਦਾ ਜਾਗਰੂਕ ਹੋਣਾ ਜ਼ਰੂਰੀ : ਡਾ. ਬਲਬੀਰ ਸਿੰਘ**



ਪਟਿਆਲਾ, 30 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਸੂਬਾ ਵਾਸੀਆਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ, ਇਸੇ ਲੜੀ ਤਹਿਤ ਅੱਜ ਉਨ੍ਹਾਂ ਪਟਿਆਲਾ ਦੇ ਰਣਜੀਤ ਨਗਰ ਵਿਖੇ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਘਰ ਘਰ ਜਾ ਕੇ ਡੇਂਗੂ ਦਾ ਲਾਰਵਾ ਲੱਭਿਆ ਤੇ ਉਸ ਨੂੰ ਨਸ਼ਟ ਕਰਵਾਉਣ ਦੇ ਨਾਲ ਨਾਲ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ।

ਆਪਣੇ ਦੌਰੇ ਦੌਰਾਨ ਡਾ. ਬਲਬੀਰ ਸਿੰਘ ਨੇ ਰਣਜੀਤ ਨਗਰ ਵਾਸੀਆਂ ਨੂੰ ਡੇਂਗੂ ਤੋਂ ਬਚਾਅ ਲਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦੇ ਮਕਸਦ ਬਾਰੇ ਦੱਸਦਿਆਂ ਕਿਹਾ ਕਿ ਜੇਕਰ ਹਫ਼ਤੇ 'ਚ ਇਕ ਦਿਨ ਪਾਣੀ ਨਾਲ ਭਰੀਆਂ ਥਾਵਾਂ ਨੂੰ ਖਾਲੀ ਕਰ ਦਿੱਤਾ ਜਾਵੇ ਤਾਂ ਡੇਂਗੂ ਦਾ ਲਾਰਵਾ ਪਨਪ ਨਹੀਂ ਸਕੇਗਾ ਤੇ ਲੋਕ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚ ਸਕਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੀ ਮੌਜੂਦ ਸਨ।

ਡਾ. ਬਲਬੀਰ ਸਿੰਘ ਨੇ ਰਣਜੀਤ ਨਗਰ ਦੇ ਕਈ ਘਰਾਂ ਵਿੱਚ ਜਾ ਕੇ ਵੱਖ-ਵੱਖ ਪਾਣੀ ਵਾਲੇ ਬਰਤਨਾਂ, ਫੁੱਲਾਂ ਦੇ ਗਮਲੇ, ਪਾਰਕ ਅਤੇ ਪੰਛੀਆਂ ਤੇ ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਵਰਤੇ ਜਾਂਦੇ ਭਾਂਡਿਆਂ ਤੇ ਕਾਰ ਸਰਵਿਸ ਸਟੇਸ਼ਨ ਦੀ ਜਾਂਚ ਕੀਤੀ। ਸਿਹਤ ਮੰਤਰੀ ਵੱਲੋਂ ਹਰ ਉਸ ਥਾਂ ਦੀ ਚੈਕਿੰਗ ਕੀਤੀ ਗਈ ਜਿੱਥੇ ਡੇਂਗੂ ਦਾ ਲਾਰਵਾ ਹੋਣ ਦੀ ਸੰਭਾਵਨਾ ਸੀ, ਉਨ੍ਹਾਂ ਨੇ ਕਈ ਘਰਾਂ ਵਿੱਚ ਲਾਰਵਾ ਖ਼ੁਦ ਲੱਭਿਆ ਤੇ ਇਸ ਨੂੰ ਨਸ਼ਟ ਕਰਨ ਦੇ ਨਾਲ-ਨਾਲ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਖਾਲੀ ਪਏ ਪਲਾਟਾਂ ਦੇ ਮਾਲਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਲਾਟਾਂ ਦੀ ਸਫ਼ਾਈ ਜ਼ਰੂਰ ਕਰਵਾਉਣ ਤਾਂ ਕਿ ਖਾਲੀ ਪਲਾਟਾਂ 'ਚ ਖੜ੍ਹੇ ਪਾਣੀ ਕਾਰਨ ਨਾਲ ਰਹਿੰਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹਰ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸਵੇਰੇ 10 ਵਜੇ ਤੱਕ ਇੱਕ ਘੰਟਾ ਆਪਣੇ ਘਰਾਂ ਅਤੇ ਆਲੇ ਦੁਆਲੇ ਡੇਂਗੂ ਖਤਮ ਕਰਨ ਲਈ ਸਮਾਂ ਕੱਢਣ। ਇਸ ਦੌਰਾਨ ਸਾਰੇ ਫੁੱਲਾਂ ਦੇ ਗਮਲੇ, ਕੂਲਰ 'ਚ ਖੜ੍ਹਾ ਪਾਣੀ, ਫਰਿਜ ਦੀਆਂ ਟਰੇਆਂ ਅਤੇ ਖੁੱਲ੍ਹੇ ਵਿੱਚ ਪਏ ਪਾਣੀ ਨਾਲ ਭਰੇ ਹੋਰ ਕਿਸੇ ਵੀ ਭਾਂਡੇ ਚੋਂ ਪਾਣੀ ਦੀ ਨਿਕਾਸੀ ਕਰਨ ਤੋਂ ਇਲਾਵਾ ਸੁਕਾਅ ਦੇਣਾ ਚਾਹੀਦਾ ਹੈ ਤਾਂ ਜੋ ਮੱਛਰ ਦੇ ਲਾਰਵੇ ਦਾ ਪ੍ਰਜਣਨ ਚੱਕਰ ਟੁੱਟ ਜਾਵੇ, ਜਿਸ ਨੂੰ ਬਾਲ.ਗ ਮੱਛਰ ਵਜੋਂ ਵਿਕਸਿਤ ਹੋਣ ਵਿੱਚ ਇੱਕ ਹਫ਼ਤਾ ਲੱਗ ਜਾਂਦਾ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਇਹ ਵੀ ਦੱਸਿਆ ਕਿ ਭਾਵੇਂ ਡੇਂਗੂ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਹੈ ਪਰ ਅਸੀਂ ਕੁਝ ਸਾਧਾਰਨ ਸਾਵਧਾਨੀਆਂ ਅਪਣਾ ਕੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਅ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਵਾਧੂ ਬੈੱਡ ਡੇਂਗੂ ਦੇ ਮਰੀਜ਼ਾਂ ਲਈ ਰਾਖਵੇ ਰੱਖੇ ਗਏ ਹਨ। ਇਸ ਮੌਕੇ ਐਸ.ਐਮ.ਓ. ਡਾ. ਮੋਨਿਕਾ ਤੇ ਡਾ. ਸੁਮਿਤ ਸਿੰਘ ਸਮੇਤ ਸਿਹਤ ਵਿਭਾਗ ਦਾ ਅਮਲਾ ਮੌਜੂਦ ਸੀ।

# ਵਿਧਾਇਕ ਮਾਸਟਰ ਜਗਸੀਰ ਸਿੰਘ ਨੇ 23 ਫਾਰਮੇਸੀ ਅਫ਼ਸਰਾਂ ਅਤੇ 19 ਅਟੈਂਡੈਂਟ-ਕਮ-ਦਰਜਾ ਚਾਰ ਮੁਲਾਜ਼ਮਾਂ ਨੂੰ ਵੰਡੇ ਨਿਯੁਕਤੀ ਪੱਤਰ



ਬਠਿੰਡਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਅਧੀਨ ਚੱਲ ਰਹੇ ਸਬ ਸਿਡਰੀ ਹੈਲਥ ਸੈਂਟਰਾਂ ਚ ਕੰਮ ਕਰਦੇ 23 ਫਾਰਮੇਸੀ ਅਫ਼ਸਰਾਂ ਅਤੇ 19 ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮਾਂ ਨੂੰ ਸਥਾਨਕ ਡਿਪਟੀ ਕਮਿਸ਼ਨਰ ਮੀਟਿੰਗ ਹਾਲ ਵਿਖੇ ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ ਵੱਲੋਂ ਨਿਯੁਕਤੀ ਪੱਤਰਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਕਾਰਜਕਾਰੀ ਡਿਪਟੀ ਕਮਿਸ਼ਨਰ ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਸਿਖਲਾਈ ਅਧੀਨ ਆਈ.ਏ.ਐਸ ਮੈਡਮ ਹਰਸ਼ਿਤ ਸ਼ਰਮਾ, ਮੇਅਰ ਨਗਰ ਨਿਗਮ ਸ੍ਰੀ ਪਦਮਜੀਤ ਮਹਿਤਾ, ਚੇਅਰਮੈਨ ਇੰਮਪਰੂਵਮੈਂਟ ਟਰਸਟ ਸ੍ਰੀ ਜਤਿੰਦਰ ਭੱਲਾ, ਵਾਈਸ ਚੇਅਰਮੈਨ ਐਸ.ਸੀ. ਕਾਰਪੋਰੇਸ਼ਨ ਸ੍ਰੀ ਗੁਰਜੰਟ ਸਿੰਘ ਸਿਵੀਆਂ, ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਬੱਲੀ ਬਲਜੀਤ ਅਤੇ ਆਪ ਦੇ ਬਲਾਕ ਪ੍ਰਧਾਨ ਸ੍ਰੀ ਬੂਟਾ ਸਿੰਘ ਸਿਵੀਆਂ ਆਦਿ ਹਾਜ਼ਰ ਸਨ।

ਇਸ ਮੌਕੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੱਖਿਆ, ਸਿਹਤ ਅਤੇ ਵਿਕਾਸ ਦੇ ਨਾਲ-ਨਾਲ ਰੁਜ਼ਗਾਰ ਅਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਕ੍ਰਾਂਤੀਕਾਰੀ ਤਬਦੀਲੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਫਾਰਮੇਸੀ ਅਫ਼ਸਰਾਂ ਅਤੇ ਅਟੈਂਡੈਂਟ-ਕਮ-ਦਰਜਾ ਚਾਰ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ।

ਇਸ ਤੋਂ ਪਹਿਲਾਂ ਕਾਰਜਕਾਰੀ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਮੁਲਾਜ਼ਮਾਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਇਹ ਮੁਲਾਜ਼ਮ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਅਧੀਨ ਚੱਲ ਰਹੇ ਸਬ ਸਿਡਰੀ ਹੈਲਥ ਸੈਂਟਰਾਂ ਚ ਬਤੌਰ ਫਾਰਮੇਸੀ ਅਫ਼ਸਰ ਅਤੇ ਅਟੈਂਡੈਂਟ-ਕਮ-ਦਰਜਾ ਚਾਰ ਵਜੋਂ ਕੰਮ ਕਰ ਰਹੇ ਸਨ।

ਇਹ ਮੁਲਾਜ਼ਮ ਜਿਹੜੇ ਹੁਣ ਪ੍ਰਸ਼ੋਨਲ ਵਿਭਾਗ ਦੀ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਸਨ, ਉਨ੍ਹਾਂ ਨੂੰ ਨਿਯੁਕਤੀ ਦੀ ਪੇਸ਼ਕਸ ਕੀਤੀ ਗਈ ਸੀ। ਇਨ੍ਹਾਂ ਮੁਲਾਜ਼ਮਾਂ ਵਿੱਚ 23 ਫਾਰਮੇਸੀ ਅਫ਼ਸਰ ਅਤੇ 19 ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਫਾਰਮੇਸੀ ਅਫ਼ਸਰਾਂ ਜਿੰਨ੍ਹਾਂ ਦੀ ਪਹਿਲਾਂ ਤਨਖਾਹ 11 ਹਜ਼ਾਰ ਰੁਪਏ ਪ੍ਰਤੀ ਮਹੀਨਾ ਸੀ, ਹੁਣ ਇਨ੍ਹਾਂ ਦੀ ਤਨਖਾਹ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੋਵੇਗੀ। ਇਸ ਤੋਂ ਇਲਾਵਾ ਇਨ੍ਹਾਂ ਮੁਲਾਜ਼ਮਾਂ ਨੂੰ 30 ਹਜ਼ਾਰ ਰੁਪਏ ਤੱਕ ਸ਼ਲਾਨਾ ਤਰੱਕੀ 5 ਫ਼ੀਸਦੀ ਦੀ ਦਰ ਨਾਲ ਦਿੱਤੀ ਜਾਵੇਗੀ ਅਤੇ 30 ਹਜ਼ਾਰ ਤੋਂ ਬਾਅਦ 3 ਪ੍ਰਤੀਸ਼ਤ ਦੀ ਦਰ ਨਾਲ ਸ਼ਲਾਨਾ ਤਰੱਕੀ ਹੋਵੇਗੀ।

ਇਸੇ ਤਰ੍ਹਾਂ ਅਟੈਂਡੈਂਟ-ਕਮ-ਦਰਜਾ ਚਾਰ ਮੁਲਜ਼ਮਾਂ ਦੀ ਪਹਿਲਾਂ ਤਨਖਾਹ 6 ਹਜ਼ਾਰ ਰੁਪਏ ਪ੍ਰਤੀ ਮਹੀਨਾ ਸੀ, ਹੁਣ ਇਨ੍ਹਾਂ ਨੂੰ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ। ਇਸ ਤੋਂ ਇਲਾਵਾ 25 ਹਜ਼ਾਰ ਰੁਪਏ ਤੱਕ ਸਲਾਨਾ ਤਰੱਕੀ 5 ਫ਼ੀਸਦੀ ਦੀ ਦਰ ਨਾਲ ਦਿੱਤੀ ਜਾਵੇਗੀ ਅਤੇ 25 ਹਜ਼ਾਰ ਤੋਂ ਬਾਅਦ 3 ਪ੍ਰਤੀਸ਼ਤ ਦੀ ਦਰ ਨਾਲ ਸ਼ਲਾਨਾ ਤਰੱਕੀ ਮਿਲਣਯੋਗ ਹੋਵੇਗੀ।

# ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਨੂੰ ਪਟਿਆਲਾ ਪੁਲਿਸ ਵੱਲੋਂ ਕੀਤਾ ਜਾ ਰਿਹਾ ਹੈ ਜ਼ਬਤ: ਐਸ ਪੀ (ਡੀ) ਗੁਰਬੰਸ ਸਿੰਘ ਬੈਂਸ




ਪਟਿਆਲਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨਾਲ ਮਿਲਕੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਐਸ ਪੀ (ਡੀ) ਗੁਰਬੰਸ ਸਿੰਘ ਬੈਂਸ ਨਾਲ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਪਟਿਆਲਾ ਅਤੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਮੁਲਾਕਾਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਐਸ ਆਈ ਜਸਵਿੰਦਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ , ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ, ਉਪਕਾਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆ ਐਸ ਪੀ ਗੁਰਬੰਸ ਸਿੰਘ ਬੈਂਸ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸ਼ੰਸਾਯੋਗ ਹਨ ਉਹਨਾਂ ਕਿਹਾ ਕਿ ਅੱਜ ਕਈ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ ਇਸ ਲਈ ਉਹਨਾਂ ਨੂੰ ਨਸ਼ਿਆਂ ਤੋਂ ਬਹਾਰ ਕੱਢਣ ਲਈ ਉਹਨਾਂ ਦੀ ਕੌਸਲਿੰਗ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਕੇ ਉਹਨਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੱਡਣ ਵਾਲੇ ਨੌਜਵਾਨਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ, ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾ ਰਹੀ ਹੈ।

ਉਹਨਾ ਕਿਹਾ ਕਿ ਨਸਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ, ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਸ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਉਹਨਾਂ ਦੀ ਟੀਮ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਹਮੇਸ਼ਾ ਵਲੰਟੀਅਰ ਸੇਵਾਵਾਂ ਦੇਣ ਲਈ ਤਿਆਰ ਹੈ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੀਰਾਪੁਰ ਚੋਅ, ਅਦਾਲਤੀ ਵਾਲਾ ਡਰੇਨ ਤੇ ਟਾਂਗਰੀ ਨਦੀ ਦਾ ਦੌਰਾ



ਦੁਧਨਸਾਧਾਂ/ਪਟਿਆਲਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਵੱਲੋਂ ਅੱਜ ਸਬ ਡਵੀਜ਼ਨ ਦੁਧਨਸਾਧਾਂ ਵਿਚੋਂ ਲੰਘਦੀ ਮੀਰਾਪੁਰ ਚੋਅ, ਅਦਾਲਤੀ ਵਾਲਾ ਡਰੇਨ ਅਤੇ ਟਾਂਗਰੀ ਨਦੀ ਦਾ ਦੌਰਾ ਕੀਤਾ। ਇਸ ਮੌਕੇ ਐਸ.ਡੀ.ਐਮ. ਦੁਧਨਸਾਧਾਂ ਕ੍ਰਿਪਾਲਵੀਰ ਸਿੰਘ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਏ.ਡੀ.ਸੀ. ਨੇ ਮੀਰਾਪੁਰ ਚੋਅ ਦੀ ਸਫ਼ਾਈ 'ਚ ਦੇਰੀ ਦਾ ਗੰਭੀਰ ਨੋਟਿਸ ਲੈਂਦਿਆਂ ਚੋਅ ਦੀ ਸਫ਼ਾਈ ਦਾ ਕੰਮ ਤੁਰੰਤ ਮੌਕੇ 'ਤੇ ਸ਼ੁਰੂ ਕਰਵਾਉਂਦਿਆਂ ਕਿਹਾ ਕਿ ਅਜਿਹੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚੋਂ ਲੰਘਦੀਆਂ ਸਾਰੀਆਂ ਡਰੇਨਾਂ, ਨਦੀਆਂ ਤੇ ਨਾਲਿਆਂ ਦੀ ਸਫ਼ਾਈ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀਆਂ ਹਦਾਇਤਾਂ ਅਨੁਸਾਰ ਏ.ਡੀ.ਸੀਜ ਪੱਧਰ ਦੇ ਅਧਿਕਾਰੀ ਰੋਜ਼ਾਨਾ ਮੌਕੇ 'ਤੇ ਜਾ ਕੇ ਸਫ਼ਾਈ ਕਾਰਜਾਂ ਦਾ ਜਾਇਜ਼ਾ ਲੈ ਰਹੇ ਹਨ। ਇਸ ਮੌਕੇ ਇਸ਼ਾ ਸਿੰਗਲ ਨੇ ਵੱਖ ਵੱਖ ਵਿਭਾਗਾਂ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਸਮੂਹ ਵਿਭਾਗ ਆਪਣੇ ਵਿਭਾਗ ਨਾਲ ਸਬੰਧਤ ਪ੍ਰਬੰਧ ਪੂਰਨ ਤੌਰ ਤੇ ਮੁਕੰਮਲ ਕਰਨਾ ਯਕੀਨੀ ਬਣਾਉਣ ਤਾਂ ਜੋ ਮਾਨਸੂਨ ਦੇ ਸੀਜ਼ਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਐਸ.ਡੀ.ਐਮ ਦੁਧਨਸਾਧਾਂ ਕ੍ਰਿਪਾਲਵੀਰ ਸਿੰਘ ਨੇ ਦੱਸਿਆ ਕਿ ਸਬ ਡਵੀਜ਼ਨ ਦੁਧਨਸਾਧਾਂ ਵਿੱਚੋਂ ਲੰਘਦੇ ਚੋਅ, ਡਰੇਨ ਤੇ ਨਦੀਆਂ ਦੀ ਸਾਫ਼ ਸਫ਼ਾਈ ਦੀ ਨਿਗਰਾਨੀ ਉਹ ਖ਼ੁਦ ਕਰ ਰਹੇ ਹਨ ਤੇ ਸਬੰਧਤ ਵਿਭਾਗਾਂ ਦੇ ?ਅਧਿਕਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ।

ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਪਟਿਆਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਨਸੂਨ ਸੀਜ਼ਨ ਤੋਂ ਪਹਿਲਾ ਨਦੀਆਂ-ਨਾਲਿਆਂ ਦੀ ਸਫ਼ਾਈ ਸਮੇਤ ਹਰੇਕ ਤਰ੍ਹਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਹਨ।

# ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਟੀ.ਬੀ. ਦੇ ਮਰੀਜਾਂ ਦੀ ਸਹਾਇਤਾ ਲਈ ਬਣੇ ਨਿਕਸ਼ੇ ਮਿੱਤਰਾ



ਪਟਿਆਲਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਵਿੱਚ ਟੀਬੀ ਮੁਕਤ ਭਾਰਤ ਅਭਿਆਨ (ਟੀਬੀਐਮਬੀਏ) ਦੇ ਲਾਗੂਕਰਨ ਦੀ ਸਮੀਖਿਆ ਅਤੇ ਮਜ਼ਬੂਤੀ ਲਈ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਉਨ੍ਹਾਂ ਨੇ ਟੀਬੀ ਦੇ ਮਰੀਜ਼ਾਂ ਨੂੰ ਪੋਸ਼ਣ ਅਤੇ ਮਨੋ-ਸਮਾਜਿਕ ਸਹਾਇਤਾ ਪ੍ਰਦਾਨ ਕਰਨ ਲਈ ਅਹਿਮ ਸਕੀਮ ਨਿਕਸ਼ੇ ਮਿੱਤਰਾਂ ਦਾ ਘੇਰਾ ਵਧਾਉਣ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਇਹ ਸਹਾਇਤਾ ਟੀ.ਬੀ. ਦੇ ਮਰੀਜਾਂ ਨੂੰ ਇਸ ਬਿਮਾਰੀ ਤੋਂ ਉਭਰਨ ਲਈ ਅਹਿਮ ਸਾਬਤ ਹੋਵੇਗੀ।

ਮੀਟਿੰਗ ਵਿੱਚ ਜ਼ਿਲ੍ਹਾ ਟੀ.ਬੀ. ਅਫ਼ਸਰ ਡਾ. ਗੁਰਪ੍ਰੀਤ ਨਾਗਰਾ, ਟੀਬੀਐਮਬੀਏ ਟੀਮ, ਰਾਜ ਭਵਨ ਪੰਜਾਬ ਦੇ ਸਪੈਸ਼ਲਿਸਟ ਡਾ. ਅਨੁਰਾਗ ਵਸ਼ਿਸ਼ਠ, ਟੀਬੀਐਮਬੀਏ ਪੰਜਾਬ ਦੇ ਸਟੇਟ ਪ੍ਰੋਗਰਾਮ ਅਫ਼ਸਰ ਡਾ. ਜਸਕੀਰਤ ਸਿੰਘ, ਜ਼ਿਲ੍ਹਾ ਟੀਬੀ ਦਫ਼ਤਰ ਤੋਂ ਪਰਮਜੀਤ ਕੌਰ ਅਤੇ ਰਸ਼ਮੀ ਸ਼ਰਮਾ, ਰਾਜ ਭਵਨ ਪੰਜਾਬ ਦੇ ਨੁਮਾਇੰਦੇ ਦਵਿੰਦਰ ਕੌਰ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਇਨ੍ਹਾਂ ਨਾਲ ਵਿਚਾਰ-ਵਟਾਂਦਰੇ ਕਰਦਿਆਂ ਕਿਹਾ ਕਿ ਬੇਸ਼ੱਕ ਪਟਿਆਲਾ ਜ਼ਿਲ੍ਹੇ ਵਿੱਚ ਟੀਬੀ ਦਾ ਬੋਝ ਲਗਾਤਾਰ ਵੱਧ ਰਿਹਾ ਹੈ, ਜਿਸ ਲਈ ਟੀਬੀ ਦੇ ਮਰੀਜ਼ਾਂ ਲਈ ਢੁਕਵੀਂ ਦੇਖਭਾਲ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਨਿਕਸ਼ੇ ਮਿੱਤਰ ਪਹਿਲਕਦਮੀ ਨੂੰ ਵਧਾਉਣ ਦੀ ਤੁਰੰਤ ਲੋੜ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਟੀ.ਬੀ ਦੇ ਮਰੀਜਾਂ ਦੀ ਸਹਾਇਤਾ ਲਈ ਅੱਗੇ ਆਉਂਦਿਆਂ ਆਪਣੇ ਆਪ ਨੂੰ ਵੀ ਨਿਕਸ਼ੇ ਮਿੱਤਰਾ ਵਜੋਂ ਰਜਿਸਟਰ ਕਰਵਾਇਆ ਅਤੇ ਮੁਹਿੰਮ ਨੂੰ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ।

ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਿਕਸ਼ੇ ਮਿੱਤਰਾ ਦੀ ਇਸ ਪਹਿਲਕਦਮੀ ਦੇ ਤਹਿਤ ਟੀਬੀ ਦੇ ਮਰੀਜ਼ਾਂ ਦੀ 100 ਫੀਸਦੀ ਕਵਰੇਜ ਪ੍ਰਾਪਤ ਕਰਨ ਲਈ ਸਰਗਰਮੀ ਨਾਲ ਕੰਮ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਇਹ ਇੱਕ ਨਿਰੰਤਰ ਅਤੇ ਟਿਕਾਊ ਯਤਨ ਬਣੇ ਤਾਂ ਕਿ ਟੀ.ਬੀ. ਦੇ ਮਰੀਜ਼ਾਂ ਲਈ ਭਲਾਈ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਟੀਬੀ ਮੁਕਤ ਪਟਿਆਲਾ ਵੱਲ ਦ੍ਰਿੜਤਾ ਨਾਲ ਅੱਗੇ ਵਧੇ।

# ਜੱਸੀ ਸੋਹੀਆਂ ਵਾਲਾ ਨੇ ਕੀਤਾ ਖ਼ੂਨਦਾਨ ਤੇ ਮੈਡੀਕਲ ਚੈੱਕਅਪ ਕੈਂਪ ਉਦਘਾਟਨ



ਨਾਭਾ, 30 ਜੂਨ/-ਸੁਧੀਰ ਜੈਨ-
-ਕੌਮੀ ਪੱਤ੍ਰਿਕਾ ਬਿਊਰੋ-

ਗੁਰਦੁਆਰਾ ਸਿੱਧਸਰ ਸਾਹਿਬ ਅਲੌਹਰਾਂ ਵਿਖੇ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਜੀ ਦੀ 22ਵੀਂ ਸਲਾਨਾ ਬਰਸੀ ਮੌਕੇ ਅੱਜ ਮਿਸ਼ਨ ਲਾਲੀ ਤੇ ਹਰਿਆਲੀ ਟੀਮ ਵਲੋਂ ਸਮਾਜ ਸੇਵੀ ਹਰਦੀਪ ਸਨੌਰ ਦੀ ਅਗਵਾਈ ਹੇਠ ਮਨੁੱਖਤਾ ਦੇ ਭਲੇ ਲਈ ਵਿਸ਼ਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਅਤੇ ਬਾਬਾ ਹਰਦੇਵ ਸਿੰਘ ਨੇ ਸਾਂਝੇ ਤੌਰ ਤੇ ਕੀਤਾ ਅਤੇ ਉਨ੍ਹਾਂ ਨੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੰਤ ਬਾਬਾ ਸੁਖਦੇਵ ਸਿੰਘ ਮਹਾਰਾਜ ਮਹਾਨ ਕਰਨੀ ਅਤੇ ਨਿਮਰਤਾ ਦਾ ਪੁੰਜ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਸੇਵਾ ਅਤੇ ਸਿੱਖ ਧਰਮ ਦੇ ਪ੍ਰਚਾਰ ਦੇ ਲੇਖੇ ਵਿੱਚ ਲਾ ਦਿੱਤਾ ਅਤੇ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਲੱਖਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰਸਿੱਖੀ ਨਾਲ ਜੋੜਿਆ ਅਤੇ ਲੋਕਾਂ ਨੂੰ ਚੰਗੇ ਕੰਮਾਂ ਵੱਲ ਪ੍ਰੇਰਿਤ ਕੀਤਾ, ਜਿਸ ਦੀ ਬਦੌਲਤ ਅੱਜ ਲੱਖਾਂ ਹੀ ਸਿੱਖ ਸੰਗਤਾਂ ਦੇਸ਼ਾਂ-ਵਿਦੇਸ਼ਾਂ ਵਿੱਚ ਰਹਿਕੇ ਉਨ੍ਹਾਂ ਵਲੋਂ ਦਰਸਾਏ ਸੱਚ ਦੇ ਮਾਰਗ ਤੇ ਚੱਲ ਰਹੀਆਂ ਹਨ।

# ਸੂਪਰ ਸਪੈਸ਼ਲਟੀ ਪਾਰਕ ਹਸਪਤਾਲ, ਪਟਿਆਲਾ ਵੱਲੋਂ ਖੇਤਰ ਵਿੱਚ ਸਭ ਤੋਂ ਅਧੁਨਿਕ ਤਕਨਾਲੋਜੀ ਜਾ ਰਹੀ ਹੈ ਅਪਣਾਈ

ਪਟਿਆਲਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਸੀਂ ਇਸ ਖੇਤਰ ਦੇ ਲੋਕਾਂ ਦੀ ਭਲਾਈ ਲਈ ਉੱਚ ਪੱਧਰੀ ਅਤੇ ਜਟਿਲ ਪ੍ਰਕਿਰਿਆਵਾਂ ਕਰ ਰਹੇ ਹਾਂ। ਉੱਚ ਤਕਨਾਲੋਜੀ ਨੂੰ ਅਪਣਾਉਣ ਦੀ ਲੜੀ ਵਿੱਚ, ਹੁਣ ਅਸੀਂ ਨਵੀਨਤਮ EUS-ਗਾਈਡਡ ਗੈਸਟ ?ਰੋਐਨਟ ?ਰੋਲੋਜੀ ਪ੍ਰੋਸੈਸਰ ਸ਼ਾਮਲ ਕੀਤਾ ਹੈ। ਅੱਜ ਅਸੀਂ ਤੁਹਾਨੂੰ ਇਸ ਘੱਟ ਹਸਤਖੇਪ ਵਾਲੀ ਅਤੇ ਬਹੁਤ ਹੀ ਲਾਭਕਾਰੀ ਤਕਨਾਲੋਜੀ ਦੇ ਲਾਭਾਂ ਬਾਰੇ ਦੱਸਣਾ ਚਾਹੁੰਦੇ ਹਾਂ ਜਿਸ ਰਾਹੀਂ ਗੈਸਟ ?ਰੋਇੰਟੈਸਟਾਈਨਲ ਰੋਗਾਂ ਦੀ ਸਹੀ ਤਸ਼ਖੀਸ ਅਤੇ ਇਲਾਜ ਕੀਤਾ ਜਾ ਸਕਦਾ ਹੈ। ਪਾਰਕ ਹਸਪਤਾਲ, ਪਟਿਆਲਾ ਦੇ ਗੈਸਟਰੋਐਨਟਰੋਲੋਜੀ ਅਤੇ ਹਿਪੈਟੋਲੋਜੀ ਵਿਭਾਗ ਨੇ ਪੰਜਾਬ ਦੇ ਮਾਲਵਾ ਖੇਤਰ ਵਿੱਚ ਪਹਿਲੀ ਵਾਰੀ EUS-ਗਾਈਡਡ ਸਿਸਟੋਗੈਸਟ ?ਰੋਸਟੋਮੀ (ਹਾਟ ਐਕਸੀਓਸ ਲੈਮਸ) ਕਰਕੇ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ। ਇਹ ਪ੍ਰਕਿਰਿਆ ਇਕ ਅਜਿਹੇ ਮਰੀਜ਼ ਉਤੇ ਕੀਤੀ ਗਈ ਜੋ ਕਿ ਪੈਂਕਰੀਆਟਾਈਟਿਸ (WON) ਅਤੇ ਦਬਾਅ ਵਾਲੇ ਲਛਣਾਂ ਨਾਲ ਪੀੜਤ ਸੀ। ਡਾ. ਰਾਜਪਰੀਤ ਬਰਾੜ, ਕਨਸਲਟੈਂਟ - ਗੈਸਟਰੋਐਨਟਰੋਲੋਜੀ ਅਤੇ ਹਿਪੈਟੋਲੋਜੀ, ਪਾਰਕ ਹਸਪਤਾਲ ਪਟਿਆਲਾ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਇਹ ਪ੍ਰਕਿਰਿਆ ਸਫਲਤਾਪੂਰਕ ਕੀਤੀ ਗਈ, ਜਿਸ ਨਾਲ ਮਰੀਜ਼ ਦੀ ਹਾਲਤ ਵਿੱਚ ਮਹੱਤਵਪੂਰਨ ਸੁਧਾਰ ਆਇਆ।

ਉਪਲਬਧੀ ਬਾਰੇ ਗੱਲ ਕਰਦਿਆਂ ਡਾ. ਰਾਜਪਰੀਤ ਬਰਾੜ ਨੇ ਕਿਹਾ:

÷ਇਹ ਉਪਲਬਧੀ ਮਾਲਵਾ ਖੇਤਰ ਵਿੱਚ ਗੈਸਟ ?ਰੋਐਨਟ ?ਰੋਲੋਜੀ ਦੇ ਇਲਾਜ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੀ ਹੈ। EUS-ਗਾਈਡਡ ਤਕਨੀਕ ਉਹਨਾਂ ਮਰੀਜ਼ਾਂ ਲਈ ਜੀਵਨ-ਬਚਾਉਣ ਵਾਲਾ ਵਿਕਲਪ ਹੈ ਜੋ ਪੈਂਕਰੀਆਟਿਕ ਦਾ ਸਾਹਮਣਾ ਕਰ ਰਹੇ ਹੁੰਦੇ ਹਨ। ਪਾਰਕ ਹਸਪਤਾਲ, ਪਟਿਆਲਾ ਵਿੱਚ ਅਸੀਂ ਆਪਣੇ ਮਰੀਜ਼ਾਂ ਨੂੰ ਸਭ ਤੋਂ ਅਧੁਨਿਕ ਇਲਾਜ ਦੇਣ ਲਈ ਵਚਨਬੱਧ ਹਾਂ ਤਾਂ ਜੋ ਉਨ੍ਹਾਂ ਨੂੰ ਉੱਚ-ਮਿਆਰੀ ਸਿਹਤ ਸੇਵਾਵਾਂ ਆਪਣੇ ਹੀ ਖੇਤਰ ਵਿੱਚ ਮਿਲ ਸਕਣ।÷

ਸਿਹਤ ਸੇਵਾ ਵਿੱਚ ਉਤਕ੍ਰਿਸ਼ਟਤਾ ਵੱਲ ਵਚਨਬੱਧਤਾ

ਪਾਰਕ ਹਸਪਤਾਲ, ਪਟਿਆਲਾ — ਇੱਕ ਅਗਰਣੀ ਸੂਪਰ ਸਪੈਸ਼ਲਟੀ ਹਸਪਤਾਲ — ਅਧੁਨਿਕ ਤਕਨਾਲੋਜੀ ਨਾਲ ਲੈਸ ਹੋ ਕੇ ਲਗਾਤਾਰ ਉੱਚ ਪੱਧਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅਗੇਵਾਨ ਹੈ। ਇਹ ਸਫਲ EUS-ਗਾਈਡਡ ਪ੍ਰਕਿਰਿਆ ਹਸਪਤਾਲ ਨੂੰ ਗੈਸਟਰੋਐਨਟਰੋਲੋਜੀ ਅਤੇ ਹਿਪੈਟੋਲੋਜੀ ਵਿੱਚ ਉਤਕ੍ਰਿਸ਼ਟਤਾ ਦੇ ਕੇਂਦਰ ਵਜੋਂ ਸਾਬਤ ਕਰਦੀ ਹੈ।

# ਆਸ਼ਿਆਨਾ ਸੋਸ਼ਲ ਸਰਵਿਸ ਸੋਸਾਇਟੀ ਪਟਿਆਲਾ ਨੇ ਕੀਤਾ ਨਵੇਂ ਦਫ਼ਤਰ ਦਾ ਉਦਘਾਟਨ

**ਸਮਾਜ ਸੇਵਕ ਬਾਬਾ ਬਲਬੀਰ ਸਿੰਘ, ਐਸ ਕੇ ਗੌਤਮ, ਸਨਮੀਤ ਸਿੰਘ ਤੇ ਹੋਰ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ**



ਪਟਿਆਲਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਆਸ਼ਿਆਨਾ ਸੋਸ਼ਲ ਸਰਵਿਸ ਸੋਸਾਇਟੀ ਨੇ ਪਟਿਆਲਾ ਦੇ ਐਨਆਈਐਸ ਚੌਕ ਨੇੜੇ ਪ੍ਰਤਾਪ ਕਲੋਨੀ ਵਿਖੇ ਆਪਣੇ ਨਵੇਂ ਦਫਤਰ ਦਾ ਉਦਘਾਟਨ ਕੀਤਾ। ਇਸ ਮੌਕੇ ਆਯੋਜਿਤ ਸਮਾਰੋਹ ਵਿੱਚ ਪਿੰਗਲਵਾੜਾ ਆਸ਼ਰਮ ਪਟਿਆਲਾ ਦੇ ਮੁਖੀ ਬਾਬਾ ਬਲਬੀਰ ਸਿੰਘ ਮੁੱਖ ਅਤੇ ਜਨਹਿਤ ਸੋਸਾਇਟੀ ਦੇ ਪ੍ਰਧਾਨ ਅਤੇ ਸਟੇਟ ਬੈਂਕ ਆਫ਼ ਇੰਡੀਆ ਇੰਪਲਾਈਜ਼ ਯੂਨੀਅਨ ਦੇ ਚੇਅਰਮੈਨ ਐਸ.ਕੇ. ਗੌਤਮ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਦੌਰਾਨ ਸਮਾਜ ਸੇਵਕ ਬਾਬਾ ਬਲਬੀਰ ਸਿੰਘ ਨੇ ਲੋੜਵੰਦ ਵਿਅਕਤੀਆਂ ਦੀ ਸਹਾਇਤਾ ਲਈ ਸੁਸਾਇਟੀ ਦੇ ਸਮਰਪਣ ਦੀ ਸ਼ਲਾਘਾ ਕੀਤੀ, ਖਾਸ ਕਰਕੇ ਸਿੱਖਿਆ ਵਿੱਚ। ਉਨ੍ਹਾਂ ਨੇ ਆਸ਼ਿਆਨਾ ਸੋਸ਼ਲ ਸਰਵਿਸ ਸੋਸਾਇਟੀ ਦੇ ਪ੍ਰਧਾਨ ਸਨਮੀਤ ਸਿੰਘ ਅਤੇ ਇਸਦੇ ਅਹੁਦੇਦਾਰਾਂ ਦੀ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਸ਼ਲਾਘਾ ਕੀਤੀ।

ਇਸ ਮੌਕੇ ਬਾਬਾ ਬਲਬੀਰ ਸਿੰਘ ਨੇ ਸਾਲ 2000 ਵਿੱਚ ਹੋਈ ਰਜਿਸਟ ?ਰੇਸ਼ਨ ਤੋਂ ਬਾਅਦ ਸੁਸਾਇਟੀ ਦੇ ਸਫ਼ਰ ਨੂੰ ਵੀ ਯਾਦ ਕੀਤਾ।

ਇਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਐਸ.ਕੇ. ਗੌਤਮ ਨੇ ਕਮਜ਼ੋਰ ਵਰਗਾਂ, ਖਾਸ ਕਰਕੇ ਲੋੜਵੰਦ ਹੋਣਹਾਰ ਵਿਦਿਆਰਥੀਆਂ ਲਈ ਸੁਸਾਇਟੀ ਦੇ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਟੇਟ ਬੈਂਕ ਆਫ਼ ਇੰਡੀਆ ਇੰਪਲਾਈਜ਼ ਯੂਨੀਅਨ ਵਿੱਚ ਇੱਕ ਸੀਨੀਅਰ ਅਹੁਦੇਦਾਰ ਵਜੋਂ ਸਨਮੀਤ ਸਿੰਘ ਦੀ ਬਹੁਪੱਖੀ ਭੂਮਿਕਾ ਅਤੇ ਸਮਾਜਿਕ ਕਾਰਜਾਂ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਸ੍ਰੀ ਗੌਤਮ ਨੇ ਲੋਕਾਂ ਤੋਂ ਇੱਕ ਵੀ ਪੈਸਾ ਇਕੱਠਾ ਕੀਤੇ ਬਿਨਾਂ ਨਵੀਂ ਦਫਤਰੀ ਜਗ ?ਹਾ ਦੀ ਸਿਰਜਣਾ ਦੀ ਵੀ ਪ੍ਰਸ਼ੰਸਾ ਕੀਤੀ, ਜੋ ਲੋੜਵੰਦਾਂ ਲਈ ਦਿਨ ਰਾਤ, 24 ਘੰਟੇ, ਪਹੁੰਚਯੋਗਤਾ ਨੂੰ ਸਮਰੱਥ ਬਣਾਏਗੀ।

ਇਸ ਦੌਰਾਨ ਵਿਨੈ ਸ਼ੌਰੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮੌਜੂਦ ਹੋਰ ਪਤਵੰਤਿਆਂ ਵਿੱਚ ਸਰਵਸ਼੍ਰੀ ਨਰੇਸ਼ ਕੁਮਾਰ, ਸੰਗਠਨ ਸਕੱਤਰ; ਰਾਜ ਕੁਮਾਰ ਮਹਿਤਾ, ਸਹਾਇਕ ਸਕੱਤਰ; ਬਰਜਿੰਦਰ ਸਿੰਘ; ਬਲਜਿੰਦਰ ਸਿੰਘ ਜੰਡੂ ਅਤੇ ਸੁਖਜਿੰਦਰ ਸਿੰਘ ਭੰਡਾਰੀ, ਸੇਵਾਮੁਕਤ ਪੁਲਿਸ ਇੰਸਪੈਕਟਰ ਤੇ ਹੋਰ ਸੱਜਣ ਵੀ ਸ਼ਾਮਲ ਸਨ।

# ਭਗਵਾਨ ਸ੍ਰੀ ਜਗਨਨਾਥ ਰੱਥ ਯਾਤਰਾ ਕੱਲ੍ਹ ਪਟਿਆਲਾ 'ਚ ਸ਼ਰਧਾ ਅਤੇ ਧੂਮਧਾਮ ਨਾਲ ਮਨਾਉਣ ਲਈ ਤਿਆਰੀਆਂ ਮੁੱਕਮਲ

ਪਟਿਆਲਾ, 30 ਜੂਨ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਇੰਟਰਨੈਸ਼ਨਲ ਸੋਸਾਇਟੀ ਫਾਰ ਕ੍ਰਿਸ਼ਨਾ ਕੌਂਸ਼ਿਅਸਨੈਸ (ਇਸਕੋਨ) ਚੰਡੀਗੜ੍ਹ ਅਤੇ ਇਸਕੋਨ ਫੈਸਟੀਵਲ ਕਮੇਟੀ-ਪਟਿਆਲਾ ਵੱਲੋਂ ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ ਵਿਖੇ 23ਵੀਂ ਭਗਵਾਨ ਜਗਨਨਾਥ ਰੱਥ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ।




ਇਸਕੋਨ ਮੰਦਿਰ, ਚੰਡੀਗੜ੍ਹ ਦੇ ਸੰਤ ਸ਼੍ਰੀ ਅਕਿੰਚਨ ਪ੍ਰਿਆ ਦਾਸ ਅਨੁਸਾਰ, ਇਸਕੋਨ ਦੇ ਸ਼ਰਧਾਲੂਆਂ ਅਤੇ ਭਾਰਤ ਅਤੇ ਵਿਦੇਸ਼ਾਂ ਤੋਂ ਉੱਘੀਆਂ ਅਧਿਆਤਮਿਕ ਸ਼ਖਸੀਅਤਾਂ ਦੇ ਯਾਤਰਾ ਵਿੱਚ ਹਿੱਸਾ ਲੈਣ ਦੀ ਉਮੀਦ ਹੈ। ਰੱਥ ਯਾਤਰਾ ਦੀਆਂ ਤਿਆਰੀਆਂ ਸਬੰਧੀ ਇੱਕ ਸਮੀਖਿਆ ਮੀਟਿੰਗ ਐਸ.ਡੀ.ਕੇ.ਐਸ ਭਵਨ, ਪਟਿਆਲਾ ਵਿਖੇ ਸ਼੍ਰੀ ਅਕਿੰਚਨ ਪ੍ਰਿਆ ਦਾਸ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਅਸ਼ਵਨੀ ਗੋਇਲ, ਧੀਰਜ ਚਲਾਨਾ, ਸੀ.ਐਮ ਮਿੱਤਲ, ਯੋਗੇਸ਼ ਬਾਂਸਲ, ਅਨਿਲ ਵਰਮਾ, ਸੁਭਾਸ਼ ਗੁਪਤਾ, ਮਹਿੰਦਰ ਪਾਲ, ਪੁਨੀਤ ਬੁੱਧੀਰਾਜਾ, ਚੰਦਰ ਸ਼ੇਖਰ, ਦਵਿੰਦਰ ਕੁਮਾਰ ਦੁਆ, ਸੁਦਰਸ਼ਨ ਮਿਤਲ, ਜਿਮੀ ਗੁਪਤਾ, ਸਚਿਨ ਟੰਡਨ, ਜਸਪ੍ਰੀਤ ਸਿੰਘ ਰਾਜਾ ਅਤੇ ਹੋਰ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਸ੍ਰੀ ਧੀਰਜ ਚਲਾਨਾ, ਪ੍ਰਧਾਨ ਇਸਕੋਨ ਮਹੋਤਸਵ ਸਮਿਤੀ-ਪਟਿਆਲਾ ਨੇ ਦੱਸਿਆ ਕਿ ਛੱਪਣ ਭੋਗ ਅਤੇ ਆਰਤੀਂ ਸਵੇਰੇ 09:00 ਵਜੇ ਐਸਡੀਕੇਐਸ ਭਵਨ, ਰਾਜਪੁਰਾ ਰੋਡ, ਪਟਿਆਲਾ ਵਿਖੇ ਹੋਵੇਗੀ। ਭਗਵਾਨ ਸ੍ਰੀ ਜਗਨਨਾਥ, ਭਗਵਾਨ ਬਲਭੱਦਰ ਅਤੇ ਦੇਵੀ ਸੁਭੱਦਰਾ ਜੀ ਦੇ ਫੁੱਲਾਂ ਨਾਲ ਸਜੇ ਤੇ ਦਿਵਿਆ ਚੱਕਰ ਵਾਲੇ ਰੱਥ ਨਾਲ ਸ਼ਹਿਰ ਭਰ ਵਿੱਚ ਰੱਥ ਯਾਤਰਾ ਕੱਢੀ ਜਾਵੇਗੀ।

ਇਹ ਧਾਰਮਿਕ ਰੱਥ ਯਾਤਰਾ ਬੜੇ ਉਤਸਾਹ ਤੇ ਸ਼ਰਧਾ ਦੇ ਨਾਲ ਪਟਿਆਲਾ ਦੇ ਇਤਿਹਾਸਕ ਤੇ ਪ੍ਰਾਚੀਨ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਪਟਿਆਲਾ ਤੋਂ ਦੋਪਹਿਰ 1 ਵਜੇ ਮਾਲ ਰੋਡ ਤੋਂ ਸ਼ੁਰੂ ਹੋ ਕੇ ਲਾਹੌਰੀ ਗੇਟ, ਆਰੀਆ ਸਮਾਜ, ਤ੍ਰਿਵੇਣੀ ਚੌਕ, ਸਰਹਿੰਦੀ ਬਾਜ਼ਾਰ, ਦਰਸ਼ਨੀ ਗੇਟ, ਕਿਲਾ ਚੌਂਕ, ਅਦਾਲਤ ਬਾਜ਼ਾਰ, ਧਰਮਪੁਰਾ ਬਾਜ਼ਾਰ, ਗਊਸ਼ਾਲਾ ਰੋਡ, ਸ਼ੇਰ-ਏ ਪੰਜਾਬ ਮਾਰਕਿਟ, ਪ੍ਰੈੱਸ ਰੋਡ, ਆਰੀਆ ਸਮਾਜ ਸਬਜ਼ੀ ਮੰਡੀ, ਨਹਿਰੂ ਪਾਰਕ ਰੋਡ, ਸਰਹਿੰਦੀ ਗੇਟ, ਸ਼੍ਰੀ ਹਨੂੰਮਾਨ ਮੰਦਰ ਰਾਜਪੁਰਾ ਰੋਡ ਦੇ ਨਾਲ ਸਥਿਤ ਸਨਾਤਨ ਧਰਮ ਕੁਮਾਰ ਸਭਾ ਭਵਨ ਪਟਿਆਲਾ ਵਿਖੇ ਬਾਅਦ ਸ਼ਾਮ 7:30 ਸੰਪੂਰਨ ਹੋਵੇਗੀ। ਇਸ ਤੋਂ ਬਾਅਦ ਸ੍ਰੀ ਹਰਿਨਾਮ ਸੰਕੀਰਤਨ ਅਤੇ ਜਗਨਨਾਥ ਕਥਾ ਹੋਵੇਗੀ।

ਇਸ ਸਮਾਗਮ ਦੇ ਹੋਰ ਆਕਰਸ਼ਣ ਵਿੱਚ ਵਿਦੇਸ਼ੀ ਸ਼ਰਧਾਲੂਆਂ ਦੁਆਰਾ ਭਗਵਾਨ ਜਗਨਨਾਥ ਦੇ ਰੱਥ ਦੇ ਸਾਹਮਣੇ ਮ੍ਰਿਦੰਗ ਅਤੇ ਝਾਂਜਰਾਂ ਦੀ ਧੁਨ 'ਤੇ ਪੇਸ਼ ਕੀਤਾ ਜਾਣ ਵਾਲਾ ÷ਸਵਾਮੀ ਨ੍ਰਿਤ÷ ਅਤੇ ਭਗਵਾਨ ਕ੍ਰਿਸ਼ਨ ਅਤੇ ਭਗਵਾਨ ਰਾਮ ਦੇ ਵੱਖ-ਵੱਖ ਮਨੋਰੰਜਨਾਂ ਨੂੰ ਦਰਸਾਉਂਦੀਆਂ ਸੁੰਦਰ ਢੰਗ ਨਾਲ ਸਜਾਈਆਂ ਗਈਆਂ ਝਾਕੀਆਂ ਹੋਣਗੀਆਂ।

# ਬਿਜਲੀ ਕਾਮਿਆਂ ਨੇ ਪਟਿਆਲਾ ਸਰਕਲ ਅੱਗੇ ਦਿੱਤਾ ਵਿਸ਼ਾਲ ਧਰਨਾ



ਪਟਿਆਲਾ, 30 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਸੇਖੋਂ ਅਤੇ ਸਰਕਲ ਸਕੱਤਰ ਬਰੇਸ਼ ਕੁਮਾਰ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਟੈਕਨੀਕਲ ਸਰਵਿਸ ਯੂਨੀਅਨ ਪਾਵਰ ਕਾਮ ਐਂਡ ਟਰਾਂਸਕੋ ਠੇਕਾ ਕਾਮਾ ਯੂਨੀਅਨ ਅਤੇ ਪੈਸਕੋ ਯੂਨੀਅਨ ਵੱਲੋਂ ਪਟਿਆਲਾ ਸਰਕਲ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਵਿੱਚ 500 ਤੋਂ ਵੱਧ ਬਿਜਲੀ ਕਾਮਿਆਂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਸੰਬੋਧਨ ਕਰਦੇ ਹੋਏ ਮੰਗ ਕੀਤੀ ਕਿ ਨਿੱਜੀ ਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ- ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਸਿੱਧੀ ਭਰਤੀ ਪੱਕੇ ਤੌਰ ਤੇ ਕੀਤੀ ਜਾਵੇ, ਡਿਸਮਿਸ ਕੀਤੇ ਆਗੂ ਬਨਾਰਸੀ ਦਾਸ ਅਤੇ ਰਾਮ ਸਿੰਘ ਨੂੰ ਕੋਰਟ ਦੇ ਫੈਸਲੇ ਅਨੁਸਾਰ ਤੁਰੰਤ ਬਹਾਲ ਕੀਤਾ ਜਾਵੇ ਅਤੇ ਬਕਾਇਆ ਦਿੱਤੇ ਜਾਣ। 2004 ਤੋਂ ਬਾਅਦ ਹੋਏ ਭਰਤੀ ਮੁਲਾਜਮਾਂ ਨੂੰ 6ਵੇਂ ਪੇ ਕਮਿਸ਼ਨ ਅਨੁਸਾਰ ਪੂਰੀ ਤਨਖਾਹ ਦਿੱਤੀ ਜਾਵੇ, 15ਵੇਂ ਲੇਬਰ ਕਾਨਫਰੰਸ ਅਨੁਸਾਰ ਘੱਟੋ-ਘੱਟ ਹਰੇਕ ਕਾਮੇ ਦੀ 35000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਇਸ ਧਰਨੇ ਨੂੰ ਰਾਮ ਸਿੰਘ, ਕਰਮਜੀਤ ਸਿੰਘ, ਭਗਵਾਨ ਸਿੰਘ, ਇੰਦਰਜੀਤ ਸਿੰਘ, ਰੁਪਿੰਦਰ ਸਿੰਘ, ਦਿਲਪ੍ਰੀਤ ਸਿੰਘ, ਵਿਜੈ ਦੇਵ, ਸਾਬਕਾ ਮੀਤ ਪ੍ਰਧਾਨ ਟੀ.ਐਸ.ਯੂ ਪੰਜਾਬ ਬਰੇਸ਼ ਕੁਮਾਰ ਅਤੇ ਹਰਜੀਤ ਸਿੰਘ ਸਰਕਲ ਪ੍ਰਧਾਨ, ਅਜੀਤ ਸਿੰਘ ਬਠੋਈ ਪ੍ਰਧਾਨ ਜਲ ਸਪਲਾਈ ਯੂਨੀਅਨ ਨੇ ਸੰਬੋਧਨ ਕੀਤਾ।

ਕੌਮੀ ਪਤ੍ਰਿਕਾ

# ਆਰ.ਓ. ਦਾ ਪਾਣੀ ਫੈਲਾਉਂਦਾ ਹੈ ਬਿਮਾਰੀਆਂ

ਸੋਨੀਆ ਕੰਬੋਜ

ਅਜੋਕੇ ਸਮੇਂ 'ਚ ਸਿਹਤ ਵਿਗਿਆਨੀਆਂ ਵਲੋਂ ਹੋਈਆਂ ਨਵੀਆਂ ਖੋਜਾਂ ਅਤੇ ਕਾਢਾਂ ਸਦਕਾ ਮਨੁੱਖ ਦੀ ਔਸਤ ਉਮਰ ਵੱਧੀ ਜ਼ਰੂਰ ਹੈ ਪਰ ਨਾਲ ਹੀ ਕੌੜਾ ਸੱਚ ਇਹ ਵੀ ਹੈ ਕਿ ਮਨੁੱਖੀ ਦੇਹ ਨੂੰ ਲਗਣ ਵਾਲੀਆਂ ਬਿਮਾਰੀਆਂ ਦੀ ਸੰਖਿਆ 'ਚ ਵੀ ਵਾਧਾ ਹੋਇਆ ਹੈ। ਭਾਰਤੀ ਵਾਤਾਵਾਰਨ, ਜੀਵਨ ਸ਼ੈਲੀ ਅਤੇ ਖਾਣ-ਪੀਣ 'ਚ ਹੋਏ ਵੱਡੇ ਪਰਿਵਰਤਨਾਂ ਨੇ ਕਈ ਪ੍ਰਕਾਰ ਦੇ ਰੋਗਾਂ ਨੂੰ ਆਪ ਸਹੇੜਿਆ ਹੈ। ਵਾਤਾਵਰਨ 'ਚ ਫੈਲ ਰਿਹਾ ਪ੍ਰਦੂਸ਼ਣ ਅਤੇ ਜੰਕ ਫੂਡ ਵੱਡੀ ਭੂਮਿਕਾ ਨਿਭਾਅ ਰਹੇ ਹਨ। ਆਰ.ਓ. ਦਾ ਪਾਣੀ ਤੇ ਰਿਫ਼ਾਇੰਡ 'ਚ ਤਲ਼ਿਆ ਹੋਇਆ ਭੋਜਨ ਕਾਰਨ ਅੱਜ ਲੱਖਾਂ ਭਾਰਤੀ ਜੋੜਾਂ ਦੇ ਦਰਦ ਤੇ ਹੱਡੀਆਂ ਦੇ ਰੋਗ ਨਾਲ ਜੂਝ ਰਹੇ ਹਨ। ਆਰ.ਓ.ਰਾਹੀਂ ਫਿਲਟਰ ਕੀਤੇ ਪਾਣੀ 'ਚ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਕਈ ਹੋਰ ਜ਼ਰੂਰੀ ਖਣਿਜ ਪਦਾਰਥ ਬਾਹਰ ਨਿਕਲ ਜਾਂਦੇ ਹਨ। ਪੀਤਾ ਜਾਣ ਵਾਲਾ ਪਾਣੀ ਸਿਹਤ ਦਾ ਫ਼ਾਇਦਾ ਘੱਟ ਤੇ ਨੁਕਸਾਨ ਵੱਧ ਕਰਨ ਲਗ ਜਾਂਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਪਾਣੀ 'ਚੋ ਨਿਕਲੇ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੀ ਘਾਟ ਦੂਜੇ ਖਾਣਯੋਗ ਪਦਾਰਥ ਵੀ ਪੂਰੀ ਨਹੀਂ ਕਰ ਪਾਉਂਦੇ।

ਸਿੱਟ ਵੱਜੋ ਹੱਡੀਆਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਪਾਣੀ ਦਾ ਸੁਆਦਲਾਪਨ ਹੀ ਉਸਦੇ ਸਿਹਤਮੰਦ ਹੋਣ ਦੀ ਨਿਸ਼ਾਨੀ ਹੈ। ਕੌੜਾ ਪਾਣੀ



ਸਿਹਤ ਲਈ ਠੀਕ ਨਹੀਂ ਹੁੰਦਾ ਚਾਹੇ ਉਹ ਆਰ.ਓ ਤੋਂ ਆਇਆ ਹੋਵ ਤੇ ਚਾਹੇ ਕਿਸ ਵੱਡੀ ਕੰਪਨੀ ਵੱਲੋ ਪੇਸ਼ ਕੀਤਾ ਬੋਤਲਬੰਦ ਪਾਣੀ ਕਿਉਂ ਨਾ ਹੋਵ। ਆਰ.ਓ ਦਾ ਪਾਣੀ ਪੀਣਾ ਭਾਵ ਬਿਮਾਰੀਆਂ ਨੂੰ ਸਦਾ ਦੇਣ ਵਾਲੀ ਗੱਲ ਹੋ ਜਾਂਦੀ ਹੈ।

ਖੁੱਲ੍ਹੇ 'ਚ ਪਖ਼ਾਨਾ ਕਰਨ ਦਾ ਰੁਝਾਨ ਪੇਂਡੂ ਖੇਤਰਾਂ 'ਚ ਵੱਧ ਤੇ ਸ਼ਹਿਰੀ ਖੇਤਰਾਂ 'ਚ ਬਹੁਤ ਘੱਟ ਪਾਇਆ ਜਾਂਦਾ ਹੈ। ਖੁੱਲ੍ਹੇ ਸਥਾਨ 'ਤੇ ਕੀਤੇ ਪਖ਼ਾਨੇ 'ਤੇ ਮੱਖੀਆਂ ਤੇ ਮੱਛਰ ਮੰਡਰਾਉਂਦੇ ਹਨ ਜੋ ਬਾਅਦ ਵਿਚ ਮਨੁੱਖੀ ਭੋਜਨ ਜਾਂ ਮਨੁੱਖੀ ਸਰੀਰ ਦੇ ਸੰਪਰਕ ਵਿਚ ਆ ਕੇ ਭੋਜਨ ਨੂੰ ਦੂਸ਼ਿਤ ਅਤੇ ਸਰੀਰ ਨੂੰ ਰੋਗੀ ਬਣਾ ਦਿੰਦੇ ਹਨ। ਖ਼ਾਸ ਕਰ ਕੇ ਨਿੱਕੀ ਉਮਰ ਦੇ ਬੱਚੇ ਇਸ ਦਾ ਛੇਤੀ ਸ਼ਿਕਾਰ ਹੋ ਜਾਂਦੇ ਹਨ। ਸਿਹਤ ਵਿਗਿਆਨੀਆਂ ਵੱਲੋਂ ਪੇਸ਼ ਕੀਤੇ ਅੰਕੜਿਆਂ ਅਨੁਸਾਰ ਪਖ਼ਾਨੇ 'ਤੇ ਬੈਠੀ ਹਰੇਕ ਮੱਖੀ ਦੀ ਇਕ ਲੱਤ ਨੂੰ 15 ਮਿਲੀਗ੍ਰਾਮ ਦੇ ਕਰੀਬ ਗੰਦਗੀ ਚੰਬੜਦੀ ਹੈ ਤੇ ਮੱਖੀ ਦੀਆਂ ਛੇ ਲੱਤਾਂ ਹੋਣ ਕਾਰਨ ਇਕ ਮੱਖੀ 90 ਮਿਲੀਗ੍ਰਾਮ ਗੰਦਗੀ ਨੂੰ ਮਨੁੱਖੀ ਭੋਜਨ ਅਤੇ ਮਨੁੱਖੀ ਸਰੀਰ ਦੇ ਸੰਪਰਕ ਵਿਚ ਲਿਆਉਂਦੀ ਹੈ।

ਅਣਢੱਕੇ ਭੋਜਨ 'ਤੇ ਬੈਠੀਆਂ ਅਨੇਕਾਂ ਮੱਖੀਆਂ ਵੱਲੋ ਫੈਲਾਈ ਜਾਂਦੀ ਗੰਦਗੀ ਤੇ ਬਿਮਾਰੀ ਦਾ ਅੰਦਾਜ਼ਾ ਸਹਿਜ ਹੀ ਲਗਾਇਆ ਜਾ ਸਕਦਾ ਹੈ। ਇਸ ਕਰਕੇ ਖਾਣ-ਪੀਣ ਤੇ ਆਪਣੇ ਆਲੇ-ਦੁਆਲੇ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਹੀ ਅਸੀਂ ਇਨ੍ਹਾਂ ਬਿਮਾਰੀਆਂ ਤੋਂ ਨਿਜਾਤ ਪਾ ਕੇ ਤੰਦਰੁਸਤ ਰਹਿ ਸਕਦੇ ਹਾਂ।

ਤੰਬਾਕੂ ਵਿਰੋਧੀ ਦਿਵਸ 'ਤੇ ਵਿਸ਼ੇਸ਼

# ਤੰਬਾਕੂ ਨੇ ਲਈਆਂ ਅਣਗਿਣਤ ਜਾਨਾਂ



ਧਰਮਿੰਦਰ ਸਿੰਘ

ਪਿਛਲੇ ਸਾਲ ਸਰਕਾਰ ਨੇ ਤੰਬਾਕੂ ਉਤਪਾਦਾਂ 'ਤੇ ਵੈਟ 50 ਫ਼ੀਸਦੀ ਤੋਂ ਘਟਾ ਕੇ 20 ਫ਼ੀਸਦੀ ਕਰ ਦਿੱਤਾ, ਇਸ ਤਰ੍ਹਾਂ ਕਰਨ ਨਾਲ ਸਗੋਂ ਇਸ ਦੀ ਵਰਤੋਂ ਹੋਰ ਜ਼ਿਆਦਾ ਵਧੇਗੀ ਨਾ ਕਿ ਘਟੇਗੀ। ਜੇ ਤੰਬਾਕੂ ਉਤਪਾਦਾਂ 'ਤੇ ਵੈਟ ਘਟਾਉਣ ਦੀ ਬਜਾਏ ਵਧਾਇਆ ਜਾਵੇ ਤਾਂ ਹਰ ਸਾਲ ਵੀਹ ਕਰੋੜ ਤੋਂ ਵੀ ਵੱਧ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਨਸ਼ੇ ਰੂਪੀ ਕੋਹੜ ਨਾਲ ਸੰਸਾਰ ਬੁਰੀ ਤਰ੍ਹਾਂ ਲਿੱਪਤ ਹੋ ਚੁੱਕਾ ਹੈ। ਇਹ ਇਕ ਇਸ ਤਰ੍ਹਾਂ ਦਾ ਜ਼ਹਿਰ ਹੈ ਜੋ ਇਨਸਾਨ ਨੂੰ ਅੰਦਰੋਂ-ਅੰਦਰੀ ਖ਼ਤਮ ਕਰ ਦਿੰਦਾ ਹੈ। ਸਮੇਂ ਦੀਆਂ ਸਰਕਾਰਾਂ ਤੇ ਪੁਲਿਸ ਪ੍ਰਸ਼ਾਸਨ ਚਾਹੇ ਤਾਂ ਨਸ਼ੇ 'ਤੇ ਕਾਬੂ ਪਾ ਸਕਦੀਆਂ ਹਨ। ਨਸ਼ੇ ਦੀਆਂ ਦੁਕਾਨਾਂ ਬੰਦ ਹੋ ਸਕਦੀਆਂ ਹਨ। ਅੱਜਕੱਲ੍ਹ ਨੱਸ਼ਈ ਬਹੁਤ ਸਾਰੀਆਂ ਚੀਜ਼ਾਂ ਨਸ਼ੇ ਦੇ ਰੂਪ ਵਿਚ ਲੈ ਰਹੇ ਹਨ। ਇੰਨ੍ਹਾਂ ਵਿੱਚੋ ਹੀ ਇਕ ਜ਼ਹਿਰ 'ਤੰਬਾਕੂ' ਹੈ। ਇਸ ਨਸ਼ੇ ਨਾਲ ਅੱਜ ਤਕ ਲੱਖਾਂ ਮੌਤਾਂ ਹੋ ਚੁੱਕੀਆਂ ਹਨ। 2003 ਵਿਚ ਇਕ ਕਾਨੂੰਨ ਬਣਾਇਆ ਗਿਆ ਸੀ। ਸਿਹਤ ਵਿਭਾਗ ਨੇ 2 ਅਕਤੂਬਰ 2008 ਨੂੰ ਪੰਜਾਬ ਵਿਚ ਗਾਂਧੀ ਜੈਅੰਤੀ ਮੌਕੇ ਇਸ ਕਾਨੂੰਨ ਨੂੰ ਲਾਗੂ ਕੀਤਾ ਸੀ, ਕਾਨੂੰਨ ਲਾਗੂ ਹੋਣ ਤੋਂ ਲੈ ਕੇ ਅੱਜ ਤਕ ਚਲਾਨ ਕੱਟ ਕੇ ਜੋ ਰਕਮ ਇੱਕਠੀ ਕੀਤੀ ਗਈ। ਉਸ ਤੋਂ ਜ਼ਿਆਦਾ ਕਿਤੇ ਜਾਗਰੂਕਤਾ ਤੇ ਖ਼ਰਚ ਕੀਤੀ ਜਾ ਚੁੱਕੀ ਹੈ ਕਿਉਂਕਿ ਵਿਭਾਗ ਵੱਲੋਂ ਜ਼ਿਆਦਾਤਰ ਚਲਾਨ 'ਤੰਬਾਕੂ ਵਿਰੋਧੀ ਦਿਵਸ' ਜਾਂ 'ਗਾਂਧੀ ਜੈਅੰਤੀ' ਮੌਕੇ ਹੀ ਕੱਟੇ ਜਾਂਦੇ ਹਨ। ਫਿਰ ਸਾਰਾ ਸਾਲ ਵਿਭਾਗ ਇਹ ਜ਼ਹਿਮਤ ਨਹੀਂ ਉਠਾਉਂਦਾ ਪਰ ਪ੍ਰਿੰਟ ਮੀਡੀਆ ਵਿਚ ਇਸ ਗੱਲ ਦਾ ਰੌਲਾ ਪਾਉਣ 'ਤੇ ਪਿਛਲੇ ਸਾਲਾਂ ਤੋਂ ਮਹਿਕਮਾ ਕੁੰਭਕਰਨੀ ਨੀਂਦ ਤੋਂ ਜਾਗਿਆ ਹੈ ਤੇ ਥੋੜ੍ਹੀ ਬਹੁਤ ਹੁਸ਼ਿਆਰੀ ਦਿਖਾ ਰਿਹਾ ਹੈ। 31 ਮਈ ਨੂੰ 'ਤੰਬਾਕੂ ਦਿਵਸ' ਮਨਾਇਆਂ ਜਾਂਦਾ ਹੈ। ਦੇਸ਼ ਵਿਚ ਹਰ ਸਾਲ ਤੰਬਾਕੂ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਖੋਜ ਤੇ ਇਲਾਜ ਲਈ 2500 ਕਰੋੜ ਰੁਪਏ ਦੇ ਲਗਪਗ ਖ਼ਰਚ ਹੁੰਦੇ ਹਨ ਜੋ ਕਿ ਇਸ ਉਤਪਾਦ ਦੀ ਆਮਦਨ ਤੋਂ 9 ਕਰੋੜ ਘਾਟੇ ਦਾ ਸੌਦਾ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਪਬਲਿਕ ਥਾਵਾਂ, ਕਾਲਜਾਂ, ਸਕੂਲਾਂ ਤੇ ਧਾਰਮਿਕ ਅਸਥਾਨਾਂ ਦੇ ਨੇੜੇ ਇਸ ਉਤਪਾਦ ਦੀ ਇਸ਼ਤਿਹਾਰਬਾਜ਼ੀ ਜਾਂ ਦੁਕਾਨਾਂ ਦੀ ਸਖ਼ਤ ਮਨਾਹੀ ਹੈ। ਸਿਗਰੇਟ ਅਤੇ ਤੰਬਾਕੂ ਉਤਪਾਦ ਐਕਟ, 2003 ਦੀ ਧਾਰਾ 6 ਲਾਗੂ ਕੀਤੀ ਹੈ ਕਿ ਜਿੱਥੇ ਇਹ ਉਤਪਾਦ ਵੇਚੇ ਜਾਣੇ ਹਨ, ਉੱਥੇ ਬੋਰਡ ਪ੍ਰਦਰਸ਼ਿਤ ਕਰਨਾ ਜ਼ਰੂਰੀ ਹੁੰਦਾ ਹੈ। 50 ਫ਼ੀਸਦੀ ਨੂੰ ਕਵਰ ਕਰਦੀ ਮੂਲ ਪਾਠ ਸੰਬੰਧੀ ਚੇਤਾਵਨੀ ਕਿ 'ਅਠਾਰਾਂ ਸਾਲ ਤੋਂ ਘੱਟ ਉਮਰ ਵਾਲੇ ਵਿਆਕਤੀ ਨੂੰ ਤੰਬਾਕੂ ਉਤਪਾਦਾਂ ਦੀ ਵਿਕਰੀ ਇਕ ਸਜ਼ਾ ਯੋਗ ਅਪਰਾਧ ਹੈ। ਸਹਿਤ ਬੋਰਡ 'ਤੇ 50ਫ਼ੀਸਦੀ ਤੇ ਸਿਹਤ ਵਿਭਾਗ ਵੱਲੋਂ ਤੰਬਾਕੂ ਦੇ ਮਾਰੂ ਪ੍ਰਭਾਵਾਂ ਨੂੰ ਦਰਸਾਉਂਦਾ ਇਕ ਚਿੱਤਰ ਵੀ ਪ੍ਰਦਰਸ਼ਿਤ ਕਰਨਾ ਹੁੰਦਾ ਹੈ। ਅਜਿਹਾ ਕੁੱਝ ਵੀ ਨਹੀਂ ਕੀਤਾ ਜਾਂਦਾ ਤੇ ਕਾਨੂੰਨ ਦੀਆਂ ਰੱਜ ਕੇ ਧੱਜੀਆਂ ਉਡਾਈਆਂ ਜਾਦੀਆਂ ਹਨ। ਉਲੰਘਣਾ ਕਰਨ ਵਾਲੇ ਨੂੰ 200 ਰੁਪਏ ਜ਼ੁਰਮਾਨਾ ਅਤੇ ਸਜ਼ਾ ਹੁੰਦੀ ਹੈ ਜੋ ਕਿ ਬਹੁਤ ਘੱਟ ਹੈ। ਤੰਬਾਕੂ ਦੇ ਸੇਵਨ ਨਾਲ ਦੋ ਦਰਜਨ ਦੇ ਕਰੀਬ ਭਿਆਨਕ ਬਿਮਾਰੀਆਂ ਹੋ ਸਕਦੀਆਂ ਹਨ। ਇਸ ਨਾਲ ਮੂੰਹ ਵਿਚਲੇ ਅੰਗ ਜੀਭ, ਗਲ਼ਾ, ਸਾਹ ਨਾਲੀ, ਗਲ਼ੇ ਦੀ ਘੰਡੀ ਤੇ ਮਸੂੜਿਆਂ ਦਾ ਕੈਂਸਰ ਹੋ ਜਾਂਦਾ ਹੈ। ਸੁਆਦ ਗ੍ਰੰਥੀਆਂ ਨੂੰ ਨੁਕਸਾਨ ਪਹੁੰਚਦਾ ਹੈ। 'ਤੰਬਾਕੂ' ਦਾ ਸੇਵਨ ਕਰਨ ਵਾਲੇ ਨੂੰ ਛੂਤ ਦੀਆਂ ਬਿਮਾਰੀਆਂ ਆਮ ਆਦਮੀ ਨਾਲੋਂ ਜ਼ਿਆਦਾ ਘੇਰਦੀਆਂ ਹਨ। ਟੀ.ਬੀ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜ਼ੁਕਾਮ, ਖਾਂਸੀ, ਨਿਮੋਨੀਆ ਤੇ ਸਾਹਾਂ ਨਾਲ ਸੰਬੰਧਿਤ ਹੋਰ ਬਹੁਤ ਸਾਰੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਇਸ ਦੇ ਸੇਵਨ ਨਾਲ ਆਦਮੀ ਦੀ ਯਾਦਸ਼ਕਤੀ ਘੱਟ ਜਾਂਦੀ ਹੈ ਤੇ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ। ਪਿਸ਼ਾਬ ਦੀ ਥੈਲੀ ਦਾ ਕੈਂਸਰ, ਗੁਰਦਿਆਂ ਦਾ ਕੈਂਸਰ, ਮਿਹਦੇ ਦਾ ਕੈਂਸਰ, ਮਸੂੜਿਆਂ ਨੂੰ ਸੋਜ਼, ਦੰਦਾਂ ਨੂੰ ਕੀੜਾ ਲੱਗ ਜਾਣਾ ਤੇ ਮੂੰਹ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ। ਬੀੜੀ, ਸਿਗਰੇਟ ਜਾਂ ਤੰਬਾਕੂ ਪੀਣ ਵਾਲਾ ਆਦਮੀ ਜੇ ਖੁੱਲ੍ਹੇ 'ਚ ਇਸ ਦਾ ਇਸਤੇਮਾਲ ਕਰਦਾ ਹੈ ਤਾਂ ਉਹ ਵਾਤਾਵਰਨ ਵੀ ਦੂਸ਼ਿਤ ਕਰ ਰਿਹਾ ਹੁੰਦਾ ਹੈ। ਘਰ ਦੇ ਬੱਚੇ, ਜਾਨਵਰਾਂ ਨੂੰ ਵੀ ਰੋਗੀ ਕਰ ਦਿੰਦਾ ਹੈ। ਔਰਤਾਂ (ਜੋ ਸੇਵਨ ਕਰਦੀਆਂ ਹਨ) ਦਾ ਗਰਭ ਗਿਰ ਸਕਦਾ ਹੈ ਬੱਚਾ ਮਰਿਆ ਜਾਂ ਅਪਾਹਜ ਪੈਦਾ ਹੋ ਸਕਦਾ ਹੈ। ਲੱਖਾਂ ਲੋਕੀ ਇਸ ਦੀ ਗ੍ਰਿਫਤ 'ਚ ਆ ਚੁੱਕੇ ਹਨ। ਇਸ ਵਿਚ ਦੋ ਦਰਜਨ ਦੇ ਕਰੀਬ ਜ਼ਹਿਰ ਪਾਏ ਜਾਂਦੇ ਹਨ। ਇੰਨ੍ਹਾਂ ਵਿੱਚੋ ਨਿਕੋਟੀਨ ਨਾਂ ਦਾ ਜ਼ਹਿਰ ਪ੍ਰਮੁੱਖ ਹੈ, ਜਿਸਦੀ ਸ਼ਾਇਦ ਕਿਸੇ ਵੱਡੇ ਜਾਨਵਰ (ਘੋੜੇ) ਨੂੰ ਮਾਰਨ ਲਈ ਇਕ ਬੂੰਦ ਹੀ ਕਾਫ਼ੀ ਹੁੰਦੀ ਹੈ। ਇਸ ਵਿਚ ਹੋਰ ਕਾਰਬਨ ਮੋਨੋਆਕਸਾਈਡ, ਆਰਸੈਨਿਕ, ਐਕਰੋਲੀਨ, ਕਾਰਬਨ ਡਾਈਆਕਸਾਈਡ, ਪਾਇਰੀਡੀਨ, ਤਾਰ, ਅਮੋਨੀਆ ਅਤੇ ਕਾਰਬੋਲਿਕ ਐਸਿਡ ਜਦੋਂ ਸਰੀਰ ਦੇ ਅੰਦਰ ਜਾਂਦੀ ਹੈ ਤਾਂ ਇਹ ਲਹੂ ਦੇ ਹੀਮੋਗਲੋਬਿਨ ਨਾਲ ਮਿਲ ਕੇ ਇਕ ਹੋਰ ਜ਼ਹਿਰੀਲਾ ਤੇ ਖ਼ਤਰਨਾਕ ਤੱਤ ਬਣਾਉਂਦੀ ਹੈ। ਜਿਸ ਨਾਲ ਸਰੀਰ ਦੇ ਸਾਰੇ ਅੰਗਾਂ ਵਿਚ ਲਹੂ ਪੂਰਾ ਨਹੀਂ ਪਹੁੰਚਦਾ ਤੇ ਸਾਹ ਲੈਣ ਵਿਚ ਤਕਲੀਫ਼ ਆਉਂਦੀ ਹੈ। ਦਿਲ ਤੇ ਦਿਮਾਗ਼ ਨੂੰ ਵੀ ਲਹੂ ਪੂਰੀ ਤਰ੍ਹਾਂ ਨਹੀਂ ਪਹੁੰਚਦਾ। ਦਿਲ ਦੀਆਂ ਨਸਾਂ ਟਾਈਟ ਹੋ ਜਾਂਦੀਆਂ ਹਨ। ਜਿਸ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਬਣਿਆ ਰਹਿੰਦਾ ਹੈ। ਬਲੱਡ ਪ੍ਰੈਸ਼ਰ ਵੀ ਹਾਈ ਹੋ ਜਾਂਦਾ ਹੈ, ਸਟਰੋਕ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਨਾਲ ਦਮਾ ਤੇ ਅੱਖਾਂ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। 'ਤੰਬਾਕੂ' ਵਿਚ ਜੋ 'ਤਾਰ' ਤੱਤ ਹੈ, ਉਸ ਨਾਲ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ। ਇਕ ਹੋਰ ਦੂਜਾ ਤੱਤ 'ਐਲੀਜ਼ੀਨ' ਕਰ ਕੇ ਪੈਰਾਂ ਦੀਆਂ ਉਂਗਲੀਆਂ ਗਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦਿਲ ਦੀ ਧੜਕਣ ਵਧਦੀ ਰਹਿੰਦੀ ਹੈ। ਹਰ ਰੋਜ਼ 12,000 ਦੇ ਕਰੀਬ ਅਰਥਾਤ ਹਰ ਸਾਲ 43,80,000 ਤੋਂ ਵੀ ਜ਼ਿਆਦਾ ਲੋਕਾਂ ਦੀਆਂ ਮੌਤਾਂ ਤੰਬਾਕੂ ਦੇ ਸੇਵਨ ਕਰ ਕੇ ਹੋ ਜਾਂਦੀਆਂ ਹਨ। ਪੂਰੇ ਸੰਸਾਰ ਵਿਚ ਜਿੰਨ੍ਹੇ ਨਸ਼ਈ ਮਰਦੇ ਹਨ, ਉਸਦਾ 32ਫ਼ੀਸਦੀ ਭਾਰਤੀ ਹੁੰਦੇ ਹਨ। ਤੰਬਾਕੂ ਇਕ ਇਸ ਤਰ੍ਹਾਂ ਦਾ ਜ਼ਹਿਰ ਹੈ ਜੋ ਜਨਮ-ਦਰ-ਜਨਮ ਅੱਗੇ ਔਲਾਦ ਵਿਚ ਵੀ ਇਸਦੇ ਜ਼ਰਾਸੀਮ ਪਾਏ ਜਾਂਦੇ ਹਨ। ਇਹ ਜ਼ਿਆਦਾਤਰ ਕਾਲਜਾਂ ਦੇ ਮੁੰਡੇ, ਕੁੜੀਆਂ, ਟਰੱਕ ਡਰਾਈਵਰ, ਬਿਹਾਰੀ (ਬਈਏ ਲੋਕ) ਤੇ ਮਜ਼ਦੂਰ ਲੋਕ ਇਸ ਦੀ ਜ਼ਿਆਦਾ ਵਰਤੋਂ ਕਰਦੇ ਹਨ। ਇਸ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਨ ਲਈ ਮਾਂ-ਬਾਪ, ਸਮੇਂ ਦੀਆਂ ਸਰਕਾਰਾਂ, ਪੁਲਿਸ ਪ੍ਰਸਾਸ਼ਨ ਤੇ ਮੀਡੀਆ ਆਪਣਾ-ਆਪਣਾ ਯੋਗਦਾਨ ਜ਼ਰੂਰ ਪਾਉਣ। ਸਕੂਲਾਂ, ਕਾਲਜਾਂ ਵਿਚ ਨਸ਼ੇ ਦੇ ਮਾਰੂ ਪ੍ਰਭਾਵਾਂ ਨੂੰ ਲੈ ਕੇ ਪੜ੍ਹਾਈ ਲਾਜ਼ਮੀ ਹੋਣੀ ਚਾਹੀਦੀ ਹੈ। ਇਸ ਵਿਸ਼ੇ 'ਤੇ ਵੱਧ ਤੋਂ ਵੱਧ ਸੈਮੀਨਾਰ ਹੋਣੇ ਚਾਹੀਦੇ ਹਨ। ਫਿਲਮਾਂ, ਡਰਾਮਿਆਂ (ਟੀ.ਵੀ) ਆਦਿ ਤੇ ਕਿਸੇ ਵੀ ਨਸ਼ੇ ਦੀ ਇਸ਼ਤਿਹਾਰਬਾਜ਼ੀ ਜਾਂ ਨਸ਼ੇ ਨੂੰ ਉਤਸ਼ਾਹਿਤ ਕਰਦੇ ਦ੍ਰਿਸ਼ ਨਹੀਂ ਦਿਖਾਉਣੇ ਚਾਹੀਦੇ। ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਸਜ਼ਾਵਾਂ ਤੇ ਮੋਟੇ ਜ਼ੁਰਮਾਨੇ ਹੋਣੇ ਚਾਹੀਦੇ ਹਨ। ਕਿਸੇ ਵੀ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ ਤੇ ਬਖ਼ਸ਼ਿਆਂ ਨਹੀਂ ਜਾਣਾ ਚਾਹੀਦਾ ਤਾਂ ਕੋਈ ਰਸਤਾ ਨਿਕਲ ਸਕਦਾ ਹੈ। ਨੱਸ਼ਈਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮਨ ਨੂੰ ਪਕੇਰਾ ਕਰ ਕੇ ਇਸ ਨਰਕ ਭਰੀ ਜ਼ਿੰਦਗੀ 'ਚ ਬਾਹਰ ਆਉਣ ਦਾ ਮਨ ਬਣਾਉਣ ਤੇ ਆਪਣੇ ਪਰਿਵਾਰ ਸਮੇਤ ਸੁੱਖੀ ਤੇ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਨ।

**ਤੰਬਾਕੂ ਨਾਲ ਮੂੰਹ ਵਿਚਲੇ ਅੰਗ-ਜੀਭ, ਗਲ਼ਾ, ਸਾਹ ਨਾਲੀ, ਗਲ਼ੇ ਦੀ ਘੰਡੀ ਤੇ ਮਸੂੜਿਆਂ ਦਾ ਕੈਂਸਰ ਹੋ ਸਕਦਾ ਹੈ। ਇਸ ਦਾ ਸੇਵਨ ਕਰਨ ਵਾਲੇ ਨੂੰ ਛੂਤ ਦੀਆਂ ਬਿਮਾਰੀਆਂ ਜ਼ਿਆਦਾ ਘੇਰਦੀਆਂ ਹਨ। ਜ਼ੁਕਾਮ, ਖਾਂਸੀ, ਨਿਮੋਨੀਆ ਤੇ ਸਾਹਾਂ ਨਾਲ ਸੰਬੰਧਿਤ ਹੋਰ ਬਹੁਤ ਸਾਰੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ...**



*ਹਰ ਰੋਜ਼ 12,000 ਦੇ ਕਰੀਬ ਭਾਵ ਹਰ ਸਾਲ 43,80,000 ਤੋਂ ਵੀ ਜ਼ਿਆਦਾ ਲੋਕਾਂ ਦੀਆਂ ਮੌਤਾਂ ਤੰਬਾਕੂ ਦੇ ਸੇਵਨ ਕਰ ਕੇ ਹੋ ਰਹੀਆਂ ਹਨ। ਜੇ ਅੱਜ ਦੇ ਦੌਰ 'ਚ ਦੇਖਿਆ ਜਾਵੇ ਤਾਂ ਇਸ ਤਰ੍ਹਾਂ ਦੇ ਨਸ਼ੇ ਕਰਕੇ ਬਹੁਤ ਸਾਰੇ ਪਰਿਵਾਰਾਂ ਦੀਆਂ ਅਨੇਕਾਂ ਜ਼ਿੰਦਗੀਆਂ ਰੁਲ ਰਹੀਆਂ ਹਨ...*



# ਅਦਰਕ ਤੇ ਕਾਲੀ ਮਿਰਚ ਦਾ ਕਰੋ ਸੇਵਨ

ਗ਼ਲਤ ਖਾਣ-ਪੀਣ ਦੇ ਨਾਲ ਅਕਸਰ ਹੀ ਲੋਕਾਂ ਨੂੰ ਕਬਜ਼ ਜਾਂ ਪੇਟ 'ਚ ਦਰਦ ਵਰਗੀਆਂ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਇਲਾਵਾ ਬਦਲਦੇ ਮੌਸਮ ਦੇ ਕਾਰਨ ਅੱਜਕੱਲ੍ਹ ਲੋਕਾਂ ਨੂੰ ਬੁਖ਼ਾਰ, ਖਾਂਸੀ ਤੇ ਗਲ਼ਾ ਖ਼ਰਾਬ ਆਦਿ ਪਰੇਸ਼ਾਨੀਆਂ ਘੇਰ ਲੈਂਦੀਆਂ ਹਨ। ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਨੂੰ ਦੂਰ ਕਰਨ ਲਈ ਤੁਸੀ ਦਵਾਈਆਂ ਦਾ ਸੇਵਨ ਕਰਦੇ ਹੋ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਦਵਾਈਆਂ ਬਹੁਤ ਹੀ ਜ਼ਿਆਦਾ ਗਰਮ ਹੁੰਦੀਆਂ ਹਨ ਜਿਸ ਕਰਕੇ ਹੋਰ ਵੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਿਮਾਰੀਆਂ ਤੋਂ ਨਿਜਾਤ ਪਾਉਣ ਲਈ ਅਦਰਕ ਤੇ ਕਾਲੀ ਮਿਰਚ ਦਾ ਕਰੋ ਇਸਤੇਮਾਲ।

## ਖਾਂਸੀ ਤੋਂ ਰਾਹਤ

ਬਦਲਦੇ ਮੌਸਮ 'ਚ ਬਹੁਤ ਸਾਰੀਆਂ ਬਿਮਾਰੀਆਂ ਇਨਸਾਨ ਨੂੰ ਘੇਰ ਲੈਂਦੀਆਂ ਹਨ। ਖਾਂਸੀ ਦੀ ਸਮੱਸਿਆ ਤੋਂ ਛੁਟਰਾਰਾ ਪਾਉਣ ਲਈ ਪੀਸੀ ਹੋਈ ਕਾਲੀ ਮਿਰਚ ਨੂੰ ਦੇਸੀ ਘਿਓ 'ਚ ਭੁੰਨ ਕੇ ਖਾਓ। ਇਸ ਨਾਲ ਕਾਫ਼ੀ ਆਰਾਮ ਮਿਲੇਗਾ।

## ਬੁਖ਼ਾਰ

ਵਾਇਰਲ ਬੁਖ਼ਾਰ ਨੂੰ ਦੂਰ ਕਰਨ ਲਈ ਕਾਲੀ ਮਿਰਚ ਦੇ ਪਾਣੀ ਨੂੰ ਪੀਓ। ਇਸ ਨਾਲ ਬੁਖ਼ਾਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

## ਕਬਜ਼

ਗ਼ਲਤ ਖਾਣ-ਪੀਣ ਨਾਲ ਲੋਕਾਂ ਨੂੰ ਇਹ ਪਰੇਸ਼ਾਨੀ ਦਾ ਸਾਹਮਣਾ ਆਮ ਹੀ ਕਰਨਾ ਪੈਂਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਅਦਰਕ ਤੇ 1 ਚਮਚ ਪੀਸੀ ਕਾਲੀ ਮਿਰਚ ਨੂੰ 1 ਕੱਪ ਪਾਣੀ 'ਚ ਚੰਗੀ ਤਰ੍ਹਾਂ ਉਬਾਲ ਲਓ। ਇਸ ਨਾਲ ਕਬਜ਼ ਦੀ ਸਮੱਸਿਆ ਦੂਰ ਹੋ ਸਕਦੀ ਹੈ।



## ਪੇਟ ਦਰਦ

ਪੇਟ ਦਰਦ ਨੂੰ ਦੂਰ ਕਰਨ ਲਈ ਕਾਲੀ ਮਿਰਚ ਦਾ ਮਿਸ਼ਰਨ ਬਹੁਤ ਹੀ ਲਾਭਕਾਰੀ ਹੈ। 2-3 ਗ੍ਰਾਮ ਅਦਰਕ, 4 ਕਾਲੀ ਮਿਰਚ ਤੇ 1 ਵੱਡੀ ਇਲਾਇਚੀ ਨੂੰ ਪੀਸ ਕੇ ਪਾਣੀ 'ਚ ਉਬਾਲ ਲਓ। ਇਸ ਤੋਂ ਬਾਅਦ ਕੋਸਾ ਜਿਹਾ ਕਰਕੇ ਪੀਓ। ਇਸ ਨਾਲ ਪੇਟ ਦਰਦ ਦੂਰ ਹੋ ਸਕਦੀ ਹੈ।

## ਹੱਡੀਆਂ ਦੀ ਪਰੇਸ਼ਾਨੀ

ਕਾਲੀ ਮਿਰਚ ਤੇ ਅਦਰਕ ਦੇ ਪਾਣੀ ਦਾ ਰੋਜ਼ ਸੇਵਨ ਕਰਨ ਨਾਲ ਬਲੱਡ ਪ੍ਰੈਸ਼ਰ, ਹਾਰਟ ਅਟੈਕ ਦਾ ਖ਼ਤਰਾ ਕਾਫ਼ੀ ਹੱਦ ਤਕ ਘੱਟ ਹੋ ਜਾਂਦਾ ਹੈ। ਇਸ ਕਰਕੇ ਇਸ ਪਾਣੀ ਨੂੰ ਡਾਈਟ 'ਚ ਜ਼ਰੂਰ ਸ਼ਾਮਿਲ ਕਰੋ।

## ਕੈਂਸਰ

ਕਾਲੀ ਮਿਰਚ ਤੇ ਅਦਰਕ ਦਾ ਮਿਸ਼ਰਨ ਸਰੀਰ 'ਚ ਕੈਂਸਰ ਸੈੱਲਜ਼ ਨੂੰ ਬਨਣ ਤੋਂ ਰੋਕਦਾ ਹੈ। ਇਸ 'ਚ ਮੌਜੂਦ ਐਂਟੀ-ਆਕਸੀਡੇਂਟ ਏਜਾਇਮ ਨੂੰ ਪ੍ਰੇਰੀਤ ਕਰਦਾ ਹੈ, ਜੋ ਕਿ ਕੈਂਸਰ ਸੈੱਲਜ਼ ਨੂੰ ਬਨਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੰਦਾ ਹੈ।

**ਜੇ ਅੱਖਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਤੁਹਾਡੀ ਇਕ ਛੋਟੀ ਜਿਹੀ ਲਾਪ੍ਰਵਾਹੀ ਨਾਲ ਅੱਖਾਂ ਦੀ ਰੋਸ਼ਨੀ ਜਾ ਸਕਦੀ ਹੈ...**

# ਮੋਤੀਆਬਿੰਦ ਲਈ ਘਰੇਲੂ ਨੁਸਖ਼ੇ



ਅੱਖਾਂ ਨਾਲ ਜੁੜੀਆਂ ਕਈ ਸਮੱਸਿਆਵਾਂ ਆਮ ਹੀ ਦੇਖਣ ਨੂੰ ਮਿਲਦੀਆਂ ਹਨ। ਇਕ ਗੰਭੀਰ ਸਮੱਸਿਆ ਮੋਤੀਆਬਿੰਦ ਦੀ ਵੀ ਹੈ ਜਿਸ ਨਾਲ ਨਜ਼ਰ ਧੁੰਦਲੀ ਹੋਣ ਲੱਗਦੀ ਹੈ। ਇਸ ਪਰੇਸ਼ਾਨੀ ਨੂੰ ਸਰਜਰੀ ਦੇ ਜ਼ਰੀਏ ਤਾਂ ਹਟਾਇਆ ਜਾ ਸਕਦਾ ਹੈ ਪਰ ਜੇ ਪਰੇਸ਼ਾਨੀ ਹਲੇ ਸ਼ੁਰੂ ਹੋਈ ਹੈ ਤਾਂ ਇਸ ਤੋਂ ਛੁਟਕਾਰਾ ਪਾਉਣ ਲਈ ਕੁੱਝ ਘਰੇਲੂ ਨੁਸਖ਼ੇ ਵੀ ਵਰਤੇ ਜਾ ਸਕਦੇ ਹਨ। ਅੱਖਾਂ ਰਬ ਦੀ ਦਿੱਤੀ ਕੁਦਰਤੀ ਦੇਣ ਹੈ, ਜਿਸ ਦੇ ਬਿਨਾਂ ਅਸੀਂ ਆਪਣੇ ਆਸ-ਪਾਸ ਦੀ ਖ਼ੂਬਸੂਰਤੀ ਨੂੰ ਨਹੀਂ ਦੇਖ ਸਕਦੇ। ਇਸ ਕਰਕੇ ਅੱਖਾਂ ਦੀ ਦੇਖਭਾਲ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਜੇ ਅੱਖਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਤੁਹਾਡੀ ਇਕ ਛੋਟੀ ਜਿਹੀ ਲਾਪ੍ਰਵਾਹੀ ਨਾਲ ਅੱਖਾਂ ਦੀ ਰੋਸ਼ਨੀ ਜਾ ਸਕਦੀ ਹੈ।

## ਮੋਤੀਅਬਿੰਦ ਕਿੰਨੇ ਪ੍ਰਕਾਰ ਦੇ ਹੁੰਦੇ

ਮੋਤੀਆਬਿੰਦ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਕੋਮਲ ਤੇ ਦੂਜਾ ਸਖ਼ਤ। ਕੋਮਲ ਮੋਤੀਅਬਿੰਦ ਨੀਲੇ ਰੰਗ ਦਾ ਹੁੰਦਾ ਹੈ ਜੋ ਬਚਪਨ ਤੋਂ ਲੈ ਕੇ 35 ਸਾਲ ਦੀ ਉਮਰ ਦੇ ਵਿਅਕਤੀ ਨੂੰ ਹੁੰਦਾ ਹੈ। ਸਖ਼ਤ ਮੋਤੀਆਬਿੰਦ ਪੀਲੇ ਰੰਗ ਦਾ ਹੁੰਦਾ ਹੈ ਇਹ ਜ਼ਿਆਦਾਤਰ ਬੁਢਾਪੇ 'ਚ ਹੀ ਪਾਇਆ ਜਾਂਦਾ ਹੈ। ਇਹ ਇਕ ਅੱਖ 'ਚ ਵੀ ਹੋ ਸਕਦਾ ਹੈ ਤੇ ਕਈ ਵਾਰ ਦੋਵਾਂ ਅੱਖਾਂ 'ਚ ਵੀ ਹੋ ਜਾਂਦਾ ਹੈ।

## ਕਾਰਨ

ਡਾਇਬਟੀਜ਼- ਡਾਇਬਟੀਜ਼ ਸਿਰਫ਼ ਦਿਲ ਤੇ ਗੁਰਦਿਆਂ ਲਈ ਹੀ ਖ਼ਤਰਨਾਕ ਨਹੀਂ ਹੁੰਦੀ ਬਲਕਿ ਅੱਖਾਂ 'ਤੇ ਵੀ ਬੁਰਾ ਅਸਰ ਪਾਉਂਦੀ ਹੈ। ਅੱਖਾਂ ਦੀਆਂ ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਅੱਖਾਂ ਦੀ ਸਮੇਂ-ਸਮੇਂ 'ਤੇ ਜਾਂਚ ਕਰਵਾਉਣੀ ਚਾਹੀਦੀ ਹੈ। ਕੁੱਝ ਮਰੀਜ਼ਾਂ ਦੇ ਲੈਂਨਜ਼ 'ਤੇ ਧੁੰਦਲਾਪਨ ਆ ਜਾਂਦਾ ਹੈ। ਇਸ ਨੂੰ ਡਾਇਬਟੀਜ਼ ਬੈਕਟੀਰੀਆ ਕਿਹਾ ਜਾਂਦਾ ਹੈ। ਮੋਤੀਆਬਿੰਦ ਦੀ ਸਮੱਸਿਆ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਹੁੰਦੀ ਹੈ ਜੋ ਯੁਵਾਈਟਿਸ ਤੋਂ ਗ੍ਰਸਤ ਹੁੰਦੇ ਹਨ। ਇਹ ਸਮੱਸਿਆ ਬਹੁਤ ਹੀ ਤੇਜ਼ ਨਾਲ ਫੈਲ ਰਹੀ ਹੈ।

### *ਸੱਟ ਲੱਗਣਾ*

*ਸੱਟ ਲੱਗਣ ਦੇ ਕਾਰਨ ਵੀ ਮੋਤੀਆਬਿੰਦ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਅੱਖਾਂ ਦੇ ਲੈਂਨਜ਼ 'ਤੇ ਬੁਰਾ ਅਸਰ ਪੈਂਦਾ ਹੈ।*

### *ਹਰੀਆਂ ਸਬਜ਼ੀਆਂ*

*ਹਰੀਆਂ ਬਜ਼ੀਆਂ 'ਚ ਪੌਸ਼ਟਿਕ ਤੱਤ ਤੇ ਵਿਟਾਮਿਨ ਏ ਦੀ ਮਾਤਰਾ ਪਾਈ ਜਾਂਦੀ ਹੈ ਜੋ ਅੱਖਾਂ ਲਈ ਬਹੁਤ ਹੀ ਵਧੀਆ ਤੇ ਲਾਭਕਾਰੀ ਹੁੰਦੀ ਹੈ। ਇਸ ਲਈ ਹਰੀਆਂ ਬਜ਼ੀਆਂ ਦਾ ਵੱਧ ਤੋਂ ਵੱਧ ਸੇਵਨ ਕਰਨਾ ਚਾਹੀਦਾ ਹੈ।*

## ਲੱਛਣ

ਅੱਖ ਦੀ ਪੁਤਲੀ ਪਿੱਛੇ ਇਕ ਲੈਂਨਜ਼ ਹੁੰਦਾ ਹੈ ਜੋ ਪੁਤਲੀ ਨੂੰ ਲਾਇਟ ਦੇਣ 'ਤੇ ਫੋਕਸ ਕਰਦਾ ਹੈ। ਪੁਤਲੀ ਦੇ ਪਿੱਛੇ ਇਹ ਲੈਂਨਜ਼ ਬਿਲਕੁਲ ਸਾਫ਼ ਹੁੰਦਾ ਹੈ ਤਾਂ ਹੀ ਲਾਇਟ ਆਸਾਨੀ ਨਾਲ ਪਾਸ ਹੋ ਜਾਂਦੀ ਹੈ। ਜਦੋਂ ਲੈਂਨਜ਼ 'ਚ ਕੁੱਝ ਧੁੰਦਲਾ ਆ ਜਾਂਦਾ ਹੈ ਤਾਂ ਇਸ 'ਚ ਲਾਇਟ ਆਉਣੀ ਘੱਟ ਹੋ ਜਾਂਦੀ ਹੈ। ਜਿਸ ਕਰਕੇ ਸਾਫ਼ ਦਿਖਾਈ ਨਹੀਂ ਦਿੰਦਾ। ਇਸ ਪਰੇਸ਼ਾਨੀ ਨੂੰ ਮੋਤੀਆਬਿੰਬ ਕਿਹਾ ਜਾਂਦਾ ਹੈ। ਜੇ ਇਸ ਨੂੰ ਅਣਗੌਲਿਆ ਕੀਤਾ ਗਿਆ ਤਾਂ ਅੱਖਾਂ ਦਾ ਰੋਸ਼ਨੀ ਜਾ ਸਕਦੀ ਹੈ।

## ਨੁਸਖ਼ੇ

- ਬਾਦਾਮ ਤੇ ਕਾਲੀ ਮਿਰਚ

ਰਾਤ ਨੂੰ 4 ਬਾਦਾਮ ਪਾਣੀ 'ਚ ਡੱਬੋ ਲਓ ਤੇ ਸਵੇਰੇ ਕਾਲੀ ਮਿਰਚ ਨਾਲ ਪੀਸ ਕੇ ਮਿਸ਼ਰੀ ਨਾਲ ਖਾਓ। ਇਸ ਦੇ ਉੱਪਰ ਦੀ ਦੁੱਧ ਪੀਓ। ਇਸ ਤਰ੍ਹਾਂ ਕਰਨ ਨਾਲ ਮੋਤੀਆਬ੍ਰਿੰਦ ਤੋਂ ਨਿਜਾਤ ਪਾਈ ਜਾ ਸਕਦੀ ਹੈ।

## ਲਸਣ

ਹਰ ਰੋਜ਼ ਲਸਣ ਦਾ ਸੇਵਨ ਕਰਨ ਨਾਲ ਦਿਨਾਂ 'ਚ ਹੀ ਧੱਬਿਆਂ ਦੀ ਸ਼ਿਕਾਇਤ ਦੂਰ ਕੀਤੀ ਜਾ ਸਕਦੀ ਹੈ।

**ਕੋਲਡ ਡਰਿੰਕ ਦੀ ਇਕ ਬੋਤਲ 'ਚ ਆਮ ਤੌਰ 'ਤੇ 30 ਤੋਂ 50 ਮਿਲੀਗ੍ਰਾਮ ਕੈਫੀਨ ਹੁੰਦੀ ਹੈ। ਕੈਫੀਨ ਦੀ ਜ਼ਿਆਦਾ ਵਰਤੋਂ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਇਸ ਦੇ ਨਾਲ ਪੇਟ 'ਚ ਗੈਸ ਦੀ ਸ਼ਿਕਾਇਤ ਹੋ ਸਕਦੀ ਹੈ...**

# ਸੋਚ ਸਮਝ ਕੇ ਪੀਓ ਕੋਲਡ ਡਰਿੰਕਸ



ਡਾ. ਫ਼ਕੀਰ ਚੰਦ ਸ਼ੁਕਲਾ

ਅੱਜਕੱਲ੍ਹ ਸ਼ਾਇਦ ਹੀ ਕੋਈ ਅਜਿਹਾ ਘਰ ਜਾਂ ਮਹਿਫਲ ਹੋਵੇਗੀ ਜਿੱਥੇ ਕੋਲਡ ਡਰਿੰਕਸ ਦੀ ਵਰਤੋਂ ਨਾ ਹੁੰਦੀ ਹੋਵੇ। ਰੰਗ-ਬਿਰੰਗੀਆਂ ਬੋਤਲਾਂ 'ਚ ਅਤੇ ਵੱਖ- ਵੱਖ ਰੰਗਾਂ 'ਚ ਮਿਲਣ ਵਾਲੀਆਂ ਇਨ੍ਹਾਂ ਡਰਿੰਕਸ ਦੀ ਮੰਗ ਹਰ ਰੋਜ਼ ਵਧਦੀ ਜਾ ਰਹੀ ਹੈ। ਇਨ੍ਹਾਂ ਡਰਿੰਕਸ 'ਚ ਕਾਰਬਨ ਡਾਈਆਕਸਾਈਡ ਹੁੰਦੀ ਹੈ, ਜਿਸ ਕਰਕੇ ਇਨ੍ਹਾਂ ਨੂੰ ਕਾਰਬੋਨੇਟਿਡ ਡਰਿੰਕਸ ਵੀ ਕਿਹਾ ਜਾਂਦਾ ਹੈ। ਭਾਰਤ ਦੇ ਦੱਖਣੀ ਭਾਗ ਦੀ ਤੁਲਨਾ 'ਚ ਉੱਤਰੀ ਹਿੱਸੇ 'ਚ ਇਨ੍ਹਾਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ। ਦੱਖਣ 'ਚ ਘੱਟ ਵਰਤੋਂ ਦੇ ਦੋ ਕਾਰਨ ਹਨ। ਇਕ ਤਾਂ ਉੱਥੇ ਲੋਕੀ ਜ਼ਿਆਦਾ ਜਾਗਰੂਕ ਹਨ ਤੇ ਸਿਹਤ ਸਬੰਧੀ ਚੀਜ਼ਾਂ ਦੀ ਵਰਤੋਂ ਸੋਚ ਸਮਝ ਕੇ ਹੀ ਕਰਦੇ ਹਨ। ਦੂਸਰਾ ਉੱਥੇ ਕੁਦਰਤੀ ਤੌਰ 'ਤੇ ਨਾਰੀਅਲ ਹੁੰਦਾ ਹੈ। ਕੱਚੇ ਨਾਰੀਅਲ ਦਾ ਪਾਣੀ ਸੁਆਦ ਵੀ ਹੁੰਦਾ ਹੈ ਅਤੇ ਪੌਸ਼ਟਿਕ ਵੀ। ਇਸ ਲਈ ਜ਼ਿਆਦਾ ਲੋਕੀ ਕੋਲਡ ਡਰਿੰਕਸ ਦੀ ਬਜਾਏ ਨਾਰੀਅਲ ਪਾਣੀ ਦੀ ਹੀ ਵਰਤੋਂ ਕਰਦੇ ਹਨ। ਇਹ ਸੱਚ ਮੁੱਚ ਹੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਦੱਖਣੀ ਭਾਰਤ ਵਾਲੇ ਇਕ ਸਾਲ 'ਚ ਜਿੰਨੀ ਕੋਲਡ ਡਰਿੰਕਸ ਦੀ ਵਰਤੋਂ ਕਰਦੇ ਹਨ ਉਨੀਂ ਖ਼ਪਤ ਤਾਂ ਉੱਤਰੀ ਭਾਰਤ ਦੇ ਲੋਕੀ ਗਰਮੀਆਂ ਦੇ ਚਾਰ ਮਹੀਨਿਆਂ 'ਚ ਹੀ ਕਰ ਲੈਂਦੇ ਹਨ। ਇਹੋਂ ਕਾਰਨ ਹੈ ਕਿ ਪੇਟ ਦੇ ਰੋਗੀਆਂ ਦੀ ਗਿਣਤੀ ਉੱਤਰੀ ਬਾਰਤ 'ਚ ਜ਼ਿਆਦਾ ਹੈ।

## ਕੋਲਡ ਡਰਿੰਕਸ 'ਚ ਹੁੰਦਾ ਕੀ ਹੈ?

ਕੋਲਡ ਡਰਿੰਕਸ 'ਚ ਮਿੱਠਾ, ਕਾਰਬਨ ਡਾਈਆਕਸਾਇਡ, ਕੰਸਟਰੇਟ ਅਤੇ ਪਰੀਜਰਵੇਟਿਵ ਹੁੰਦੇ ਹਨ। ਇਨ੍ਹਾਂ ਕੋਲਡ ਡਰਿੰਕਸ 'ਚ ਸਿਰਫ਼ ਚੀਨੀ ਹੁੰਦੀ ਹੈ ਅਤੇ ਹੋਰ ਕੋਈ ਖ਼ੁਰਾਕੀ ਪਦਾਰਥ ਨਹੀਂ ਹੁੰਦਾ। ਚੀਨੀ ਦੀ ਮਾਤਰਾ ਨਿਰਧਾਰਤ ਨਹੀਂ ਹੈ। ਇਹ 11 ਤੋਂ 14 ਫ਼ੀਸਦੀ ਤਕ ਹੋ ਸਕਦੀ ਹੈ। ਇਸ ਤੋਂ ਇਲਾਵਾ ਕੋਲਡ ਡਰਿੰਕਸ 'ਚ ਕੈਫ਼ੀਨ ਵੀ ਪਾਈ ਜਾਂਦੀ ਹੈ।

## ਮਾੜੇ ਪ੍ਰਭਾਵ

ਮਾਰਕੀਟ 'ਚ ਵਿਕਣ ਵਾਲੀਆਂ ਜ਼ਿਆਦਾ ਕੋਲਡ ਡਰਿੰਕਸ 'ਚ ਚੀਨੀ ਦੀ ਕਾਫ਼ੀ ਮਾਤਰਾ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਦੀ ਵਰਤੋਂ ਨਾਲ ਬੇਲੋੜਿਆਂ ਕੈਲਰੀਆਂ ਮਿਲਦੀਆਂ ਹਨ ਜਿੰਨ੍ਹਾਂ ਨੂੰ ਖ਼ਾਲੀ ਕੈਲੋਰੀਆਂ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਤੋਂ ਹੋਰ ਕੋਈ ਪੌਸ਼ਟਿਕ ਤੱਤ ਪ੍ਰਾਪਤ ਨਹੀਂ ਹੁੰਦਾ। ਇਕ ਬੋਤਲ ਤੋਂ 140 ਦੇ ਕਰੀਬ ਕੈਲੋਰੀਆਂ ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਕਰ ਕੇ ਮੋਟਾਪਾ ਹੋ ਜਾਂਦਾ ਹੈ। ਮੋਟਾਪੇ ਤੋਂ ਇਲਾਵਾ ਦੰਦਾਂ ਨੂੰ ਨੁਕਸਾਨ ਪਹੁੰਚਦਾ ਹੈ। ਦੰਦਾਂ ਨੂੰ ਕੀੜਾ ਲੱਗ ਜਾਂਦਾ ਹੈ। ਇਸ ਕਰਕੇ ਇਨ੍ਹਾਂ ਕੋਲਡ ਡਰਿੰਕਸ ਸਦਕਾ ਅੱਜਕੱਲ੍ਹ ਬੱਚਿਆਂ 'ਚ ਦੰਦਾਂ ਦੇ ਰੋਗਾਂ 'ਚ ਵਾਧਾ ਹੋਈਆ ਹੈ। ਕੋਲਡ ਡਰਿੰਕਸ ਵਿਚ ਚੀਨੀ ਦੀ ਬਜਾਏ ਸੈਕਰੀਨ ਪਾਈ ਹੋਵੇ ਤਾਂ ਹੋਰ ਵੀ ਜ਼ਿਆਦਾ ਨੁਕਸਾਨਦੇਹ ਹੈ ਕਿਉਂਕਿ ਸੈਕਰੀਨ ਦੀ ਵਰਤੋਂ ਨਾਲ ਕੈਂਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਇਨ੍ਹਾਂ ਦੀ ਵਰਤੋਂ ਹੱਡੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਹੱਡੀਆਂ ਦੇ ਨਿਰਮਾਣ ਲਈ ਕੈਲਸ਼ੀਅਮ ਅਤੇ ਫਾਸਫੋਰਸ ਦੀ ਇਕ ਵਿਸ਼ੇਸ਼ ਅਨੁਪਾਤ 'ਚ ਲੋੜ ਹੁੰਦੀ ਹੈ ਪਰ ਇਨ੍ਹਾਂ ਕੋਲਡ ਡਰਿੰਕਸ 'ਚ ਮੌਜੂਦ ਫਾਸਫੋਰਸ ਮਿਹਦੇ 'ਚ ਕੈਲਸ਼ੀਅਮ ਨਾਲ ਜੁੜ ਜਾਂਦਾ ਹੈ। ਇਸ ਤਰ੍ਹਾਂ ਕੈਲਸ਼ੀਅਮ ਅਤੇ ਫਾਸਫੋਰਸ ਦੇ ਅਨੁਪਾਤ ਵਿਚ ਤਬਦੀਲੀ ਆਉਣ ਕਰ ਕੇ ਹੱਡਿਆਂ ਦੀ ਬਣਤਰ ਤੇ ਮਾੜਾ ਅਸਰ ਪੈਂਦਾ ਹੈ। ਕਿਸ਼ੋਰ ਅਵਸਥਾ ਵਿਚ ਮੁੰਡਿਆਂ ਅਤੇ ਕੁੜੀਆਂ ਦੇ ਸਰੀਰਕ ਵਿਕਾਸ ਵੇਲੇ ਹੱਡੀਆਂ ਦੀ ਘਣਤਾ ਵਧਾਉਣ ਦੀ ਕੋਸ਼ਿਸ਼ ਹੁੰਦੀ ਹੈ ਜਿਹੜੀ ਕਿ ਚੰਗੀ ਸਿਹਤ ਦੀ ਨਿਸ਼ਾਨੀ ਹੈ। ਇਸ ਲਈ ਕੈਲਸ਼ੀਅਮ ਅਤੇ ਫਾਸਫੋਰਸ ਦਾ ਅਨੁਪਾਤ ਸਹੀ ਹੋਣਾ ਚਾਹੀਦਾ ਹੈ ਪਰ ਕਿਉਂਕਿ ਨੌਜਵਾਨ ਪੀੜੀ ਕੋਲਡ ਡਰਿੰਕਸ ਦੀ ਜ਼ਿਆਦਾ ਵਰਤੋਂ ਕਰਦੀ ਹੈ ਇਸ ਲਈ ਇਹ ਸੰਤੁਲਨ ਵਿਗੜ ਜਾਂਦਾ ਹੈ ਅਤੇ ਕਈ ਵਰੀ ਇਸ ਅਨੁਪਾਤ ਨੂੰ ਸਹੀ ਰੱਖਣ ਲਈ ਮਜਬੂਰਨ ਸਰੀਰ ਨੂੰ ਆਪਣੀਆਂ ਹੀ ਹੱਡੀਆਂ 'ਚੋਂ ਕੈਲਸ਼ੀਅਮ ਦੀ ਵਰਤੋਂ ਕਰਨੀ ਪੈ ਜਾਂਦੀ ਹੈ। ਇਸ ਤਰ੍ਹਾਂ ਨੌਜਵਾਨਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਉਨ੍ਹਾਂ ਦੀਆਂ ਹੱਡੀਆਂ 'ਚ ਕੈਲਸ਼ੀਅਮ ਦੀ ਮਾਤਰਾ ਘਟਣ ਕਰ ਕੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਇਕ ਸਰਵੇਖਣ ਰਾਹੀਂ ਇਹ ਵੀ ਪਤਾ ਚੱਲਿਆ ਹੈ ਕਿ ਕੋਲਡ ਡਰਿੰਕਸ ਪੀਣ ਵਾਲੇ ਕਿਸ਼ੋਰਾਂ ਵਿਚ ਹੱਡੀਆਂ ਟੁੱਟਣ ਦਾ ਖ਼ਤਰਾ ਕੋਲਡ ਡਰਿੰਕਸ ਨਾ ਪੀਣ ਵਾਲੇ ਕਿਸ਼ੋਰਾਂ ਦੀ ਤੁਲਨਾ 'ਚ ਤਿੰਨ ਗੁਣਾ ਜ਼ਿਆਦਾ ਪਾਇਆ ਗਿਆ। ਖਿਡਾਰੀਆਂ ਨੂੰ ਤਾਂ ਇਸ ਦੀ ਉੱਕਾ ਵੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਦੀ ਵਰਤੋਂ ਨਾਲ ਖ਼ੁਰਾਕੀ ਤੱਤ ਤਾਂ ਨਹੀਂ ਮਿਲਦੇ ਸਗੋਂ ਇਸ ਨਾਲ ਹੱਡੀਆਂ 'ਚ ਕੈਲਸ਼ੀਅਮ ਖ਼ਤਮ ਹੋ ਜਾਂਦਾ ਹੈ ਤੇ ਇਸ ਨਾਲ ਹੱਡੀਆਂ ਕਮਜ਼ੋਰ ਵੀ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਕੋਲਡ ਡਰਿੰਕਸ ਪੀਣ ਨਾਲ ਪਾਚਨ ਰਾਹ ਕਾਰਬਨ ਡਾਈਆਕਸਾਈਡ ਦੀ ਜ਼ਿਆਦਾ ਮਾਤਰਾ ਹੋ ਜਾਂਦੀ ਹੈ ਜਿਸ ਕਰਕੇ ਸਰੀਰ 'ਚ ਤਰਲ ਪਦਾਰਥਾਂ ਦੀ ਲੋੜ ਘੱਟ ਜਾਂਦੀ ਹੈ। ਤਰਲ ਪਦਾਰਥਾਂ ਦੀ ਵਰਤੋਂ ਤਾਂ ਸਿਹਤ ਲਈ ਬਹੁਤ ਜ਼ਰੂਰੀ ਹੈ। ਕਲੇਜੇ ਵਿਚ ਪੀੜ ਹੋਣ ਦਾ ਵੀ ਕੋਲਡ ਡਰਿੰਕਸ ਨਾਲ ਸਬੰਧ ਹੈ। ਅਸਲ ਵਿਚ ਅਜਿਹਾ ਅੰਨ ਨਾਲੀ ਦੇ ਉਲਟ ਪ੍ਰਭਾਵ ਕਰ ਕੇ ਹੁੰਦਾ ਹੈ। ਇਹ ਸਮੱਸਿਆ ਭਾਵ ਕਲੇਜੇ 'ਚ ਪੀੜ ਉਦੋਂ ਹੁੰਦੀ ਹੈ ਜਦੋਂ ਮਿਹਦੇ 'ਚ ਮੌਜੂਦ ਤੇਜ਼ਾਬ ਉਲਟੇ ਪਾਸੇ ਪਾਸੇ ਵੱਲ ਵੱਗਣ ਲੱਗਦੇ ਹਨ। ਜੇ ਕੋਲਡ ਡਰਿੰਕਸ 'ਚ ਦੂਸ਼ਿਤ ਕਾਰਬਨ ਡਾਈਆਕਸਾਈਡ ਦੀ ਵਰਤੋਂ ਕੀਤੀ ਹੋਵੇ ਤਾਂ ਇਸ ਲਈ ਕੁੱਝ ਪੋਲੀਐਰੋਮੈਟਿਕ ਹਾਈਡਰੋਕਾਰਬਨਜ਼ ਵੀ ਆ ਜਾਂਦੇ ਹਨ। ਅਜਿਹੇ ਪਦਾਰਥਾਂ ਦੀ ਲੰਮੇ ਸਮੇਂ ਤਕ ਵਰਤੋਂ ਕਰਨ ਨਾਲ ਕੈਂਸਰ ਹੋ ਸਕਦਾ ਹੈ। ਆਮ ਤੌਰ 'ਤੇ ਕੋਲਡ ਡਰਿੰਕਸ 'ਚ ਕੈਫੀਨ ਪਾਈ ਹੁੰਦੀ ਹੈ। ਕੈਫੀਨ ਇਕ ਉਤੇਜਨਾ ਪੈਦਾ ਕਰਨ ਵਾਲਾ ਪਦਾਰਥ ਹੈ। ਇਹੋ ਕੈਫੀਨ ਚਾਹ ਅਤੇ ਕੌਫੀ ਵਿਚ ਵੀ ਹੁੰਦੀ ਹੈ ਅਤੇ ਇਸੇ ਦੀ ਮਿਹਰਬਾਨੀ ਸਦਕਾ ਬੰਦਾ ਇਨ੍ਹਾਂ ਚੀਜ਼ਾ ਦਾ ਗੁਲਾਮ ਬਣ ਜਾਂਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਕੋਲਡ ਡਰਿੰਕਸ ਦੀ ਇਕ ਬੋਤਲ ਵਿਚ ਆਮ ਤੌਰ 'ਤੇ 30 ਤੋਂ 50 ਮਿਲੀਗ੍ਰਾਮ ਕੈਫੀਨ ਹੁੰਦੀ ਹੈ। ਕੈਫੀਨ ਦੀ ਜ਼ਿਆਦਾ ਵਰਤੋਂ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਪੇਟ 'ਚ ਗੈਸ ਹੋਣ 'ਤੇ ਲੋਕੀ ਸੋਡਾ ਪੀਂਦੇ ਹਨ ਅਤੇ ਉਹ ਆਰਾਮ ਜਿਹਾ ਮਹਿਸੂਸ ਕਰਦੇ ਹਨ ਪਰ ਸ਼ਾਇਦ ਉਹ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ ਕਿਉਂਕਿ ਕੋਲਡ ਡਰਿੰਕਸ ਪੀਣ ਨਾਲ ਉਨ੍ਹਾਂ ਨੂੰ ਪੱਕੇ ਤੌਰ 'ਤੇ ਪੇਟ ਗੈਸ ਦੀ ਸ਼ਿਕਾਇਤ ਹੋ ਸਕਦੀ ਹੈ।

ਕੋਲਡ ਡਰਿੰਕਸ ਤੇਜ਼ਾਬੀ ਮਾਦੇ ਵਾਲੀਆਂ ਹੁੰਦੀਆ ਹਨ ਅਤੇ ਇਹ ਤੇਜ਼ਾਬੀ ਮਾਦਾ ਸਰੀਰ ਦੇ ਅੰਗਾਂ ਲਈ ਬਹੁਤ ਨੁਕਸਾਨ ਦੇਹ ਹੈ। ਇਸ ਨਾਲੋਂ ਤਾਂ ਚੰਗਾ ਹੋਵੇਗਾ ਕਿ ਜੇ ਤੁਸੀਂ ਜਲ-ਜ਼ੀਰਾ, ਸ਼ਕੰਜਵੀ, ਨਿੰਬੂ ਪਾਣੀ, ਨਾਰੀਅਲ ਪਾਣੀ ਦੀ ਵਰਤੋਂ ਕਰ ਲਵੋ। ਇਨ੍ਹਾਂ ਚੀਜ਼ਾਂ ਦੇ ਸੇਵਨ ਨਾਲ ਅਸੀਂ ਦੁੱਖਾਂ ਤੋਂ ਦੂਰ ਰਹਿ ਸਕਦੇ ਹਾਂ।

**ਕੋਲਡ ਡਰਿੰਕ ਨਾਲੋਂ ਤੁਸੀਂ ਜਲ-ਜ਼ੀਰਾ, ਸ਼ਕੰਜਵੀ, ਨਿੰਬੂ ਪਾਣੀ ਤੇ ਨਾਰੀਅਲ ਪਾਣੀ ਦੀ ਵਰਤੋਂ ਕਰੋ...**



# ਕੋਹੜ ਕਿਰਲਾ (ਗਿਰਗਿਟ)

**ਪੁਸ਼ਪਿੰਦਰ ਜੈਰੂਪ**



ਜਦੋਂ ਬੱਚੇ ਛੋਟੇ ਹੁੰਦੇ ਸੀ ਤਾਂ ਅਸੀਂ ਆਂਡੀ-ਗੁਆਂਢੀ ਵਿਹੜੇ ਦੀ ਕੰਧ, ਜੋ ਮਸਾਂ 4 ਕੁ ਫੁੱਟ ਦੀ ਸੀ, ਦੇ ਉੱਤੋਂ ਦੀ ਹੀ ਲੈਣ-ਦੇਣ ਕਰਦੇ ਅਤੇ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਰਹਿੰਦੇ। ਕਈ ਵਾਰ ਜੇ ਮੌਸਮ ਸੁਹਾਵਣਾ ਹੁੰਦਾ ਜਾਂ ਛੁੱਟੀ ਦਾ ਦਿਨ ਹੁੰਦਾ ਤਾਂ ਹਾਲ-ਚਾਲ ਪੁੱਛਣ ਦਾ ਸਿਲਸਲਾ ਕਾਫ਼ੀ ਲੰਮੇ ਸਮੇਂ ਤਕ ਚਲਦਾ ਰਹਿੰਦਾ। ਇਸੇ ਤਰ੍ਹਾਂ ਇੱਕ ਵਾਰ ਮੀਂਹ ਤੋਂ ਅਗਲੇ ਦਿਨ ਮੈਂ ਤੇ ਮੇਰੀ ਗੁਆਂਢਣ ਪੰਮੀ, ਇੱਕ ਦੂਜੇ ਨਾਲ ਯੱਕੜ ਮਾਰ ਰਹੀਆਂ ਸੀ। ਸਾਡੇ ਬੱਚੇ ਘਰਾਂ ਦੇ ਸਾਹਮਣੇ ਸੜਕ ਤੋਂ ਪਾਸੇ ਖੇਡ ਰਹੇ ਸਨ। ਸੜਕ ਦੇ ਪਾਸਿਆਂ ਉੱਤੇ ਕਿਤੇ-ਕਿਤੇ ਮੀਂਹ ਦੇ ਪਾਣੀ ਦੀਆਂ ਛੋਟੀਆਂ ਛੋਟੀਆਂ ਛੱਪੜੀਆਂ ਬਣੀਆਂ ਹੋਈਆਂ ਸਨ। ਸਾਡੇ ਨੇੜੇ ਹੀ ਇੱਕ ਛੱਪੜੀ ਵਿੱਚ ਇੱਕ ਵੱਡਾ ਸਾਰਾ ਭਮੱਕੜ ਕਿਤੋਂ ਆ ਕੇ ਡਿੱਗ ਪਿਆ ਅਤੇ ਉਹ ਫੜਫੜਾਉਂਣ ਲੱਗ ਪਿਆ। ਐਨੇ ਨੂੰ ਅਚਾਨਕ ਪਤਾ ਨਹੀਂ ਕਿੱਥੋਂ ਸੜਕ ਦੇ ਪਾਸਿਆਂ ਉੱਤੇ ਪਏ ਪੱਤਿਆਂ ਵਿੱਚੋਂ ਕਿਸੇ ਚੀਜ਼ ਦੇ ਦੌੜਨ ਨਾਲ ਖੜ੍ਹ-ਖੜ੍ਹ ਹੋਈ। ਸਭ ਦਾ ਧਿਆਨ ਓਧਰ ਨੂੰ ਖਿੱਚਿਆ ਗਿਆ ਤੇ ਦੇਖਿਆ ਕਿ ਕੋਈ ਇੱਕ ਫੁੱਟ ਤੋਂ ਲੰਮਾ ਕਿਰਲਾ ਦੁੜੰਗੇ ਮਾਰਦਾ ਉਸ ਛੱਪੜੀ ਵੱਲ ਨੂੰ ਗਿਆ; ਉਸ ਨੇ ਛੇਤੀ ਨਾਲ ਉਸ ਭਮੱਕੜ ਨੂੰ ਆਪਣੇ ਮੂੰਹ ਵਿੱਚ ਫੜ੍ਹਿਆ ਅਤੇ ਮੁੜ ਓਵੇਂ ਹੀ ਦੁੜੰਗੇ ਮਾਰਦਾ ਉਹ ਵਾਪਸ ਕੰਧ ਉੱਤੇ ਚੜ੍ਹ ਗਿਆ।

ਕੰਧ ਉੱਤੇ ਚੜਦੇ ਸਾਰ ਉਸ ਨੇ ਬਿਨ੍ਹਾਂ ਚੱਬੇ, ਇੱਕੋ ਵਾਰ ਵਿੱਚ ਸਬੂਤੇ ਦਾ ਸਬੂਤਾ ਭਮੱਕੜ ਅੰਦਰ ਲੰਘਾ ਲਿਆ। ਇਹ ਸਾਰਾ ਕੰਮ ਬਸ ਉਸ ਨੇ ਕੁਝ ਸਕਿੰਟਾਂ ਵਿੱਚ ਹੀ ਕਰ ਲਿਆ। ਬੱਚੇ ਵੀ ਆਪਣੀ ਖੇਡ ਛੱਡ ਕੇ ਉਸ ਕਿਰਲੇ ਨੂੰ ਦੇਖ ਰਹੇ ਸਨ। ਉਨ੍ਹਾਂ ਵਿੱਚੋਂ ਰਾਜੂ ਕਹਿੰਦਾ, "ਮੇਰੇ ਦਾਦੀ ਜੀ ਕਹਿੰਦੇ ਹੁੰਦੇ ਸੀ ਕਿ ਜੇ ਇਹ 'ਕਿਰਲਾ' ਕਿਸੇ ਉੱਤੇ ਆਪਣਾ ਥੁੱਕ ਸੁੱਟ ਦੇਵੇ ਤਾਂ ਉਸ ਨੂੰ ਕੋਹੜ ਹੋ ਜਾਂਦਾ ਹੈ, ਇਸੇ ਲਈ ਇਸ ਕਿਰਲੇ ਨੂੰ 'ਕੋਹੜ ਕਿਰਲਾ' ਕਹਿੰਦੇ ਹਨ। ਸਾਰੇ ਬੱਚੇ ਰਾਜੂ ਦੀ ਗੱਲ ਸੁਣ ਕੇ ਡਰ ਕੇ ਪਿੱਛੇ ਨੂੰ ਹੋ ਗਏ। ਉਨ੍ਹਾਂ ਵਿੱਚੋਂ ਛੋਟੀ ਬੱਚੀ ਕਹਿੰਦੀ, "ਵੀਰ, ਇਹ ਕਿੰਨਾ ਡਰਾਉਣਾ ਹੈ, ਜੇ ਕਿਤੇ ਇਹ ਥੋੜ੍ਹਾ ਹੋਰ ਵੱਡਾ ਹੁੰਦਾ ਤਾਂ ਪੂਰਾ ਡਿਸਕਵਰੀ ਚੈਨਲ ਵਾਲਾ ਡਾਇਨਾਸੋਰ ਲੱਗਣਾ ਸੀ ਅਤੇ ਮੇਰੇ ਵਰਗੀ ਨੂੰ ਤਾਂ ਇਸ ਨੇ ਸਬੂਤਾ ਹੀ ਅੰਦਰ ਲੰਘਾ ਜਾਣਾ ਸੀ।

ਮੈਂ ਅਤੇ ਪੰਮੀ ਬੱਚਿਆਂ ਦੀਆਂ ਗੱਲਾਂ ਸੁਣ ਰਹੇ ਸੀ ਅਤੇ ਮੈਂ ਵਿੱਚੋਂ ਦੀ ਬੋਲੇ ਬਿਨਾਂ ਨਾ ਰਹਿ ਸਕੀ। ਮੈਂ ਕਿਹਾ, "ਬੇਟਾ, ਤੁਸੀਂ ਇਹ ਗੱਲ ਬਿਲਕੁਲ ਠੀਕ ਕਹੀ ਹੈ ਕਿਉਂਕਿ ਇਹ ਕੋਹੜ ਕਿਰਲਾ ਸੱਚ-ਮੁੱਚ ਹੀ ਡਾਇਨਾਸੋਰਾਂ ਦਾ ਬਹੁਤ ਨੇੜੇ ਦਾ ਰਿਸ਼ਤੇਦਾਰ ਹੁੰਦਾ ਹੈ। ਕਿਰਲੇ, ਸੱਪ, ਕਿਰਲੀਆਂ, ਕੱਛੂਪਾਥੀਆਂ, ਮਗਰਮੱਛ, ਡਾਇਨਾਸੋਰ ਆਦਿ ਦੇ ਸਾਂਝੇ ਸੰਗਠਨ ਨੂੰ 'ਰੈਪਟਿਲਿਆ' ਕਹਿੰਦੇ ਹਨ। ਸਾਰੇ ਬੱਚੇ ਮੇਰੇ ਮੂੰਹ ਵੱਲ ਦੇਖਣ ਲੱਗ ਪਏ ਅਤੇ ਪੱਪੂ ਕਹਿੰਦਾ, "ਆਂਟੀ ਜੀ, ਕੀ ਸੱਚ-ਮੁੱਚ ਇਸ ਕਿਰਲਾ ਦੇ ਥੁੱਕ ਸੁੱਟਣ ਨਾਲ ਕੋਹੜ ਹੋ ਜਾਂਦਾ ਹੈ ? "ਕੁਝ ਦਿਨ ਹੋਏ ਮੈਂ ਇੱਕ ਇਸੇ ਤਰ੍ਹਾਂ ਦਾ ਕਿਰਲਾ ਕੰਧ ਉੱਤੇ ਬੈਠਾ ਹੋਇਆ ਦੇਖਿਆ ਸੀ ਪਰ ਉਸ ਦਾ ਸਿਰ ਅਤੇ ਅੱਧਾ ਧੜ ਸੰਤਰੀ ਭੈ ਵਾਲੇ ਲਾਲ ਰੰਗ ਦਾ ਸੀ। ਉਹ ਕਦੇ ਆਪਣਾ ਮੂੰਹ ਖੋਲ੍ਹਦਾ ਸੀ ਅਤੇ ਕਦੇ ਬੰਦ ਕਰਦਾ ਸੀ ਅਤੇ ਇਸ ਦੇ ਨਾਲ ਉਹ ਆਪਣੇ ਸਿਰ ਨੂੰ ਹੇਠਾਂ-ਉੱਪਰ ਵੀ ਕਰੀ ਜਾ ਰਿਹਾ ਸੀ। ਆਂਟੀ ਜੀ, ਕੀ ਉਹ ਕੋਈ ਹੋਰ ਕਿਰਲਾ ਸੀ ? ਮੇਰਾ ਦੋਸਤ ਤਾਂ ਉਸ ਨੂੰ 'ਗਿਰਗਟ' ਕਹਿੰਦਾ ਸੀ। ਮੈਂ ਸਾਰੇ ਬੱਚਿਆਂ ਨੂੰ ਆਪਣੇ ਨੇੜੇ ਬੁਲਾ ਲਿਆ ਅਤੇ ਅਸੀਂ ਘਰ ਦੇ ਲਾਅਨ ਵਿੱਚ ਬੈਠ ਗਏ। ਮੈਂ ਦੱਸਣਾ ਸ਼ੁਰੂ ਕੀਤਾ ਕਿ ਸਭ ਤੋਂ ਪਹਿਲੀ ਗੱਲ ਇਹ ਕਿਰਲਾ ਕਿਸੇ ਉੱਤੇ ਥੁੱਕ ਨਹੀਂ ਸੁਟੱਦਾ। ਇਸ ਲਈ ਕਿਸੇ ਕਿਸਮ ਦਾ ਕੋਹੜ ਹੋਣ ਦਾ ਸਵਾਲ ਹੀ ਨਹੀਂ ਉੱਠਦਾ। ਦੂਜਾ ਇਹ ਤਾਂ ਖ਼ੁਦ ਇਨਸਾਨਾਂ ਤੋਂ ਬਹੁਤ ਡਰਦਾ ਹੈ। ਇਹ ਤਾਂ ਸਿਰਫ਼ ਦਿਨ ਵੇਲੇ ਕੀੜੇ-ਮਕੌੜਿਆਂ ਦੇ ਹੀ ਪਿੱਛੇ ਦੌੜ-ਦੌੜ ਕੇ ਉਨ੍ਹਾਂ ਨੂੰ ਫੜ ਕੇ ਖਾਂਦਾ ਹੈ।

ਜਿਸ ਵੇਲੇ ਇਨ੍ਹਾਂ ਨੇ ਕਿਸੇ ਉੱਤੇ ਰੋਹਬ ਪਾਉਣਾ ਹੁੰਦਾ ਹੈ ਜਾਂ ਡਰਾਉਣਾ ਹੁੰਦਾ ਹੈ ਜਾਂ ਆਪਣੀਆਂ ਮਾਦਾਵਾਂ ਨੂੰ ਲੁਭਾਉਣਾ ਹੁੰਦਾ ਹੈ ਤਾਂ ਇਹ ਕਿਸੇ ਉੱਚੀ ਥਾਂ ਜਿਵੇਂ ਕੰਧ ਜਾਂ ਕਿਸੇ ਦਰੱਖਤ ਦੀ ਟਾਹਣੀ ਉੱਤੇ ਬੈਠ ਜਾਂਦੇ ਹਨ ਤੇ ਆਪਣੀਆਂ ਅਗਲੀਆਂ ਲੱਤਾਂ ਨੂੰ ਅਕੜਾ ਕੇ ਸਿੱਧਾ ਕਰ ਲੈਂਦੇ ਹਨ ਅਤੇ ਆਪਣੇ ਸਿਰ ਨੂੰ ਵੀ ਪੂਰਾ ਉੱਚਾ ਚੁੱਕ ਲੈਂਦੇ ਹਨ। ਇਹ ਆਪਣੇ ਸਿਰ ਦੇ ਰੰਗ ਨੂੰ ਸੰਤਰੀ-ਲਾਲ, ਜਿਸ ਉੱਤੇ ਕਈ ਵਾਰ ਗੂੜ੍ਹੇ ਕਾਲੇ ਧੱਬੇ ਹੁੰਦੇ ਹਨ, ਕਰ ਲੈਂਦੇ ਹਨ। ਇਹ ਲਾਲ ਰੰਗ ਬਹੁਤੀ ਵਾਰ ਅਗਲੇ ਅੱਧੇ ਧੜ ਦਾ ਵੀ ਹੋ ਜਾਂਦਾ ਹੈ। ਫੇਰ ਇਹ ਮੂੰਹ ਖੋਲ੍ਹਣ ਅਤੇ ਬੰਦ ਕਰਨ ਅਤੇ ਸਿਰ ਨੂੰ ਉਪਰ-ਥੱਲੇ ਕਰਨ ਲੱਗ ਪੈਂਦੇ ਹਨ। ਇਸੇ ਕਰਕੇ ਕਈ ਥਾਵਾਂ ਉੱਤੇ ਇਨ੍ਹਾਂ ਦੇ ਲਾਲ ਰੰਗ ਤੋਂ ਡਰ ਕੇ ਲੋਕੀਂ ਇਨ੍ਹਾਂ ਨੂੰ 'ਬਲੱਡ ਸੱਕਰ' ਵੀ ਕਹਿੰਦੇ ਹਨ। ਇਨ੍ਹਾਂ ਦੀ ਰੰਗ ਬਦਲਣ ਦੀ ਆਦਤ ਕਰਕੇ ਇਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਚੇਂਜਏਬਲ ਲਿਜ਼ਰਡ' ਅਤੇ ਪੰਜਾਬੀ ਵਿੱਚ 'ਗਿਰਗਟ' ਕਹਿੰਦੇ ਹਨ। ਜਿਹੜਾ ਕਿਰਲਾ ਤੁਸੀਂ ਦੇਖਿਆ ਹੈ ਉਸ ਦਾ ਤਕਨੀਕੀ ਨਾਂ 'ਕੈਲੋਟਿਸ ਵਰਸੀਕਲਰ' ਹੈ। ਇਨ੍ਹਾਂ ਦੀਆਂ 300 ਜਾਤੀਆਂ ਦੇ ਪਰਿਵਾਰ ਨੂੰ 'ਐਗਾਮਿਡੇਈ' ਕਹਿੰਦੇ ਹਨ। ਇਨ੍ਹਾਂ ਦੇ ਅਤੇ ਹੋਰ ਘਰਾਂ ਵਿੱਚ ਮਿਲਣ ਵਾਲੀਆਂ ਕਿਰਲੀਆਂ ਦੇ ਸਾਂਝੇ ਸਮੂਹ ਨੂੰ 'ਸਕੁਐਮੇਟਾ' ਕਹਿੰਦੇ ਹਨ।

ਬੇਟਾ, ਇਹ ਹਰ ਵੇਲੇ ਚੁਕੰਨੇ ਰਹਿਣ ਵਾਲੇ ਕਿਰਲੇ ਏਸ਼ਿਆਈ ਦੇਸ਼ਾਂ ਜਿਵੇਂ, ਦੱਖਣੀ ਚੀਨ, ਭਾਰਤ, ਅਫ਼ਗਾਨਿਸਤਾਨ, ਪਾਕਿਸਤਾਨ, ਮਲੇਸ਼ੀਆ, ਸ਼੍ਰੀ ਲੰਕਾ ਅਤੇ ਮੌਰੀਸ਼ੀਅਸ ਵਿੱਚ ਆਮ ਮਿਲਦੇ ਹਨ ਪਰ ਆਵਾਜਾਈ ਸਾਧਨਾਂ ਦੇ ਵਧਣ ਨਾਲ ਹੌਲੀ-ਹੌਲੀ ਇਹ ਨਾਲ ਲੱਗਦੇ ਦੂਜੇ ਦੇਸ਼ਾਂ ਵਿੱਚ ਵਸ ਗਏ ਹਨ ਅਤੇ ਇਨ੍ਹਾਂ ਨੇ ਇਨਸਾਨਾਂ ਦੇ ਨੇੜੇ ਰਹਿਣਾ ਵੀ ਸਿਖ ਲਿਆ ਹੈ।

ਇਨ੍ਹਾਂ ਨੂੰ ਜ਼ਮੀਨ ਉੱਤੇ ਘੱਟ ਪਰ ਝਾੜੀਆਂ, ਦਰੱਖਤਾਂ, ਬਨੇਰਿਆਂ ਅਤੇ ਵਾੜਾਂ ਉੱਤੇ ਆਪਣੇ ਸ਼ਿਕਾਰ ਦੀ ਘਾਤ ਲਾ ਕੇ ਉਡੀਕ ਜਾਂ ਫਿਰ ਰੋਹਬ ਪਾਉਣ ਅਤੇ ਆਪਣਾ ਰਕਬਾ ਉਲੀਕਣ ਦੇ ਚੱਕਰ ਵਿੱਚ ਇਕੱਲੇ-ਇਕੱਲੇ ਹੀ ਬੈਠੇ ਦੇਖਿਆ ਜਾ ਸਕਦਾ ਹੈ। ਰਾਤ ਵੇਲੇ ਇਹ 3 ਤੋਂ 30 ਫੁੱਟ ਦੀ ਉਚਾਈ ਉੱਤੇ ਲੱਗੀਆਂ ਟਾਹਣੀਆਂ ਉੱਤੇ ਸੌਂਦੇ ਹਨ। ਮੀਂਹ ਪੈਣ ਦੇ ਮਗਰੋਂ ਇਹ ਅਕਸਰ ਜ਼ਮੀਨ ਉੱਤੇ ਕੀੜੇ, ਭਮੱਕੜ ਫੜਨ ਲਈ ਉੱਤਰਦੇ ਰਹਿੰਦੇ ਹਨ।

ਆਮ ਤੌਰ 'ਤੇ ਇਹ ਕਿਰਲੇ ਭੂਰੇ, ਸਲੇਟੀ ਜਾਂ ਹਰੇ ਰੰਗ ਦੀ ਭਾ ਵਾਲੇ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦਾ ਸਰੀਰ 40 ਤੋਂ 45 ਸੈਂਟੀਮੀਟਰ ਦੀ ਲੰਬਾਈ ਦਾ ਹੁੰਦਾ ਹੈ ਜਿਹੜਾ ਬੈਠਵੇਂ-ਰੁਖ਼ ਚਪਟਾ ਨਹੀਂ ਸਗੋਂ ਖੜ੍ਹਵੇਂ-ਰੁਖ਼ ਚਪਟਾ ਹੁੰਦਾ ਹੈ। ਸਿਰ ਵੱਡਾ ਅਤੇ ਮੂੰਹ ਵੱਡੀ ਸਾਰੀ ਵਾਕ ਵਾਲਾ ਹੁੰਦੀ ਹੈ। ਮੂੰਹ ਦੇ ਵਿੱਚ ਜਬਾੜ੍ਹੇ ਉੱਤੇ ਇੱਕ ਕਤਾਰ ਵਿੱਚ ਅੰਦਰ ਨੂੰ ਮੁੜੇ ਹੋਏ ਨਿੱਕੇ ਨਿੱਕੇ ਦੰਦ ਹੁੰਦੇ ਹਨ, ਜਿਹੜੇ ਪਕੜੇ ਹੋਏ ਸ਼ਿਕਾਰ ਨੂੰ ਚਬਾਉਣ ਲਈ ਨਹੀਂ ਸਗੋਂ ਮੂੰਹ ਵਿੱਚੋਂ ਬਾਹਰ ਨਿਕਲਣ ਵੇਲੇ ਰੋਕਣ ਦਾ ਕੰਮ ਕਰਦੇ ਹਨ।

ਇਹ ਆਪਣੀਆਂ ਦੋਨਾਂ ਅੱਖਾਂ ਨੂੰ ਵੱਖ-ਵੱਖ ਪਾਸਿਆਂ ਨੂੰ ਘੁਮਾ ਕੇ ਇੱਕੋ ਵੇਲੇ ਚਾਰੋਂ ਪਾਸੇ ਬਿਨਾਂ ਸਿਰ ਹਿਲਾਏ ਦੇਖ ਲੈਂਦੇ ਹਨ। ਅੱਖਾਂ ਦੇ ਨੇੜੇ ਅੰਡਾਕਾਰ ਕੰਨ ਦੇ ਪਰਦੇ ਬੜੀ ਆਸਾਨੀ ਨਾਲ ਦਿਖ ਜਾਂਦੇ ਹਨ, ਜਿਨ੍ਹਾਂ ਦੇ ਪਾਸਿਆਂ ਉੱਤੇ ਸਖ਼ਤ ਕੰਢਿਆਂ ਵਰਗੇ ਛੋਟੇ-ਛੋਟੇ ਉਭਾਰਾਂ ਦੇ ਗੁੱਛੇ ਲੱਗੇ ਹੁੰਦੇ ਹਨ। ਇਨ੍ਹਾਂ ਕਿਰਲਿਆਂ ਦੇ ਸਿਰ ਦੇ ਵਿਚਕਾਰੋਂ ਸ਼ੁਰੂ ਹੋ ਕੇ ਇੱਕ ਸਖ਼ਤ ਕੰਢਿਆਂ ਜਿਹਿਆਂ ਦੀ ਲਾਈਨ ਪੂਛ ਦੇ ਸ਼ੁਰੂ ਹੋਣ ਤਕ ਜਾਂਦੀ ਹੈ। ਜਿਸ ਵੇਲੇ ਇਹ ਗੁੱਸੇ ਵਿੱਚ ਹੁੰਦੇ ਹਨ ਤਾਂ ਇਹ ਆਪਣੇ ਇਨ੍ਹਾਂ ਕੰਢਿਆਂ ਨੂੰ ਖੜ੍ਹਾ ਵੀ ਕਰ ਲੈਂਦੇ ਹਨ ਅਤੇ ਆਪਣੀਆਂ ਗੱਲ੍ਹਾਂ ਵੀ ਫੁਲਾ ਲੈਂਦੇ ਹਨ। ਉਸ ਵੇਲੇ ਇਹ ਸੱਚ-ਮੁੱਚ ਹੀ ਬੜੇ ਡਰਾਉਣੇ ਲੱਗਦੇ ਹਨ। ਇਸੇ ਲਈ ਕਈ ਥਾਵਾਂ ਉੱਤੇ ਇਨ੍ਹਾਂ ਨੂੰ 'ਕਰੈਸਟਿਡ ਲਿਜ਼ਰਡ' ਵੀ ਕਹਿੰਦੇ ਹਨ।

ਬੱਚਿਓ, ਇਨ੍ਹਾਂ 'ਕੋਹੜ ਕਿਰਲਿਆਂ' ਜਾਂ 'ਗਿਰਗਟਾਂ' ਦੇ ਸਰੀਰ ਉੱਤੇ ਵੀ ਸੱਪ ਵਾਂਗ ਚਮੜੀ ਦੀਆਂ ਪਰਤਾਂ ਬਣੀਆਂ ਹੁੰਦੀਆਂ ਹਨ। ਪਿੱਠ ਵਾਲੇ ਪਾਸੇ ਇਹ ਵੱਖਰੇ ਵੱਖਰੇ ਰੰਗਾਂ ਦੀਆਂ ਹੁੰਦੀਆਂ ਹਨ ਪਰ ਢਿੱਡ ਵਾਲੇ ਪਾਸੇ ਇਨ੍ਹਾਂ ਦਾ ਰੰਗ ਚਿੱਟਾ ਜਾਂ ਫਿੱਕਾ ਪੀਲਾ ਹੁੰਦਾ ਹੈ। ਪਰ ਇਹ ਸੱਪਾਂ ਵਾਂਗ ਇੱਕੋ ਵਾਰ ਵਿੱਚ ਹੀ ਪੂਰੀ ਦੀ ਪੂਰੀ ਕੁੰਜ ਨਹੀਂ ਲਾਹੁੰਦੇ ਸਗੋਂ ਕਿਰਲੀਆਂ ਦੀ ਤਰ੍ਹਾਂ ਆਪਣੀ ਚਮੜੀ ਨੂੰ ਟੋਟਿਆਂ ਵਿੱਚ ਬਦਲਦੇ ਰਹਿੰਦੇ ਹਨ।

ਇਨ੍ਹਾਂ ਦੇ ਧੜ ਉੱਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ ਜਿਨ੍ਹਾਂ ਅੱਗੇ, ਲੰਮੀਆਂ-ਲੰਮੀਆਂ ਪੰਜ-ਪੰਜ ਉਂਗਲਾਂ ਵਾਲੇ ਪੈਰ ਹੁੰਦੇ ਹਨ। ਇਹ ਕਿਰਲੇ ਜ਼ਮੀਨ ਉੱਤੇ ਰੇਂਗਦੇ ਨਹੀਂ ਸਗੋਂ ਆਪਣੀਆਂ ਲੱਤਾਂ ਨਾਲ ਸਰੀਰ ਨੂੰ ਜ਼ਮੀਨ ਤੋਂ ਉੱਚਾ ਚੁੱਕ ਲੈਂਦੇ ਹਨ ਅਤੇ ਫੇਰ ਬਹੁਤ ਤੇਜ਼ ਭੱਜ ਲੈਂਦੇ ਹਨ। ਇਨ੍ਹਾਂ ਦੀ ਪੂਛ ਬਾਕੀ ਦੇ ਸਰੀਰ ਤੋਂ ਦੁੱਗਣੀ ਲੰਮੀ, ਕਿਸੇ ਸਖ਼ਤ ਝਾੜੂ ਦੇ ਤੀਲ੍ਹੇ ਵਾਂਗ ਸਿੱਧੀ, ਬਰੀਕ ਅਤੇ ਸਖ਼ਤ ਹੁੰਦੀ ਹੈ।

ਆਮ ਘਰਾਂ ਵਿੱਚ ਰਹਿਣ ਵਾਲੀਆਂ ਕਿਰਲੀਆਂ ਵਾਂਗ ਇਹ ਆਪਣੀ ਪੂਛ ਨੂੰ ਲੋੜ ਪੈਣ ਉੱਤੇ ਤੋੜ ਕੇ ਨਹੀਂ ਸੁੱਟ ਸਕਦੇ। ਇਨ੍ਹਾਂ 'ਕੋਹੜ ਕਿਰਲਿਆਂ' ਦੇ ਸਰੀਰ ਦਾ ਤਾਪਮਾਨ ਬਾਹਰਲੀ ਆਬੋ-ਹਵਾ ਦੇ ਤਾਪਮਾਨ ਦੇ ਨਾਲ-ਨਾਲ ਵਧਦਾ-ਘਟਦਾ ਰਹਿੰਦਾ ਹੈ। ਇਸ ਲਈ ਇਨ੍ਹਾਂ ਦੀ ਗਿਣਤੀ 'ਕੋਲਡ ਬਲੱਡਡ' ਜੀਵਾਂ ਵਿੱਚ ਹੁੰਦੀ ਹੈ। ਲੋੜ ਪੈਣ ਉੱਤੇ ਧੁੱਪ ਸੇਕ ਕੇ ਅਤੇ ਸੂਰਜ ਦੀ ਉਰਜਾ ਦਾ ਫਾਇਦਾ ਉਠਾ ਕੇ ਇਹ ਆਪਣੇ ਸਰੀਰ ਦਾ ਤਾਪਮਾਨ ਵਧਾ ਲੈਂਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਨੂੰ ਸਰਦੀਆਂ ਵਿੱਚ ਦੁਪਹਿਰੇ ਅਤੇ ਗਰਮੀਆਂ ਵਿੱਚ ਸਵੇਰੇ ਕੰਧਾਂ ਜਾਂ ਦਰੱਖਤਾਂ ਦੀਆਂ ਟਾਹਣੀਆਂ ਉੱਤੇ ਬੈਠ ਕੇ ਧੁੱਪ ਸੇਕਦਿਆਂ ਅਕਸਰ ਦੇਖਿਆ ਜਾਂਦਾ ਹੈ।

ਬੇਟਾ, ਇਨ੍ਹਾਂ ਦੇ ਅੰਡਿਆਂ ਦੇ ਬਾਹਰ ਆਮ ਆਂਡਿਆਂ ਵਾਂਗ ਪੱਥਰ ਵਾਲਾ ਸਖ਼ਤ ਕਵਚ ਨਹੀਂ ਹੁੰਦਾ ਸਗੋਂ ਇੱਕ ਮੋਟੀ ਅਤੇ ਸਖ਼ਤ ਚਮੜੇ ਵਰਗੀ ਝਿੱਲੀ ਹੁੰਦੀ ਹੈ। ਅੰਡਿਆਂ ਵਿੱਚੋਂ ਸੂਰਜ ਦੀ ਗਰਮੀ ਨਾਲ ਹੀ ਅੱਠ ਤੋਂ ਨੌਂ ਹਫ਼ਤਿਆਂ ਵਿੱਚ ਬੱਚੇ ਬਣ ਜਾਂਦੇ ਹਨ ਅਤੇ ਝਿੱਲੀ ਨੂੰ ਪਾੜ ਕੇ ਆਪਣੇ ਆਪ ਮਿੱਟੀ ਵਿੱਚੋਂ ਬਾਹਰ ਨਿਕਲ ਆਉਂਦੇ ਹਨ। ਬੱਚਿਆਂ ਦੀ ਦਿੱਖ ਆਪਣੇ ਮਾਂ-ਬਾਪ ਵਾਲੀ ਹੀ ਹੁੰਦੀ ਹੈ ਅਤੇ ਉਹ ਕੋਈ ਇੱਕ ਸਾਲ ਵਿੱਚ ਪ੍ਰੌੜ੍ਹ ਬਣ ਜਾਂਦੇ ਹਨ।

ਬੱਚਿਓ, ਭਾਵੇਂ ਇਨ੍ਹਾਂ 'ਗਿਰਗਿਟਾਂ' ਦੀ ਦਿੱਖ ਬਹੁਤ ਭਿਆਨਕ ਹੈ ਪਰ ਇਹ ਇਨਸਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਬਲਕਿ ਬਾਗਾਂ ਬਗੀਚਿਆਂ ਵਿੱਚੋਂ ਕੀੜੇ-ਮਕੌੜੇ ਖਾਂਦੇ ਹਨ ਅਤੇ ਆਪ ਕਈ ਕਿਸਮ ਦੇ ਜੀਵਾਂ ਦਾ ਭੋਜਨ ਬਣਦੇ ਹਨ। ਵੱਡਾ ਬੇਟਾ ਕਹਿੰਦਾ, ਮਾਂ ਫੇਰ ਸਿਰਫ਼ ਇਨ੍ਹਾਂ ਦੀ ਭਿਆਨਕ ਸੂਰਤ ਨੂੰ ਹੀ ਇਨ੍ਹਾਂ ਨੂੰ ਮਾਰਨ ਦੀ ਵਜ੍ਹਾ ਬਣਾਉਣਾ ਬਿਲਕੁਲ ਜਾਇਜ਼ ਨਹੀਂ ਹੈ।

# ਕਹਾਣੀ ਕਿਰਾਏਦਾਰ

**-ਡਾ. ਪ੍ਰਦੀਪ ਕੌੜਾ**

ਇੱਕ ਵਾਰ ਫਿਰ ਘਰ ਖਾਲੀ-ਖਾਲੀ ਹੋ ਗਿਆ ਸੀ, ਜਿਵੇਂ ਇਸ ਘਰ ਵਿੱਚ ਕਦੇ ਕੋਈ ਵੱਸਦਾ ਹੀ ਨਹੀਂ ਸੀ। ਵੱਡਾ ਪੜ੍ਹ-ਲਿਖ ਕੇ ਜਦੋਂ ਕੈਨੇਡਾ ਸੈਟਲ ਹੋ ਗਿਆ ਤਾਂ ਇਹ ਤਸੱਲੀ ਸੀ ਕਿ ਕੋਈ ਗੱਲ ਨਹੀਂ, ਛੋਟਾ ਤਾਂ ਸਾਡੇ ਕੋਲ ਹੀ ਹੈ। ਪੈਸਾ ਕਮਾਉਣ ਦੀ ਲਾਲਸਾ ਵਿੱਚ ਛੋਟੇ ਦੇ ਵੀ ਵਿਦੇਸ਼ ਚਲੇ ਜਾਣ ਵਾਲੇ ਦਿਨ ਤੋਂ ਹੀ ਸਾਰਾ ਘਰ ਭਾਂਅ-ਭਾਂਅ ਕਰਨ ਲੱਗਾ ਸੀ। ਉਂਜ ਜਾਣ ਲੱਗੇ ਛੋਟਾ ਅਤੇ ਉਸ ਦੀ ਵਹੁਟੀ ਵਾਰ-ਵਾਰ ਉਨ੍ਹਾਂ ਨੂੰ ਬੱਚਿਆਂ ਵਾਂਗ ਸਮਝਾਕੇ ਗਏ ਸਨ, "ਦੇਖਣਾ ਭਾਪਾ ਜੀ ! ਐਂਵੇ ਯਕੀਨ ਕਰਕੇ ਕਿਸੇ ਐਰੇ-ਗੈਰੇ ਨੂੰ ਚਾਰ ਪੈਸਿਆਂ ਦੇ ਲਾਲਚ ਵਿੱਚ ਕਿਰਾਏ 'ਤੇ ਨਾ ਬਿਠਾ ਲੈਣਾ। ਤੁਹਾਨੂੰ ਜਿੰਨੇ ਪੈਸੇ ਚਾਹੀਦੇ ਹੋਣਗੇ, ਮੈਨੂੰ ਲਿਖਣਾ ਮੈਂ ਭੇਜਦਾ ਰਹਾਂਗਾ। ਅੱਜ-ਕੱਲ੍ਹ ਕਿਸੇ ਦਾ ਉੱਕਾ ਵਿਸ਼ਵਾਸ ਨਹੀਂ। ਪਹਿਲਾਂ ਚੰਗੇ ਬਣ ਕੇ ਮਕਾਨ ਮਾਲਕਾਂ ਦਾ ਵਿਸ਼ਵਾਸ ਜਿੱਤ ਲੈਂਦੇ ਨੇ ਅਤੇ ਬਾਅਦ ਵਿੱਚ ਨਿੱਤ ਅਖ਼ਬਾਰਾਂ ਵਿੱਚ ਪੜ੍ਹੀਦਾ ਕਿ ਕਿਰਾਏਦਾਰ ਰਾਤ ਨੂੰ ਮਕਾਨ ਮਾਲਕ ਦਾ ਕਤਲ ਕਰਕੇ ਘਰ ਦਾ ਸਾਰਾ ਕੁਝ ਲੁੱਟ ਕੇ ਫਰਾਰ ਹੋ ਗਿਆ।"

"ਵੈਸੇ ਤਾਂ ਥੋਨੂੰ ਤੁਹਾਡੀ ਪੈਨਸ਼ਨ ਹੀ ਨਹੀਂ ਮੁੱਕਿਆ ਕਰਨੀ। ਦੋ ਜੀਆਂ ਨੂੰ ਸੱਤ ਹਜ਼ਾਰ ਕਿਤੇ ਥੋੜ੍ਹਾ ਹੁੰਦੈ ?" ਜਿਹੜੀ ਗੱਲ ਛੋਟਾ ਮੂੰਹ ਪਾੜ ਕੇ ਕਹਿ ਨਹੀਂ ਸੀ ਸਕਦਾ ਉਹ ਉਸ ਦੀ ਵਹੁਟੀ ਨੇ ਸਹਿਜੇ ਹੀ ਆਖ ਦਿੱਤੀ ਸੀ।

ਪੰਜ-ਸੱਤ ਦਿਨ ਤਾਂ ਬਾਹਰ ਜਾ ਕੇ ਪੁੱਤ ਨੇ ਫੋਨ ਕਰ ਕੇ ਹਾਲ-ਚਾਲ ਜ਼ਰੂਰ ਪੁੱਛਿਆ। ਪੈਸੇ ਤਾਂ ਕੀ ਭੇਜਣੇ ਸਨ ਫਿਰ ਤਾਂ ਟਾਈਮ ਨਾ ਮਿਲਣ ਬਹਾਨੇ ਕਈ-ਕਈ ਹਫ਼ਤੇ ਅਤੇ ਮਹੀਨੇ ਲੰਘਣ ਲੱਗ ਪਏ ਸਨ। ਗਾਹੇ-ਬਗਾਹੇ ਕਈ ਲੋਕ ਕਿਰਾਏ ਲਈ ਘਰ ਪੁੱਛਣ ਆਉਂਦੇ ਤਾਂ ਨੂੰਹ ਪੁੱਤ ਦੀਆਂ ਹਦਾਇਤਾਂ ਨੂੰ ਯਾਦ ਕਰ ਕੇ ਬਜ਼ੁਰਗ ਪਤੀ-ਪਤਨੀ ਨਾਂਹ ਕਰ ਦਿੰਦੇ। ਪਰ ਜੋ ਅੱਜ ਕਿਰਾਏ ਲਈ ਪੁੱਛਣ ਆਇਆ ਸੀ ਉਸ ਨੂੰ ਦੇਵ ਢਿੱਲੋਂ ਦੇ ਲੰਗੋਟੀਏ ਯਾਰ ਵੇਦ ਸ਼ਰਮਾ ਨੇ ਭੇਜਿਆ ਸੀ। ਇਸ ਕਰਕੇ ਇਕਦਮ ਮਨ੍ਹਾਂ ਵੀ ਤਾਂ ਨਹੀਂ ਕੀਤਾ ਜਾ ਸਕਦਾ ਸੀ।

ਫਿਰ ਜਿਉਣ ਲਈ ਕੋਈ ਸਹਾਰਾ ਵੀ ਤਾਂ ਚਾਹੀਦਾ ਹੈ। ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਦੇਵ ਢਿੱਲੋਂ ਨੇ ਫ਼ੈਸਲਾ ਕੀਤਾ ਕਿ ਇੱਕ ਵਾਰ 'ਹਾਂ' ਕਰ ਦਿੰਦੇ ਹਾਂ। ਮਹੀਨੇ-ਦੋ ਮਹੀਨਿਆਂ ਬਾਅਦ ਕਿਸੇ ਬਹਾਨੇ ਉਠਾ ਦੇਵਾਂਗੇ। ਪਰ ਫਿਰ ਵੀ ਨੂੰਹ-ਪੁੱਤ ਦੀ ਸਲਾਹ ਧਿਆਨ ਵਿੱਚ ਰੱਖ ਕੇ ਕਿਰਾਏ 'ਤੇ ਥੱਲੜਾ ਪੋਰਸ਼ਨ ਹੀ ਦਿੱਤਾ ਗਿਆ। ਬਜ਼ੁਰਗ ਢਿੱਲੋਂ ਜੋੜਾ ਆਪ ਉਪਰਲੇ ਪੋਰਸ਼ਨ ਵਿੱਚ ਹੀ ਰਿਹਾ ਤਾਂ ਜੋ ਸਾਰੇ ਘਰ ਦੀ ਨਿਗਰਾਨੀ ਰਹਿ ਸਕੇ।

ਨਵਾਂ ਕਿਰਾਏਦਾਰ ਜਸਵੀਰ, ਉਸ ਦੀ ਘਰਵਾਲੀ ਅਤੇ ਇੱਕ ਬੱਚਾ। ਜਿਵੇਂ ਛੋਟਾ ਜਿਹਾ ਪਰਿਵਾਰ ਉਵੇਂ ਹੀ ਬਹੁਤ ਥੋੜ੍ਹੀਆਂ ਚੀਜ਼ਾਂ, ਇੱਕ ਡਬਲਬੈੱਡ, ਦੋ ਕੁਰਸੀਆਂ ਇੱਕ ਮੇਜ਼, ਇੱਕ ਅਲਮਾਰੀ, ਰਸੋਈ ਗੈਸ ਅਤੇ ਚਾਰ ਭਾਂਡੇ। ਰਾਤੀਂ ਦੋਵੇਂ ਜੀਅ ਉੱਪਰ ਆਏ। ਪੈਰੀਂ ਹੱਥ ਲਾ ਕੇ ਕਹਿਣ ਲੱਗੇ, "ਮਾਂ ਜੀ ! ਸ਼ਹਿਰ ਆਪਣਾ ਘਰ ਸੀ, ਕਦੇ ਕਿਰਾਏ 'ਤੇ ਰਹੇ ਨਹੀਂ। ਇਸ ਕਰਕੇ ਜੇ ਕਿਤੇ ਕੋਈ ਗ਼ਲ਼ਤੀ ਹੋ ਜੇ



"ਜੀ ਮੈਂ ਕਹਿੰਦੀ ਸੀ, ਹੁਣ ਤਾਂ ਛੇ ਮਹੀਨੇ ਬੀਤ ਗਏ। ਨਾਲੇ ਇਹ ਤਾਂ ਆਪਣੇ ਨਾਲ ਬਹੁਤੇ ਹੀ ਘੁਲਦੇ ਮਿਲਦੇ ਜਾਂਦੇ ਨੇ, ਕਿਸੇ ਦਾ ਕੀ ਭਰੋਸਾ ਕਿਤੇ ਛੋਟੇ ਵਾਲੀ ਗੱਲ ਵੀ ਨਾ ਆਪਣੇ ਨਾਲ ਹੋ ਜੇ। ਮੇਰੀ ਮੰਨੋ ਤਾਂ ਇਨ੍ਹਾਂ ਨੂੰ ਉਠਾ ਹੀ ਦਿਓ।" ਸ੍ਰੀਮਤੀ ਢਿੱਲੋਂ ਨੇ ਵਸੀ-ਵਸਾਈ ਦੁਨੀਆਂ ਇੱਕ ਵਾਰ ਫਿਰ ਉੱਜੜ ਜਾਣ ਦੇ ਡਰ ਨੂੰ ਮਨ ਵਿੱਚ ਦੱਬ ਕੇ ਹੌਸਲੇ ਜਿਹੇ ਨਾਲ ਆਪਣੇ ਪਤੀ ਨੂੰ ਕਹਿ ਹੀ ਦਿੱਤਾ। ਕਾਫ਼ੀ ਦੇਰ ਤੱਕ ਜਦੋਂ ਦੇਵ ਦਾ ਜੁਆਬ ਨਾ ਆਇਆ ਤਾਂ ਸ੍ਰੀਮਤੀ ਢਿੱਲੋਂ ਨੇ ਕਾਹਲੀ-ਕਾਹਲੀ ਸਾਰੀ ਗੱਲ ਫਿਰ ਇਉਂ ਦੁਹਰਾ ਦਿੱਤੀ ਜਿਵੇਂ ਉਸ ਨੂੰ ਡਰ ਹੋਵੇ ਕਿ ਇਸ ਤੋਂ ਬਾਅਦ ਉਸ ਤੋਂ ਇਹ ਸਾਰੀ ਗੱਲ ਕਹਿ ਹੋਣ ਤੋਂ ਪਹਿਲਾਂ ਉਸ ਦੇ ਨੈਣ ਛਲਕ ਜਾਣਗੇ ਅਤੇ ਮੋਹ-ਮਾਇਆ ਦੇ ਭਾਰ ਥੱਲੇ ਜ਼ੁਬਾਨ ਦੀ ਹਰਕਤ ਬੰਦ ਹੋ ਜਾਵੇਗੀ। ਪਰ ਹੁਣ ਵੀ ਕੋਈ ਜੁਆਬ ਨਾ ਮਿਲਿਆ। ਹੜਬੜਾ ਕੇ ਸ੍ਰੀਮਤੀ ਢਿੱਲੋਂ ਨੇ ਬੱਤੀ ਜਗਾਈ, ਹੱਥ ਥਾਏਂ ਰੁਕ ਗਏ। ਪਤੀ ਦੀ ਹਾਲਤ ਦੇਖ ਕੇ ਸਰੀਰ ਕੰਬ ਗਿਆ, ਇੱਕੋ ਸਾਹੇ ਚੀਕਾਂ ਮਾਰਦੀ ਸ੍ਰੀਮਤੀ ਢਿੱਲੋਂ ਥਾਏਂ ਸੁੰਨ ਹੋ ਗਈ।

ਚੀਕਾਂ ਸੁਣ ਕੇ ਦਗੜ-ਦਗੜ ਕਰਦੇ ਦੋਵੇਂ ਮੀਆਂ-ਬੀਵੀ ਪੌੜੀਆਂ ਚੜ੍ਹ ਆਏ। " ਤੁਸੀਂ ਘਬਰਾਓ ਨਾ ਮੈਂ ਆ ਗਿਆ ਮਾਂ ਜੀ," ਕਹਿੰਦੇ ਹੀ ਜਸਵੀਰ ਨੇ ਦੇਵ ਢਿੱਲੋਂ ਨੂੰ ਦੋਵੇਂ ਬਾਹਵਾਂ ਵਿੱਚ ਚੁੱਕ ਲਿਆ।

"ਪੁੱਤ ! ਛੇਤੀ ਇਨ੍ਹਾਂ ਨੂੰ ਹਸਪਤਾਲ ਲੈ ਚੱਲ ਐਸ ਵੇਲੇ ਤਾਂ ਕੋਈ ਰਿਕਸ਼ਾ ਵੀ ਨਈਂ ਮਿਲਣੀ ।" ਭੌਰ-ਭੌਰ ਖੜ੍ਹੀ ਸ੍ਰੀਮਤੀ ਢਿੱਲੋਂ ਬੇਵੱਸ ਜਿਹੀ ਜਸਵੀਰ ਵੱਲ ਝਾਕੀ ਜਾ ਰਹੀ ਸੀ।

"ਮਾਂ ਜੀ ! ਥੋਡੇ ਪੁੱਤ ਦੀਆਂ ਬਾਹਵਾਂ ਇੰਨੀਆਂ ਕਮਜ਼ੋਰ ਨਹੀਂ ਕਿ ਬਾਪ ਨੂੰ ਵੀ ਨਾ ਚੁੱਕ ਸਕਣ। ਭਾਪਾ ਜੀ ਨੂੰ ਮੇਰੇ ਜਿਉਂਦੇ-ਜੀਅ ਕੁਝ ਨਹੀਂ ਹੋ ਸਕਦਾ।" ਪੌੜੀਆਂ ਉਤਰਦਾ ਜਸਵੀਰ ਬੁੜਬੁੜਾ ਰਿਹਾ ਸੀ।

" ਹਾਰਟ ਅਟੈਕ ਐ ਜੀ। ਸਵਾ ਲੱਖ ਦੇ ਦੋ ਇੰਜੈਕਸ਼ਨ ਲੱਗਣਗੇ, ਗਰੰਟੀ ਕੋਈ ਨਹੀਂ ਕੁਝ ਵੀ ਹੋ ਸਕਦੈ।" ਜਸਵੀਰ ਦੀਆਂ ਬਾਹਾਂ ਵਿੱਚ ਹੀ ਦੇਵ ਢਿੱਲੋਂ ਦੀ ਨਬਜ਼ ਟੋਹ ਕੇ ਡਾਕਟਰ ਨੇ ਸਾਹਮਣੇ ਉਪਰੇਸ਼ਨ ਥਿਏਟਰ ਵੱਲ ਇਸ਼ਾਰਾ ਕਰ ਦਿੱਤਾ।

"ਮੈਂ ਸਵਾ ਦਾ ਢਾਈ ਦੇਵਾਂਗਾ ਡਾਕਟਰ ਸਾਹਬ। ਪਰ ਮੇਰੇ ਬਾਪ ਨੂੰ ।" ਕਹਿੰਦੇ ਹੀ ਜਸਵੀਰ ਦੀ ਧਾਹ ਨਿਕਲ ਗਈ।

"ਪਰ ਪੁੱਤ ! ਸਾਡੇ ਕੋਲ ਐਨੇ ਪੈਸੇ ।" ਅਲਫ਼ਾਜ਼ ਅਜੇ ਮੂੰਹ ਵਿੱਚ ਹੀ ਸਨ ਕਿ ਜਸਵੀਰ ਦੀ ਘਰਵਾਲੀ ਦੀਆਂ ਬਾਹਵਾਂ ਵਿੱਚ ਪਾਈਆਂ ਵੰਗਾਂ ਨੂੰ ਦੋਵੇਂ ਹੱਥਾਂ ਵਿੱਚ ਫੜੀ ਜਸਵੀਰ ਦਾ ਬੇਟਾ ਆਪਣੀ ਮਾਂ ਦੀ ਗੋਦੀ ਵਿੱਚੋਂ ਦਾਦੀ-ਦਾਦੀ ਕਰਦਾ ਸ੍ਰੀਮਤੀ ਢਿੱਲੋਂ ਵੱਲ ਉਲਰ ਪਿਆ।

# ਕੁਤਰੇ ਪਰ੍ਹਾਂ ਨਾਲ ਫੜਫੜਾਉਂਦੇ ਬੋਟ ਦੀਆਂ ਚਾਂਗਰਾਂ

**ਡਾ ਹਰਸ਼ਿੰਦਰ ਕੌਰ**

ਲੰਡਨ ਵਿਚ ਸਹਾਰਾ ਘਰਾਂ ਵਿਚਲੀਆਂ 77 ਨਾਬਾਲਗ ਬੱਚੀਆਂ ਦਾ ਉਨ੍ਹਾਂ ਦੇ ਦਾਦੇ ਤੋਂ ਵੀ ਵੱਡੀ ਉਮਰ ਦੇ ਪਾਕਿਸਤਾਨੀ ਬੰਦਿਆਂ ਅਤੇ ਇਕ ਅਫਗਾਨੀ ਵੱਲੋਂ ਕੀਤੇ ਗਏ ਜਬਰ-ਜਿਨਾਹ ਸਦਕਾ ਉਨ੍ਹਾਂ ਨੂੰ ਉਮਰ ਕੈਦ ਸੁਣਾਈ ਗਈ ਹੈ। ਸਹਿਮ ਅਤੇ ਡਰ ਹੇਠ ਲੰਘੀ ਉਨ੍ਹਾਂ ਦੀ ਨਰਕ ਤੋਂ ਬਦਤਰ ਜ਼ਿੰਦਗੀ ਬਾਰੇ ਸੁਣ ਕੇ ਜੱਜ ਵੀ ਇੰਨਾ ਪਸੀਜ ਗਿਆ ਕਿ ਸੇਜਲ ਅੱਖਾਂ ਨਾਲ ਉਸ ਨੂੰ ਦੱਬੇ ਮੂੰਹ ਕਹਿਣਾ ਪਿਆ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਤਾਂ ਨਾ ਜੰਮਣਾ ਹੀ ਬਿਹਤਰ ਹੈ।

ਸਾਡੇ ਸਹਾਰਾ ਘਰਾਂ ਦੀਆਂ ਨਿੱਕੀਆਂ-ਨਿੱਕੀਆਂ ਪਿੰਜਰੇ ਵਿਚ ਬੰਦ ਘੁੱਗੀਆਂ ਨੂੰ ਝਪਟਦੇ ਜਨੌਰਾਂ ਦਾ ਜ਼ਿਕਰ ਕਰਨ ਨੂੰ ਕੁਝ ਬਚਿਆ ਹੀ ਨਹੀਂ। ਅਖ਼ਬਾਰਾਂ ਬਥੇਰਾ ਰੌਲਾ ਪਾ ਚੁੱਕੀਆਂ ਹਨ। ਨੌਸ਼ਹਿਰਾ ਪੰਨੂਆਂ ਵਿਖੇ ਸੋਲ੍ਹਾਂ ਸਾਲਾਂ ਦੀ ਅੱਲੜ੍ਹ ਕੁੜੀ ਨਾਲ ਨੌਂ ਮੁੰਡਿਆਂ ਨੇ ਅੱਠ ਘੰਟੇ ਲਗਾਤਾਰ ਵਾਰੀ-ਵਾਰੀ ਮੂੰਹ ਕਾਲਾ ਕੀਤਾ। ਲੁਧਿਆਣੇ ਵਿਚ ਲਾਜਪਤ ਨਗਰ ਵਿਚ ਨੌਂ ਸਾਲ ਦੀ ਬਾਲੜੀ ਨੂੰ ਸਮੂਹਿਕ ਬਲਾਤਕਾਰ ਕਰਕੇ ਮਾਰ ਦਿੱਤਾ ਗਿਆ। ਫਗਵਾੜੇ ਵਿਚ 93 ਸਾਲ ਦੇ ਬਜ਼ੁਰਗ ਨੇ ਨੌਜਵਾਨ ਔਰਤ ਨੂੰ ਆਪਣੀ ਰਾਖ਼ਸ਼ ਬਿਰਤੀ ਨਾਲ ਪਾੜ ਘੱਤਿਆ। ਅਲਾਵਲਪੁਰ ਵਿਚ ਤਾਂ ਇਕ ਬੱਚੀ ਦਾ ਜਬਰ-ਜਿਨਾਹ ਕਰਨ ਤੋਂ ਬਾਅਦ ਦੋਸ਼ੀ ਵਿਦੇਸ਼ ਹੀ ਭੱਜ ਗਿਆ। ਲੁਧਿਆਣੇ ਦੇ ਸਰਕਾਰੀ ਕਾਲਜ ਦੇ ਇਨਾਮ ਜੇਤੂ ਨਾਮਵਰ ਉਰਦੂ ਸ਼ਾਇਰ ਸ਼ਰਾਬ ਦੇ ਨਸ਼ੇ ਵਿਚ ਧੁੱਤ ਤਿੰਨ ਸਾਲਾ ਬੱਚੀ ਨਾਲ ਅਸ਼ਲੀਲ ਹਰਕਤਾਂ ਕਰਦੇ ਫੜੇ ਗਏ। ਇਹ ਅਤੇ ਅਜਿਹੀਆਂ ਅਨੇਕ ਖ਼ਬਰਾਂ ਹੁਣ ਇੰਨੀਆਂ ਆਮ ਹੋ ਗਈਆਂ ਹਨ ਕਿ ਇਸ ਬਾਰੇ ਕੋਈ ਆਪਣੀ ਜ਼ਿੰਦਗੀ ਵਿੱਚੋਂ ਪੰਜ ਮਿੰਟ ਵੀ ਸੋਚਣ ਲਈ ਜਾਇਆ ਨਹੀਂ ਕਰਦਾ। ਹਰ ਪੰਜ ਮਿੰਟ ਵਿਚ ਇਕ ਔਰਤ ਦਾ ਮਧੋਲੇ ਜਾਣਾ, ਹਰ ਦਸਾਂ ਵਿਚੋਂ 7 ਔਰਤਾਂ ਦਾ ਘਰੇਲੂ ਹਿੰਸਾ ਸਹਿਣਾ, ਹਰ ਸਾਲ ਦੀਆਂ 5000 ਤੋਂ ਵੱਧ ਔਰਤਾਂ ਦਾ ਦਾਜ ਖ਼ਾਤਰ ਸਾੜ ਦਿੱਤੇ ਜਾਣਾ, ਮੰਦਬੁੱਧੀ ਨਾਬਾਲਗ ਕੋਮਲ ਫੁੱਲਾਂ ਵਰਗੀਆਂ ਬੱਚੀਆਂ ਨੂੰ ਗਰਭਵਤੀ ਬਣਾ ਦੇਣਾ, ਤੇਜ਼ਾਬ ਨਾਲ ਸਾੜ ਕੇ ਨੌਜਵਾਨ ਬੱਚੀਆਂ ਨੂੰ ਅਪੰਗ ਬਣਾ ਦੇਣ ਵਿਚ ਤਿੰਨ ਗੁਣਾ ਵਾਧਾ ਹੋਣਾ, ਕੀ ਕਿਸੇ ਨੂੰ ਝੰਜੋੜ ਰਿਹਾ ਹੈ ?

6 ਮਹੀਨੇ ਦੀ ਬੱਚੀ ਦਾ ਬਲਾਤਕਾਰ ਆਗਰੇ ਵਿਚ ਇਕ ਮਜ਼ਦੂਰ ਨੇ ਕੀਤਾ ਤੇ ਫੇਰ ਉਸ ਨੂੰ ਮਾਰ ਵੀ ਘੱਤਿਆ। ਚਾਰ ਸਾਲ ਦੀ ਬੱਚੀ ਦਾ ਗੋਆ ਵਿਚ ਇਕ ਮਜ਼ਦੂਰ ਨੇ ਜਬਰ-ਜਿਨਾਹ ਕਰਕੇ ਕਤਲ ਕਰ ਦਿੱਤਾ। ਇਨ੍ਹਾਂ ਦੋਨਾਂ ਕੇਸਾਂ ਵਿਚ ਪੁਲਿਸ ਨੇ ਕੇਸ ਦਰਜ ਨਹੀਂ ਕੀਤਾ। ਯਾਨੀ ਹੁਣ ਹਾਲਤ ਇਹ ਹੈ ਕਿ ਕੇਸ ਦਰਜ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ, ਕਿਉਂਕਿ ਇਹ ਗਿਣਤੀ ਇੰਨੀ ਵਧ ਚੁੱਕੀ ਹੈ ਤੇ ਗੱਲ ਇੰਨੀ ਕੁ ਆਮ ਸਮਝੀ ਜਾਂਦੀ ਹੈ ਕਿ ਹੁਣ ਇਸ ਦੀ ਕੋਈ ਅਹਿਮੀਅਤ ਹੀ ਨਹੀਂ ਰਹੀ। ਨਿੱਘਰੀ ਹੋਈ ਸੋਚ ਬਾਰੇ ਹੋਰ ਸੁਣੋ। ਮਨਾਲੀ ਜਾਂਦੇ ਹੋਏ ਰਸਤੇ ਵਿਚ ਇਕ ਢਾਬੇ ਉੱਤੇ ਅਸੀਂ ਰਾਤ ਦੀ ਰੋਟੀ ਖਾਣ ਲਈ ਰੁਕੇ ਤਾਂ ਸਾਡੇ ਨਾਲ ਵਾਲੀ ਮੇਜ਼ ਉੱਤੇ ਹਨ੍ਹੇਰੇ ਜਿਹੇ ਵਿਚ ਚਾਰ ਬੰਦੇ ਸ਼ਰਾਬੀ ਹੋਏ ਰੋਟੀ ਖਾ ਰਹੇ ਸਨ। ਉਹ ਇੰਨੀਆਂ ਗੰਦੀਆਂ ਮਾਂ-ਭੈਣ ਦੀਆਂ ਗਾਲ੍ਹਾਂ ਕੱਢ ਰਹੇ ਸਨ ਕਿ ਰੋਟੀ ਖਾਣੀ ਔਖੀ ਹੋਈ ਪਈ ਸੀ। ਅਸੀਂ ਮੇਜ਼ ਬਦਲ ਕੇ ਪਰਲੇ ਕੋਨੇ ਉੱਤੇ ਬਹਿ ਗਏ। ਕੁਝ ਕੁ ਪਲਾਂ ਵਿਚ ਤਿੰਨ ਵੱਡੀਆਂ ਕਾਰਾਂ ਉੱਥੇ ਆ ਕੇ ਰੁਕੀਆਂ। ਉਨ੍ਹਾਂ ਵਿਚ ਸਿਰਫ਼ ਡਰਾਈਵਰ ਹੀ ਸਨ। ਤਿੰਨੋ ਉਤਰ ਕੇ ਸਾਡੇ ਨਾਲ ਵਾਲੀ ਮੇਜ਼ ਉੱਤੇ ਬਹਿ ਗਏ। ਦੋ ਉਨ੍ਹਾਂ ਵਿੱਚੋਂ ਪੰਜਾਬੀ ਸਨ ਤੇ ਇਕ ਬਿਹਾਰੀ ਜਾਪਦਾ ਸੀ। ਤਿੰਨੋ ਆਪੋ-ਆਪਣੇ ਅਮੀਰ ਮਾਲਕਾਂ ਬਾਰੇ ਗੱਲਾਂ ਕਰਨ ਲੱਗ ਪਏ। ਇਕ ਸੁਣਾਉਣ ਲੱਗ ਪਿਆ, ??ਯਾਰ ਮੇਰੇ ਮਾਲਕ ਦਾ ਕਾਕਾ ਤਾਂ ਬਾਹਲਾ ਈ ਸ਼ੌਕੀਨ ਐ। ਮੇਰੇ ਮਾਲਕ ਦੀ ਬਹੁਤ ਉੱਪਰ ਤੱਕ ਪਹੁੰਚ ਐ। ਬਸ ਪੁੱਛ ਨਾ ਕੀ ਰੰਗ-ਰਲੀਆਂ ਮਨਾਉਂਦੈ। ਆਪਣੀ ਵੀ ਬਥੇਰੀ ਮੌਜ ਹੋ ਜਾਂਦੀ ਐ ਕਾਕਾ ਜੀ ਨਾਲ।"

? ਦੱਸ ਤਾਂ ਸਹੀ ਕੀ ਕੁੱਝ ਝੂੰਗੇ 'ਚ ਮਿਲ ਜਾਂਦੈ", ਦੂਜੇ ਨੇ ਪੁੱਛਣ ਦੀ ਕੋਸ਼ਿਸ਼ ਕੀਤੀ ?

? ਬਸ ਸਾਰਾ ਕੁੱਝ ਈ ਸਮਝ ਲੈ", ਪਹਿਲਾ ਖਚਰੀ ਜਿਹੀ ਹਾਸੀ ਹੱਸ ਕੇ ਬੋਲਿਆ, ??ਪਰ ਜਿੰਨਾ ਸੁਆਦ ਦੋ ਸਾਲ ਪਹਿਲਾਂ ਆਇਆ ਸੀ ਨਾ, ਸੱਚੀਂ ਯਾਰ ਓਨਾ ਫੇਰ ਨੀਂ ਆਇਆ। ਅੱਜ ਵੀ ਸੋਚ ਕੇ ਮੂੰਹ ਸੁਆਦ-ਸੁਆਦ ਹੋ ਜਾਂਦੈ।"

? ਕਿਹੜਾ ਖਜ਼ਾਨਾ ਮਿਲ ਗਿਆ ਸੀ", ਦੂਜੇ ਨੇ ਫੇਰ ਪੁੱਛਿਆ ?

? ਕੀ ਦੱਸਾਂ ਯਾਰ ! ਸੋਚ ਕੇ ਵੀ ਸਰੀਰ ਮੱਚਣ ਲੱਗ ਪੈਂਦੈ", ਉਹ ਥੋੜ੍ਹਾ ਹੌਲੀ ਜਿਹੀ ਸੁਰ ਕਰਕੇ ਬੋਲਿਆ, ??ਕਾਕਾ ਜੀ ਸ਼ਿਮਲੇ ਦੋਸਤਾਂ ਨਾਲ ਘੁੰਮਣ ਗਏ ਸੀ। ਉੱਥੇ ਇਕ ਸਕੂਲ ਦੀ ਕੁੜੀ ਪਟਾ ਲਈ। ਆਈਸਕ੍ਰੀਮ ਖੁਆ, ਸੌਗਾਤਾਂ ਦੁਆ ਉਸ ਕੁੜੀ ਨੂੰ ਘਰ ਛੱਡਣ ਲਈ ਮਨਾ ਲਿਆ। ਬਸ ਫੇਰ ਕਾਰ 'ਚ ਬਿਠਾ ਕੇ ਕੋਕ 'ਚ ਕੁਝ ਰਲਾ 'ਤਾ। ਰਾਹ 'ਚ ਪਾਸੇ ਕਾਰ ਰੋਕ ਪੰਜਾਂ ਦੋਸਤਾਂ ਨੇ ਉਸ ਨੂੰ ਚੰਗਾ ਰਗੜਾ ਚਾੜ੍ਹਿਆ। ਬਸ ਪਟੋਲੇ ਨੂੰ ਬੁਰੀ ਤਰ੍ਹਾਂ ਚੀਰ 'ਤਾ। ਮੇਰੇ ਜ਼ਿੰਮੇ ਉਹਨੂੰ ਵਾਪਸ ਛੱਡਣ ਦੀ ਡਿਊਟੀ ਸੀ। ਜਦ ਕੋਲ ਗਿਆ ਤਾਂ ਹਾਏ ਬਸ ਪੁੱਛ ਨਾ ਕਿਵੇਂ ਬਿਨਾਂ ਪਰ ਦੇ ਫੜਫੜਾਉਂਦਾ ਬੋਟ ਸੀ ਉਹ! ਲਹੂ-ਲੁਹਾਨ ਸੀ। ਪਰ ਜਿੰਨਾ ਮਜ਼ਾ ਉਸ ਵੇਲੇ ਉਸ ਜੂਠਨ ਨੂੰ ਚੱਟਣ 'ਚ ਆਇਆ ਉਹ ਹਾਲੇ ਤੱਕ ਨੀਂ ਆਇਆ।"

ਉਸ ਢਾਬੇ ਉੱਤੇ ਉਸ ਵੇਲੇ ਸਾਰੇ ਹੀ ਟਰੱਕਾਂ ਜਾਂ ਕਾਰਾਂ ਦੇ ਡਰਾਈਵਰ ਹੀ ਬੈਠੇ ਸਨ ਤੇ ਸਾਰੇ ਹੀ ਸ਼ਰਾਬ ਦੇ ਅਸਰ ਹੇਠ ਸਨ। ਸਿਰਫ਼ ਮੈਂ, ਮੇਰੇ ਪਤੀ ਤੇ ਮੇਰੀ ਗੋਦ ਵਿਚ ਮੇਰੀ ਡੇਢ ਸਾਲ ਦੀ ਛੋਟੀ ਬੱਚੀ ਸੁਖਮਨੀ ਹੀ ਉਨ੍ਹਾਂ ਵਿੱਚੋਂ ਅਲੱਗ ਸਾਂ। ਇਹ ਦੱਸਣ ਦੀ ਲੋੜ ਨਹੀਂ ਕਿ ਸਾਡਾ ਦਿਲ ਇਹ ਸੁਣ ਕੇ ਕਿੰਨਾ ਛਲਣੀ ਹੋਇਆ ਸੀ। ਸਾਡੇ ਵੱਲੋਂ ਕੀਤਾ ਬੋਲ-ਬੁਲਾਰਾ ਜਾਂ ਉਨ੍ਹਾਂ ਦਾ ਰਵੱਈਆ ਕਿਹੋ ਜਿਹਾ ਰਿਹਾ, ਇਸ ਬਾਰੇ ਵੀ ਦੱਸਣਾ ਫਜ਼ੂਲ ਹੈ।

ਮੈਂ ਤਾਂ ਸਿਰਫ ਇਹ ਪੁੱਛਣ ਦੀ ਹਿਮਾਕਤ ਕਰ ਰਹੀ ਹਾਂ ਕਿ ਕੋਈ ਕਾਨੂੰਨ ਬਘਿਆੜਾਂ, ਹਲਕੇ ਕੁੱਤਿਆਂ, ਬਿੱਛੂਆਂ ਜਾਂ ਫਨੀਅਰ ਸੱਪਾਂ ਲਈ ਵੀ ਬਣਾਇਆ ਗਿਆ ਹੈ, ਜੋ ਮਗਰੂਰ, ਕਾਮ ਦੇ ਨਸ਼ੇ ਵਿਚ ਅੰਨ੍ਹੇ, ਗਿਰਝਾਂ ਵਾਂਗ ਝਪੱਟਾ ਮਾਰਨ ਨੂੰ ਤਿਆਰ ਹਰ ਕੋਨੇ ਵਿਚ ਖੜ੍ਹੇ ਮਿਲਦੇ ਹਨ ਕਿ ਕਿਤੇ ਕੋਈ ਨਵਜੰਮੀ ਬੱਚੀ ਹੀ ਭਾਵੇਂ ਮਿਲ ਜਾਏ ਤੇ ਭਾਵੇਂ 90 ਸਾਲ ਦੀ ਮਾਂ, ਕੋਈ ਵੀ ਔਰਤ ਜਾਤ ਵਰਗੀ ?ਚੀਜ਼' ਨੋਚੇ ਬਗ਼ੈਰ ਨਹੀਂ ਛੱਡੀ ਜਾਵੇਗੀ ? ਲਾਹਨਤ ਇਹ ਹੈ ਕਿ ਨੋਚ ਕੇ, ਲਹੂ ਨਿਚੋੜ ਕੇ, ਚੂੰਡ ਕੇ, ਬਾਕੀ ਬਚੇ ਹੱਡ-ਮਾਸ ਨੂੰ ਵੀ ਅੱਗੋਂ ਵੇਚ ਕੇ, ਉਸ ਤੋਂ ਕਮਾਈ ਕਰਨ ਵਿਚ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ। ਧਰਮ ਦੇ ਅਖੌਤੀ ਪਹਿਰੇਦਾਰ ਵੀ ਇਸ ਕੁਕਰਮ ਵਿਚ ਰਚ-ਮਿਚ ਜਾਣ ਤੋਂ ਬਚ ਨਹੀਂ ਸਕੇ ਤੇ ਨਾ ਹੀ ਕਾਨੂੰਨ ਦੇ ਰਾਖੇ !

ਹੁਣ ਤਾਂ ਖ਼ਬਰਾਂ ਇਹ ਵੀ ਨਸ਼ਰ ਹੋ ਰਹੀਆਂ ਹਨ ਕਿ ਪਿਓ ਹੀ ਧੀਆਂ ਨੂੰ ਦੇਹ ਵਪਾਰ ਵਿਚ ਧੱਕਣ ਤੋਂ ਪਹਿਲਾਂ ਆਪ ਉਸਦੇ ਸਰੀਰ ਨੂੰ ਵਰਤੇ ਬਗ਼ੈਰ ਨਹੀਂ ਰਹਿ ਰਹੇ। ਇਸ ਤਰ੍ਹਾਂ ਦੇ ਖ਼ੂੰਖਾਰ ਜਾਨਵਰਾਂ ਨੂੰ ਨਕੇਲ ਪਾਉਣ ਲਈ ਕੀ ਸਾਰੇ ਹੀ ਬੇਵੱਸ ਤੇ ਮਜਬੂਰ ਹੋ ਚੁੱਕੇ ਹਨ ? ਇਹੀ ਰਾਖਸ਼ ਹੀ ਨਿੱਕੀਆਂ ਬਾਲੜੀਆਂ ਦੀਆਂ ਲੋਥਾਂ ਨੂੰ ਕੁੱਤਿਆਂ ਵੱਲੋਂ ਪੜਵਾਉਣ ਉੱਤੇ ਮਜਬੂਰ ਕਰ ਰਹੇ ਹਨ, ਕਿਉਂਕਿ ਮਾਪੇ ਅਜਿਹੀ ਕਰੂਰਤਾ ਨਾਲੋਂ ਕੁੜੀ ਨਾ ਜੰਮਣ ਨੂੰ ਹੀ ਪਹਿਲ ਦੇਣ ਲੱਗ ਪਏ ਹਨ।

ਕੁੜੀ ਜੰਮਣ ਵਾਸਤੇ ਸਖ਼ਤ ਕਾਨੂੰਨ ਬਣਾਉਣ ਵਾਲਿਓ, ਸਿਰਫ ਕੁੜੀ ਜੰਮਣ ਨਾਲ ਬਾਕੀ ਸਾਰੇ ਫ਼ਰਜ਼ਾਂ ਤੋਂ ਕਿਵੇਂ ਸੁਰਖ਼ਰੂ ਹੋ ਜਾਓਗੇ ? ਰਾਖੀ ਕਰਨ ਵੇਲੇ ਜੇ ਵਾੜ ਹੀ ਖੇਤ ਨੂੰ ਖਾਂਦੀ ਰਹੇਗੀ ਤਾਂ ਯਕੀਨ ਜਾਣਿਓ ਗ਼ੈਰਤਮੰਦ ਮਾਪਿਆਂ ਕੋਲ ਕੁੱਖਾਂ ਵਿਚ ਧੀਆਂ ਮਾਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਬਚਣ ਲੱਗਿਆ। ਦੱਸੋ ਤਾਂ ਸਹੀ, ਕਿੰਨੀਆਂ ਹੋਰ ਧੀਆਂ ਦੀ ਬਲੀ ਦੀ ਲੋੜ ਬਾਕੀ ਹੈ ਤੇ ਫੇਰ ਹੀ ਨਰਕੀ ਕਾਰਾ ਕਰਨ ਵਾਲਿਆਂ ਨੂੰ ਨਕੇਲ ਚਾੜ੍ਹੀ ਜਾਵੇਗੀ ? ਆਵਾਜ਼ ਤਾਂ ਚੁੱਕੋ ! ਹੁਣ ਤਾਂ ਵਿਸ਼ਵ ਪੱਧਰ ਉੱਤੇ ਵੀ ਭਾਰਤ ਦੇਸ਼ ਔਰਤਾਂ ਵਾਸਤੇ ਦੁਨੀਆ ਭਰ ਵਿੱਚੋਂ ਸਭ ਤੋਂ ਖ਼ਤਰਨਾਕ ਦੇਸ਼ ਕਹਾਇਆ ਜਾਣ ਲੱਗ ਪਿਆ ਹੈ।

ਰਿਕਾਰਡ ਆਪ ਮੂੰਹੋਂ ਬੋਲਦਾ ਹੈ ਕਿ ਹਰ ਸਾਲ ਭਾਰਤ ਵਰਸ਼ ਵਿਚ 80,000 ਨਾਬਾਲਗ ਬੱਚੀਆਂ ਨਾਲ ਜਿਸਮਾਨੀ ਵਧੀਕੀਆਂ ਹੋ ਰਹੀਆਂ ਹਨ, ਜਿਨ੍ਹਾਂ ਦੀ ਰਿਪੋਰਟ ਦਰਜ ਹੋ ਰਹੀ ਹੈ।

ਅਫਸੋਸ ਦੀ ਗੱਲ ਇਹ ਹੈ ਕਿ ਇਹ ਗਿਣਤੀ ਸਿਰਫ ਇਕ ਚੌਥਾਈ ਹੈ। ਬਾਕੀ ਦੀਆਂ ਤਿੰਨ ਚੌਥਾਈ ਬਿਨਾਂ ਰਿਪੋਰਟ ਦਰਜ ਕਰਵਾਏ ਪੀਸੀਆਂ ਜਾ ਰਹੀਆਂ ਹਨ। ਅੱਜ ਚਿੱਤ ਕਰਦੈ ਕਿ ਜੇ ਕੋਈ ਹੋਰ ਆਵਾਜ਼ ਨਹੀਂ ਚੁੱਕਦਾ ਤਾਂ ਕਾਸ਼ ਮੇਰੇ ਕਾਗਜ਼ਾਂ ਉੱਤੇ ਉਕਰੇ ਹਰਫ਼ ਹੀ ਡੂੰਘਾ ਫੱਟ ਪਾ ਦੇਣ !

# ਜ਼ਿੰਦਗੀ ਤੇ ਸੰਘਰਸ਼

**ਸਰੂਪ ਸਿੰਘ**

ਜ਼ਿੰਦਗੀ ਇੱਕ ਸੰਘਰਸ਼ ਹੈ ਤੇ ਸੰਘਰਸ਼ ਹੀ ਜ਼ਿੰਦਗੀ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਸਦਕਾ ਹੀ ਧਰਤੀ ਉੱਪਰ ਜ਼ਿੰਦਗੀ ਆਪਣਾ ਵਜੂਦ ਕਾਇਮ ਰੱਖ ਸਕੀ ਤੇ ਵਿਕਾਸ ਕਰ ਸਕੀ ਹੈ। ਜ਼ਿੰਦਗੀ ਤੇ ਸੰਘਰਸ਼ ਇੱਕ-ਦੂਜੇ ਨਾਲ ਅਨਿੱਖੜਵੇਂ ਹਨ ਤੇ ਇੱਕ ਜਾਨ ਹਨ। ਜੇਕਰ ਉਨ੍ਹਾਂ ਨੂੰ ਇੱਕ ਦੂਜੇ ਤੋਂ ਕਿਸੇ ਤਰੀਕੇ ਨਾਲ ਅਲੱਗ ਕਰ ਦਿੱਤਾ ਜਾਵੇ ਤਾਂ ਸਭ ਕੁਝ ਸਿਫ਼ਰ ਹੋ ਜਾਵੇਗਾ ਭਾਵ ਕੁਝ ਵੀ ਬਾਕੀ ਨਹੀਂ ਰਹੇਗਾ। ਹਰ ਜੀਵ ਜਾਣੇ-ਅਣਜਾਣੇ ਸੰਘਰਸ਼ ਕਰਦਾ ਹੋਇਆ ਹੀ ਜੀਵਤ ਰਹਿ ਸਕਿਆ ਹੈ। ਹਰ ਵਿਅਕਤੀ ਨੂੰ ਹਮੇਸ਼ਾ ਅਣਸੁਖਾਵੇਂ ਹਾਲਾਤ ਨਾਲ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਸਿੱਟਾ ਹਾਰ ਹੋਵੇ ਭਾਵੇਂ ਜਿੱਤ। ਜੋ ਸਿਰਫ਼ ਜਿੱਤ ਲਈ ਹੀ ਸੰਘਰਸ਼ ਕਰਦੇ ਹਨ, ਉਹ ਹਾਰ ਦੀ ਹਾਲਤ ਵਿੱਚ ਸੰਘਰਸ਼ ਤਿਆਗ ਦਿੰਦੇ ਹਨ ਤੇ ਘਰ ਬੈਠ ਜਾਂਦੇ ਹਨ। ਹਾਰ ਦੀ ਹਾਲਤ ਵਿੱਚ ਤਾਂ ਸੰਘਰਸ਼ ਨੂੰ ਤਿੱਖਾ ਕਰਨਾ ਲੋੜੀਂਦਾ ਹੈ। ਹਾਰਾਂ, ਜਿੱਤਾਂ ਨੂੰ ਜ਼ਿੰਦਗੀ ਦੀ ਬੁਨਿਆਦ ਮੰਨਣਾ ਚਾਹੀਦਾ ਹੈ। ਹਾਰਾਂ ਸਾਨੂੰ ਜਿੱਤਾਂ ਦਾ ਰਾਹ ਦੱਸਦੀਆਂ ਹਨ। ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਮਿਸ਼ਰਣ ਹੈ। ਜੇਕਰ ਸੁੱਖ ਹੀ ਸੁੱਖ ਹੋਣ ਤਾਂ ਜ਼ਿੰਦਗੀ ਬੇਸੁਆਦ ਹੋ ਜਾਵੇਗੀ।

ਦੁੱਖ ਜ਼ਿੰਦਗੀ ਵਿੱਚ ਰੰਗ-ਬਰੰਗੇ, ਕੌੜੇ ਤੇ ਮਿੱਠੇ ਸੁਆਦ ਭਰਦੇ ਹਨ। ਦੁੱਖਾਂ ਨਾਲ ਹੀ ਸੁੱਖਾਂ ਦੀ ਕਦਰ ਹੈ ਪਰ ਸੰਘਰਸ਼ ਸਦਕਾ ਸਾਰੇ ਦੁੱਖਾਂ ਦੇ ਕੌੜੇ ਸੁਆਦਾਂ ਨੂੰ ਮਿੱਠਿਆਂ ਤੇ ਮਨਭਾਉਂਦੇ ਸੁਆਦਾਂ ਵਿੱਚ ਬਦਲਿਆ ਜਾ ਸਕਦਾ ਹੈ। ਦੁੱਖਾਂ ਦੇ ਖ਼ਿਲਾਫ਼ ਸੰਘਰਸ਼ ਸਾਨੂੰ ਜ਼ਿੰਦਗੀ ਜੀਣ ਦੀ ਜਾਚ ਸਿਖਾਉਂਦਾ ਹੈ। ਅਣਸੁਖਾਵੇਂ ਹਾਲਾਤਾਂ ਨਾਲ ਸੰਘਰਸ਼ ਕਰਨ ਦੀ ਥਾਂ ਦੁੱਖਾਂ ਤੇ ਤਕਲੀਫ਼ਾਂ ਤੋਂ ਘਬਰਾ ਕੇ ਸੰਘਰਸ਼ ਨੂੰ ਅਲਵਿਦਾ ਕਹਿਣਾ ਜਾਂ ਇਨ੍ਹਾਂ ਨਾਲ ਸਮਝੌਤਾ ਕਰ ਲੈਣਾ ਬੁਜ਼ਦਿਲੀ ਹੈ।

ਸੰਘਰਸ਼ ਸਦਕਾ ਜਥੇਬੰਦੀਆਂ ਦੇ ਕਿਰਤੀ, ਕਿਸਾਨ, ਮੁਲਾਜ਼ਮ, ਨੌਜਵਾਨ ਤੇ ਵਿਦਿਆਰਥੀ ਆਪਣੀਆਂ ਮੰਗਾਂ, ਤਨਖ਼ਾਹ, ਭੱਤੇ ਤੇ ਹੋਰ ਸਾਰੀਆਂ ਸਹੂਲਤਾਂ ਹਾਸਲ ਕਰ ਸਕਦੇ ਹਨ। ਬਿਨਾਂ ਸੰਘਰਸ਼ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ। ਇਸ ਲਈ ਸੰਘਰਸ਼ ਨਾਲ ਹਰ ਚੀਜ਼ ਹਾਸਲ ਕੀਤੀ ਜਾ ਸਕਦੀ ਹੈ, ਹਰ ਕੰਮ ਕੀਤਾ ਜਾ ਸਕਦਾ ਹੈ, ਹਰ ਅਣਹੋਣੀ ਨੂੰ ਹੋਣੀ ਬਣਾਇਆ ਜਾ ਸਕਦਾ ਹੈ ਪਰ ਸਿਦਕ ਨਾਲ ਤੇ ਡਟ ਕੇ ਸੰਘਰਸ਼ ਕਰਨ ਦੀ ਲੋੜ ਹੈ। ਸੰਘਰਸ਼ ਕਰਦਿਆਂ ਛੋਟੀਆਂ-ਛੋਟੀਆਂ ਲੜਾਈਆਂ ਲੜਨੀਆਂ ਪੈਂਦੀਆਂ ਹਨ। ਉਨ੍ਹਾਂ ਵਿੱਚੋਂ ਕੁਝ 'ਚ ਹਾਰਾਂ ਤੇ ਕੁਝ 'ਚ ਜਿੱਤਾਂ ਹਾਸਲ ਹੁੰਦੀਆਂ ਹਨ। ਹਾਰਾਂ ਤੋਂ ਸਿੱਖ ਕੇ ਜਿੱਤਾਂ ਦੀ ਬੁਨਿਆਦ ਬਣਦੀ ਹੈ। ਸੰਘਰਸ਼ ਕਰਦੇ ਹੋਏ ਹਾਰ ਜਾਣਾ ਬੁਰਾ ਨਹੀਂ ਪਰ ਹਾਰ ਮੰਨ ਲੈਣਾ ਬੁਰਾ ਹੈ। ਜਿਸ ਵਿਅਕਤੀ ਜਾਂ ਜਥੇਬੰਦੀ ਦੀ ਸੰਘਰਸ਼ਾਂ 'ਤੇ ਟੇਕ ਹੈ, ਉਸ ਲਈ ਕੁਝ ਵੀ ਨਾਮੁਮਕਿਨ ਨਹੀਂ। ਸੰਘਰਸ਼ ਕਰਨਾ ਜ਼ਿੰਦਗੀ ਦਾ ਧਰਮ ਹੈ। ਇਸ ਤੋਂ ਬਿਨਾਂ ਜ਼ਿੰਦਗੀ ਦਾ ਸਫ਼ਰ ਅੱਗੇ ਨਹੀਂ ਤੁਰਦਾ। ਸੰਘਰਸ਼ ਦੀ ਮਸ਼ਾਲ ਨਾਲ ਜੱਗ ਰੌਸ਼ਨ ਹੋ ਸਕਦਾ ਹੈ। ਸੰਘਰਸ਼ ਤੋਂ ਟਾਲਾ ਵੱਟਣਾ ਗੁਲਾਮੀ ਨੂੰ ਸੱਦਾ ਦੇਣਾ ਹੈ। ਹਾਰਾਂ ਦਾ ਰਾਹ ਹੀ ਜਿੱਤਾਂ ਵਿੱਚ ਖ਼ਤਮ ਹੁੰਦਾ ਹੈ। ਸੰਘਰਸ਼ ਬੰਦਗੀ ਵੀ ਹੈ। ਸੰਘਰਸ਼ 'ਤੇ ਟੇਕ ਰੱਖਣ ਵਾਲੇ ਵਿਅਕਤੀ ਦੇ ਜੀਵਨ ਵਿੱਚ ਆਉਂਦਾ ਸੰਘਰਸ਼ ਦਾ ਹਰ ਪਲ ਬੰਦਗੀ ਬਣ ਜਾਂਦਾ ਹੈ।

## ਤੇ ਹਵਾ ਜਿੱਤ ਗਈ/ ਬਾਲ ਕਹਾਣੀ

ਤੁਰੇ ਜਾਂਦੇ ਰਾਹੀ ਨੂੰ ਦੇਖ ਕੇ ਇਸ ਵਾਰ ਫੇਰ ਹਵਾ ਅਤੇ ਸੂਰਜ ਵਿਚਕਾਰ ਆਪਸ 'ਚ ਬਹਿਸ ਹੋ ਗਈ। ਮੈਂ ਇਸ ਮੁਸਾਫ਼ਰ ਦਾ ਕੋਟ ਉਤਾਰ ਸਕਦੀ ਹਾਂ, ਹਵਾ ਬੋਲੀ। ਨਹੀਂ, ਮੈਂ ਇਸ ਦਾ ਕੋਟ ਉਤਾਰ ਸਕਦਾਂ, ਨਾਲੇ ਤੈਨੂੰ ਚੰਗੀ ਤਰ੍ਹਾਂ ਪਤੈ, ਪਿਛਲੀ ਵਾਰ ਤੇਰੀ ਦਾਦੀ, ਮੇਰੇ ਦਾਦਾ ਜੀ ਤੋਂ ਹਾਰ ਗਈ ਸੀ, ਸੂਰਜ ਥੋੜ੍ਹਾ ਜਿਹਾ ਆਕੜ ਕੇ ਬੋਲਿਆ।

ਲੱਗੀ ਫੇਰ ਸ਼ਰਤ ? ਹਵਾ ਮਾਣ ਜਿਹੇ 'ਚ ਬੋਲੀ।

ਸੂਰਜ ਅਤੇ ਹਵਾ ਵਿਚਕਾਰ ਫੇਰ ਸ਼ਰਤ ਲੱਗ ਗਈ ਅਤੇ ਫ਼ੈਸਲਾ ਉਸੇ ਮੁਸਾਫ਼ਰ 'ਤੇ ਛੱਡ ਦਿੱਤਾ ਗਿਆ, ਜੋ ਉਹ ਕਹੇਗਾ ਉਹੀ ਸਹੀ ਮੰਨਿਆ ਜਾਵੇਗਾ।

ਇਸ ਲਈ ਪਹਿਲਾਂ ਸੂਰਜ ਨੇ ਚਮਕਣਾ ਸ਼ੁਰੂ ਕੀਤਾ। ਉਹ ਪਹਿਲਾਂ ਥੋੜ੍ਹਾ ਜਿਹਾ ਚਮਕਿਆ, ਫੇਰ ਹੋਰ ਤੇਜ਼ ਅਤੇ ਆਖ਼ਰ 'ਚ ਏਨੀ ਤੇਜ਼ੀ ਨਾਲ ਚਮਕਿਆ ਕਿ ਧਰਤੀ 'ਤੇ ਤੁਰੇ ਜਾਂਦੇ ਰਾਹੀ ਨੂੰ ਲੱਗਿਆ ਕਿ ਘਰੋਂ ਖਾਹਮ-ਖਾਹ ਹੀ ਕੋਟ ਪਾ ਕੇ ਨਿਕਲੇ, ਅੱਜ ਤਾਂ ਗਰਮ ਅਤੇ ਨਿੱਘਾ ਦਿਨ ਹੈ। ਉਸ ਨੇ ਸੂਰਜ ਦੀ ਗਰਮਾਇਸ਼ ਵਿੱਚ ਆਪਣੇ ਸੁੰਗੜੇ ਸਰੀਰ ਨੂੰ ਖੋਲ੍ਹਣ ਲਈ ਜਿਉਂ ਹੀ ਆਪਣੀਆਂ ਬਾਹਵਾਂ ਏਧਰ-ਉਧਰ ਨੂੰ ਹਿਲਾਉਣੀਆਂ ਸ਼ੁਰੂ ਕੀਤੀਆਂ ਤਿਉਂ ਹੀ ਹਵਾ ਨੇ ਮੌਕਾ ਤਾੜਿਆ ਅਤੇ ਯਕਦਮ ਏਨੀ ਤੇਜ਼ੀ ਨਾਲ ਵਗੀ ਕਿ ਮੁਸਾਫ਼ਰ ਦਾ ਕੋਟ ਉਤਾਰ ਕੇ ਪਰ੍ਹੇ ਸੁੱਟ ਦਿੱਤਾ।

ਪਰ੍ਹੇ ਡਿੱਗੇ ਹੋਏ ਕੋਟ ਨੂੰ ਦੇਖ ਕੇ ਸੂਰਜ ਨੇ ਤਾੜੀਆਂ ਮਾਰ ਦਿੱਤੀਆਂ, ਦੇਖਿਆ ਫਿਰ, ਮੈਂ ਉਸ ਰਾਹੀ ਦਾ ਕੋਟ ਉਤਾਰ ਦਿੱਤਾ ਹੈ। ਮੈਂ ਜਿੱਤ ਗਿਆ ਹਾਂ, ਸੂਰਜ ਖ਼ੁਸ਼ੀ 'ਚ ਉਛਲਦਾ ਬੋਲਿਆ।

ਨਹੀਂ, ਉਸ ਦਾ ਕੋਟ ਮੈਂ ਉਤਾਰਿਆ ਹੈ1, ਹਵਾ ਬੋਲੀ। ਦੋਵੇਂ ਫਿਰ ਆਪਸ 'ਚ ਬਹਿਸ ਪਏ। ਹਵਾ 1ਬੋਲੀ, ਚਲੋ ਉਸ ਰਾਹੀ ਤੋਂ ਫ਼ੈਸਲਾ ਸੁਣਦੇ ਹਾਂ ਕਿ ਉਸ ਦਾ ਕੋਟ ਕਿਸ ਨੇ ਉਤਾਰਿਆ ਹੈ।

ਦੋਵੇਂ ਜਣੇ ਮਨੁੱਖੀ ਰੂਪ ਧਾਰ ਕੇ ਧਰਤੀ ਉੱਤੇ ਉਸ ਮੁਸਾਫ਼ਰ ਸਾਹਮਣੇ ਉੱਤਰ ਆਏ ਜਿੱਥੇ ਉਹ ਤੁਰਿਆ ਜਾਂਦਾ ਸੀ।

ਸੂਰਜ ਆਪਣੀ ਜਿੱਤ ਦੀ ਆਕੜ ਜਿਹੀ 'ਚ ਰਾਹੀ ਨੂੰ ਬੋਲਿਆ, ਤੁਹਾਡਾ ਕੋਟ ਭਲਾ ਕਿਸ ਨੇ ਉਤਾਰਿਆ ਹੈ ?

ਮੇਰਾ ਕੋਟ ? ਮੇਰਾ ਕੋਟ ਤਾਂ ਹਵਾ ਨੇ ਉਤਾਰਿਆ ਹੈ, ਮੁਸਾਫ਼ਰ ਨੇ ਸਹਿਜ ਜੁਆਬ ਦਿੱਤਾ।

ਨਹੀਂ, ਤੂੰ ਝੂਠ ਬੋਲ ਰਿਹਾਂ ਹੈਂ, ਸੂਰਜ ਅੱਧ-ਗੁੱਸੇ ਜਿਹੇ 'ਚ ਰਾਹੀ ਨੂੰ ਬੋਲਿਆ।

ਮੈਂ ਭਲਾ ਝੂਠ ਕਿਉਂ ਬੋਲਾਂਗਾ ? ਇਉਂ ਕਹਿ ਕੇ ਰਾਹੀ ਨੇ ਆਪਣਾ ਕੋਟ ਚੁੱਕਿਆ ਅਤੇ ਅੱਗੇ ਨਿਕਲ ਗਿਆ।

ਰਾਹੀ ਦਾ ਆਖ਼ਰੀ ਫ਼ੈਸਲਾ ਸੁਣ ਕੇ ਸੂਰਜ ਸੁੰਨ ਹੋ ਗਿਆ ਪਰ ਉਸ ਨੇ ਹੈਰਾਨੀ ਨਾਲ ਹਵਾ ਤੋਂ ਪੁੱਛਿਆ, ਤੂੰ ਇਸ ਵਾਰ ਕਿਵੇਂ ਜਿੱਤ ਗਈ ?

ਦਰਅਸਲ, ਮੇਰੇ ਦਾਦੀ ਜੀ ਅਨਪੜ੍ਹ ਸਨ, ਉਨ੍ਹਾਂ ਨੂੰ ਮੌਕੇ ਦੀ ਨਜ਼ਾਕਤ ਸਮਝਣੀ ਨਹੀਂ ਸੀ ਆਉਂਦੀ ਅਤੇ ਮੈਂ ਪੜ੍ਹੀ-ਲਿਖੀ ਹਾਂ ਮੈਂ ਸਮੇਂ ਦੀ ਨਬਜ਼ ਪਛਾਣਦੀ ਹਾਂ। ਇਸ ਲਈ ਮੇਰੀ ਜਿੱਤ ਹੋਈ ਹੈ। ਇਹ ਕਹਿ ਕੇ ਹਵਾ ਲੋਪ ਹੋ ਗਈ ਅਤੇ ਸੂਰਜ ਨਿੰਮੋਝੂਣਾ ਜਿਹਾ ਹੋ ਕੇ ਆਪਣੇ ਟਿਕਾਣੇ 'ਤੇ ਜਾ ਲੱਗਿਆ।

ਕੌਮੀ ਪੱਤ੍ਰਿਕਾ

# ਰੋਜ਼ਗਾਰ ਦੇ ਖੇਤਰ 'ਚ ਵਰਦਾਨ ਸਾਬਤ ਹੋ ਰਹੀ ਹੈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੀ ਮੋਬਾਇਲ ਐਪ : ਰਮਨਦੀਪ ਕੌਰ

**ਹੁਸ਼ਿਆਰਪੁਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵੱਲੋਂ ਬੇਰੋਜ਼ਗਾਰ ਪ੍ਰਾਰਥੀਆਂ ਦੇ ਰੋਜ਼ਗਾਰ ਸਬੰਧੀ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ, 'ਲੋੜ ਹੀ ਕਾਢ ਦੀ ਮਾਂ ਹੈ',ਇਸ ਕਹਾਵਤ ਨੂੰ ਰੋਜ਼ਗਾਰ ਦਫ਼ਤਰ ਦੀ ਰੋਜ਼ਗਾਰ ਮੋਬਾਇਲ ਐਪ ਨੇ ਸੱਚ ਕਰ ਦਿਖਾਇਆ ਹੈ।

ਰੋਜ਼ਗਾਰ ਹਰ ਘਰ ਦੀ ਜ਼ਰੂਰਤ ਹੈ, ਜਿਸ ਨੂੰ ਹਾਸਲ ਕਰਨ ਦੀ ਚਾਹ ਹਰ ਨੌਜਵਾਨ ਦੇ ਦਿਲ ਵਿਚ ਹੁੰਦੀ ਹੈ, ਪਰੰਤੂ ਉਸ ਨੂੰ ਨੌਕਰੀ ਕਿਥੇ ਅਤੇ ਕਿਵੇਂ ਮਿਲ ਸਕਦੀ ਹੈ, ਇਸ ਦੀ ਜਾਣਕਾਰੀ ਨਹੀਂ ਹੁੰਦੀ, ਪਰ ਪਿਛਲੇ ਕੁਝ ਸਾਲਾਂ ਤੋਂ ਰੋਜ਼ਗਾਰ ਮੋਬਾਇਲ ਐਪ ਨੇ ਇਸ ਕਮੀ ਨੂੰ ਵੀ ਪੂਰਾ ਕਰ ਦਿੱਤਾ ਹੈ। ਰੋਜ਼ਾਨਾ ਪ੍ਰਾਈਵੇਟ ਅਤੇ ਸਰਕਾਰੀ ਨੌਕਰੀਆਂ ਨੂੰ ਇਸ ਐਪ 'ਤੇ ਚੜ੍ਹਾਇਆ ਜਾਂਦਾ ਹੈ। ਇਸ ਤੋਂ ਇਲਾਵਾ ਘੱਟ ਪੜ੍ਹੇ-ਲਿਖੇ ਨੌਜਵਾਨਾਂ ਨੂੰ ਮੁਫ਼ਤ ਸਕਿੱਲ ਕੋਰਸਾਂ ਵਿਚ ਦਾਖ਼ਲਾ ਦੇਣ ਲਈ, ਆਪਣਾ ਕੰਮ-ਧੰਦਾ ਸ਼ੁਰੂ ਕਰਨ ਦੇ ਵਾਸਤੇ ਲੋਨ ਲੈਣ ਦੇ ਲਈ ਸਹੂਲਤ ਵੀ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਸ ਰੋਜ਼ਗਾਰ ਮੋਬਾਇਲ ਐਪ ਨੂੰ ਵੱਡੀ ਗਿਣਤੀ ਵਿਚ ਪ੍ਰਾਰਥੀ ਡਾਊਨਲੋਡ ਕਰ ਚੁੱਕੇ ਹਨ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਨੌਜਵਾਨ ਇਸ ਐਪ ਦੀ ਮਦਦ ਨਾਲ ਨੌਕਰੀਆਂ ਪ੍ਰਾਪਤ ਕਰ ਚੁੱਕੇ ਹਨ।

ਜਿਲ੍ਹਾ ਰੋਜ਼ਗਾਰ ਅਫ਼ਸਰ ਨੇ ਦੱਸਿਆ ਕਿ ਰੋਜ਼ਗਾਰ ਮੋਬਾਇਲ ਐਪ ਉਮੀਦ ਤੋਂ ਜ਼ਿਆਦਾ ਵਧੀਆ ਕਾਰਗੁਜ਼ਾਰੀ ਦੇ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਇਸ ਰੋਜ਼ਗਾਰ ਮੋਬਾਇਲ ਐਪ ਦੀ ਮਦਦ ਨਾਲ ਬਹੁਤ ਸਾਰੀਆਂ ਨਾਮੀ ਪ੍ਰਾਈਵੇਟ ਕੰਪਨੀਆਂ ਅਤੇ ਨਾਮੀ ਪ੍ਰਾਈਵੇਟ ਸਕੂਲਾਂ ਵਿਚ ਪੜ੍ਹੇ-ਲਿਖੇ ਵੈੱਲ-ਐਜੂਕੇਟਡ ਬੱਚਿਆਂ ਨੂੰ ਵਧੀਆ ਸਾਲਾਨਾ ਪੈਕੇਜ 'ਤੇ ਨੌਕਰੀਆਂ ਦਿਵਾਉਣ ਵਿਚ ਇਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਹ ਦੇਖਦੇ ਹੋਏ ਵੀ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਉਹ ਨੌਜਵਾਨ ਜਿਹੜੇ ਦੂਰ-ਦੁਰਾਡੇ ਏਰੀਏ ਤੋਂ ਸਬੰਧ ਰੱਖਦੇ ਸਨ, ਜਿਵੇਂ ਕਿ ਕੰਢੀ ਏਰੀਏ ਦੇ ਪ੍ਰਾਰਥੀ ਜਿਹੜੇ ਕਿ ਇਸ ਦਫ਼ਤਰ ਤੱਕ ਨਹੀਂ ਪਹੁੰਚ ਸਕਦੇ ਸਨ, ਉਹ ਨੌਜਵਾਨ ਵੀ ਘਰ ਬੈਠੇ ਹੀ ਆਪਣੇ ਮੋਬਾਇਲ ਫੋਨ ਤੋਂ ਰੋਜ਼ਗਾਰ ਦਫ਼ਤਰ ਹੁਸ਼ਿਆਰਪੁਰ ਨਾਲ ਜੁੜ ਗਏ ਹਨ। ਇਸ ਲਈ ਉਨ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨੌਜਵਾਨ ਇਸ ਦਫ਼ਤਰ ਦੀ ਰੋਜ਼ਗਾਰ ਮੋਬਾਇਲ ਐਪ 'ਡੀਬੀਈਈ ਆਨਲਾਈਨ' ਨੂੰ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਨ ਅਤੇ ਇਸ ਐਪ ਰਾਹੀਂ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਅਤੇ ਇਸ ਐਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨੈਸ਼ਨਲ ਲੋਕ ਅਦਾਲਤ ਸਬੰਧੀ ਕੀਤਾ ਗਿਆ ਜਾਗਰੂਕ

**ਤਰਨ ਤਾਰਨ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ, ਨਿਊ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ ਐਸ ਨਗਰ ਦੇ ਹੁਕਮਾਂ ਦੀ ਪਾਲਨਾ ਕਰਦੇ ਹੋਏ, ਸ਼ ?ਰੀ ਕੰਵਲਜੀਤ ਸਿੰਘ ਬਾਜਵਾ, ਜਿਲ੍ਹਾ ਅਤੇ ਸ਼ੈਸਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਸੀ ਜੇ ਐਮ-ਕਮ ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਜ਼ਿਲ੍ਹਾ ਪੱਧਰ ਅਤੇ ਸਬ ਡਵੀਜਨ ਪੱਧਰ ਤੇ ਸਾਲ 2025 ਦੀ ਤੀਜੀ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਮਿਤੀ 13 ਸਤੰਬਰ 2025 ਨੂੰ ਕੀਤਾ ਜਾ ਰਿਹਾ ਹੈ।

ਇਸ ਲੋਕ ਅਦਾਲਤ ਸਬੰਧੀ ਮਿਸ ਸ਼ਿਲਪਾ, ਸੀ ਜੇ ਐਮ-ਕਮ ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਅਦਾਲਤ ਸਬੰਧੀ ਜ਼ਿਲ੍ਹਾ ਵਾਸੀਆਂ ਨੂੰ ਜਾਗਰੂਕ ਕਰਨ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵਲੋਂ ਸਮੇਂ ਸਮੇਂ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਦਿਸ਼ਾ ਨਿਰਦੇਸ਼ਾਂ ਦਿੱਤੇ ਗਏ ਹਨ, ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਅਦਾਲਤਾਂ ਵਿੱਚ ਚੱਲ ਰਹੇ ਫੌਜਦਾਰੀ, ਰਾਜੀਨਾਮੇ- ਯੋਗ ਅਤੇ ਪ੍ਰੀ-ਲਿਟੀਗੇਟਵ ਕੇਸਾਂ ਵਿੱਚ ਸਮਝੌਤੇ ਰਾਹੀ ਰਾਜੀਨਾਮਾ ਕਰਨ ਲਈ ਆਪਣੇ ਕੇਸ ਲੋਕ ਅਦਾਲਤ ਵਿੱਚ ਲਗਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਵੱਖ ਵੱਖ ਪਿੰਡਾਂ, ਸ਼ਹਿਰਾਂ, ਸਕੂਲਾਂ ਅਤੇ ਕਾਲਜਾਂ ਆਦਿ ਵਿੱਚ ਸੈਮੀਨਾਰ ਲਗਵਾ ਕੇ ਲੋਕਾਂ ਨੂੰ ਲੋਕ ਅਦਾਲਤ ਵਿੱਚ ਕੇਸ ਲਗਾਉਣ ਦੁਆਰਾ ਮਿਲਣ ਵਾਲੇ ਲਾਭਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਅਤੇ ਕੋਮੀ ਲੋਕ ਅਦਾਲਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਹੋ ਸਕੇ, ਉਹ ਸਰਕਾਰ ਵੱਲੋਂ ਮਿਲਣ ਵਾਲੀ ਸਹਾਇਤਾ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ ਅਤੇ ਜਿਸ ਨਾਲ ਉਹਨਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ ਅਤੇ ਵਾਰ ਵਾਰ ਅਦਾਲਤਾਂ ਦੇ ਚੱਕਰ ਲਗਾਉਣ ਤੋਂ ਵੀ ਛੁਟਕਾਰਾ ਮਿਲ ਜਾਵੇਗਾ। ਇਸ ਲੋਕ ਅਦਾਲਤ ਸਬੰਧੀ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਆਦੇਸ਼ਾਂ ਦੀ ਪਾਲ਼ਣਾ ਕਰਦੇ ਹੋਏ ਪੀ. ਐੱਲ. ਵੀ ਵੱਲੋਂ ਜਨਤਕ ਥਾਵਾਂ ਤੇ ਬੈਨਰ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਦਾ ਲਾਭ ਲੈਣ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਸਬੰਧੀ ਵੀ ਸਮੇਂ ਸਮੇਂ ਤੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ, ਤਾਂ ਜੋ ਲੋਕ ਜਨ ਉਪਯੋਗੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।

ਉਨ੍ਹਾਂ ਦੱਸਿਆ ਕਿ ਸਥਾਈ ਲੋਕ ਅਦਾਲਤ ਵਿੱਤ ਸ਼ੈਕਸ਼ਨ 22-(ਲ) ਆਫ ਲੀਗਲ ਸਰਵਿਸਿਸ ਅਥਾਰਟੀ ਐਕਟ, 1987 ਦੇ ਅਨੁਸਾਰ ਵੱਖ ਜਨ ਉਪਯੋਗੀ ਸੇਵਾਵਾਂ, ਜਿਵੇਂ ਕਿ ਟਰਾਂਸਪੋਰਟ ਸੇਵਾਵਾਂ, ਡਾਕ ਟੈਲੀਗਰਾਮ, ਟੈਲੀਫੋਨ, ਹਸਪਤਾਲ ਜਾਂ ਡਿਸਪੈਂਸਰੀ ਸੇਵਾਵਾਂ, ਬੀਮਾ ਸੇਵਾਵਾਂ, ਬੈਕਿੰਗ ਸੇਵਾਵਾਂ, ਸਿੱਖਿਆ ਸੇਵਾਵਾਂ, ਬੁਢਾਪਾ ਪੈਨਸ਼ਨ, ਸਗਨ ਸਕੀਮ, ਵਿਕਟਮ ਕੰਮਪਨਸ਼ੇਸ਼ਨ, ਆਦਿ ਬਾਰੇ ਕੇਸ ਲਗਾਏ ਜਾਂਦੇ ਹਨ ਅਤੇ ਉਹਨਾਂ ਦਾ ਬਹੁਤ ਘੱਟ ਸਮੇਂ ਵਿੱਚ ਨਿਪਟਾਰਾ ਕੀਤਾ ਜਾਂਦਾ ਹੈ, ਜਿਸ ਨਾਲ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਇਆ ਜਾ ਸਕੇ।

ਇੱਥੇ ਇਹ ਵੀ ਵਰਣਨਯੋਗ ਹੈ, ਕਿ ਸੀ.ਜੇ. ਐਮ-ਕਮ-ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਪ੍ਰਿੰਟ-ਮੀਡੀਆ ਦੁਆਰਾ ਹਰ ਤਰੀਕੇ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ,

ਕੋਈ ਵੀ ਇਨਸਾਨ ਲੋਕ ਅਦਾਲਤ ਦਾ ਲਾਭ ਉਠਾਉਣ ਤੋਂ ਵਾਂਝਾ ਨਾ ਰਹਿ ਸਕੇ ਅਤੇ ਹਰ ਕੋਈ ਸਰਕਾਰ ਦੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕੇ।

# ਸੂਬਾ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਪਾਲਿਸੀ ਸਬੰਧੀ ਲੋਕਾਂ ਨੂੰ ਕੀਤਾ ਗਿਆ ਜਾਗਰੂਕ : ਉਪ ਮੰਡਲ ਮੈਜਿਸਟਰੇਟ

**ਬਠਿੰਡਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲਿਆਂਦੀ ਗਈ ਨਵੀਂ ਲੈਂਡ ਪੂਲਿੰਗ ਪਾਲਿਸੀ ਸਬੰਧੀ ਅੱਜ ਉਪ ਮੰਡਲ ਮੈਜਿਸਟਰੇਟ-ਕਮ-ਲੈਂਡ ਐਕਜੁਏਸ਼ਨ ਕੁਲੈਕਟਰ, ਬਠਿੰਡਾ ਸ. ਬਲਕਰਨ ਸਿੰਘ ਮਾਹਲ ਵੱਲੋਂ ਪਿੰਡ ਨਰੂਆਣਾ ਅਤੇ ਪੱਤੀ-ਝੁੱਟੀ, ਬਠਿੰਡਾ ਦੇ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ।✚ਇਸ ਦੌਰਾਨ ਉਪ ਮੰਡਲ ਮੈਜਿਸਟਰੇਟ-ਕਮ-ਲੈਂਡ ਐਕਜੁਏਸ਼ਨ ਕੁਲੈਕਟਰ, ਬਠਿੰਡਾ ਸ. ਬਲਕਰਨ ਸਿੰਘ ਮਾਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਤਹਿਤ ਪਿੰਡ ਜੋਧਪੁਰ, ਨਰੂਆਣਾ ਅਤੇ ਪੱਤੀ ਝੁੱਟੀ ਵਿਖੇ ਨਵੇਂ ਅਰਬਨ ਅਸਟੇਟ ਸਥਾਪਤ ਕਰਨ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਅਰਬਨ ਅਸਟੇਟਾਂ ਵਿੱਚ ਭਾਈਵਾਲ ਤੌਰ ਤੇ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ। ਇਸ ਦੌਰਾਨ ਉਹਨਾਂ ਵੱਲੋਂ ਕਿਸਾਨਾਂ ਨੂੰ ਲੈਂਡ ਪੂਲਿੰਗ ਨਾਲ ਹੋਣ ਵਾਲੇ ਫਾਇਦਿਆਂ ਸਬੰਧੀ ਵਿਸਥਾਰ ਨਾਲ ਦੱਸਿਆ ਗਿਆ। ਇਸ ਮੌਕੇ ਉਪਰੋਕਤ ਪਿੰਡਾਂ ਦੇ ਕਰੀਬ 60 ਕਿਸਾਨ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਚਿਲਡਰਨ ਹੋਮ ਗੁਰਦਾਸਪੁਰ ਦਾ ਦੌਰਾ



**ਗੁਰਦਾਸਪੁਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਸ਼ਾਮ ਚਿਲਡਰਨ ਹੋਮ (ਲੜਕੇ) ਦਾ ਦੌਰਾ ਕੀਤਾ ਗਿਆ। ਆਪਣੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਚਿਲਡਰਨ ਹੋਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਨਾਲ ਹੀ ਬੱਚਿਆਂ ਦੇ ਕਮਰਿਆਂ, ਰਸੋਈ, ਸਟੱਡੀ ਰੂਮ, ਕਾਮਨ ਰੂਮ ਆਦਿ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਚਿਲਡਰਨ ਹੋਮ ਵਿਖੇ ਰਹਿ ਰਹੇ ਸਹਿਵਾਸੀ ਬੱਚਿਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਕੋਲੋਂ ਫੀਡਬੈਕ ਲਈ।

ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਦੇ ਨਾਲ ਚਿਲਡਰਨ ਹੋਮ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚਿਲਡਰਨ ਹੋਮ ਦੀ ਮੁਰੰਮਤ ਅਤੇ ਸਿਵਲ ਵਰਕ ਦੇ ਜੋ ਵੀ ਬਕਾਇਆ ਕੰਮ ਹਨ ਉਨ੍ਹਾਂ ਨੂੰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਬੱਚਿਆਂ ਦਾ ਰੈਗੂਲਰ ਮੈਡੀਕਲ ਚੈੱਕਅਪ ਕੀਤਾ ਜਾਵੇ।

ਇਸਦੇ ਨਾਲ ਹੀ ਉਨ੍ਹਾਂ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਰ 15 ਦਿਨਾਂ ਬਾਅਦ ਚਿਲਡਰਨ ਹੋਮ ਦੇ ਪਾਣੀ ਦੀ ਟੈਸਟਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਕੂਲ ਤੋਂ ਬਾਅਦ ਚਿਲਡਰਨ ਹੋਮ ਵਿਖੇ ਵੀ ਪੜ੍ਹਾਇਆ ਜਾਵੇ ਅਤੇ ਬੱਚਿਆਂ ਦੀ ਕਰੀਅਰ ਕਾਊਂਸਲਿੰਗ ਵੀ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਚਿਲਡਰਨ ਹੋਮ ਵਿਖੇ ਰਹਿ ਰਹੇ ਬੱਚਿਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ। ਉਨ੍ਹਾਂ ਚਿਲਡਰਨ ਹੋਮ ਦੇ ਸਹਿਵਾਸੀ ਬੱਚਿਆਂ ਨੂੰ ਕਿਹਾ ਕਿ ਉਹ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਕਿਉਂਕਿ ਉਨ੍ਹਾਂ ਦੀ ਹੁਣ ਕੀਤੀ ਮਿਹਨਤ ਸਾਰੀ ਉਮਰ ਉਨ੍ਹਾਂ ਦੇ ਕੰਮ ਆਵੇਗੀ। ਉਨ੍ਹਾਂ ਚਿਲਡਰਨ ਹੋਮ ਦੇ ਬੱਚਿਆਂ ਨੂੰ ਕਿਹਾ ਕਿ ਕਿਸੇ ਵੀ ਜ਼ਰੂਰਤ ਲਈ ਉਹ ਉਨ੍ਹਾਂ ਨਾਲ ਸਿੱਧਾ ਰਾਬਤਾ ਵੀ ਕਰ ਸਕਦੇ ਹਨ।

ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ, ਚਿਲਡਰਨ ਹੋਮ ਦੀ ਸੰਚਾਲਕ ਸੰਦੀਪ ਕੌਰ, ਡੀ.ਸੀ.ਪੀ.ਓ. ਸੁਨੀਲ ਜੋਸ਼ੀ, ਮਨੋਰੋਗ ਮਾਹਿਰ ਡਾ. ਮਾਇਤਰੀ, ਬਾਲ ਭਲਾਈ ਕਮੇਟੀ ਦੇ ਨੁਮਾਇੰਦੇ ਸੁੱਚਾ ਸਿੰਘ ਮੁਲਤਾਨੀ, ਉਡਾਨ ਸੰਸਥਾ ਵੱਲੋਂ ਬਲਜੀਤ ਸਿੰਘ ਅਤੇ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ. ਭਾਸਕਰ ਸ਼ਰਮਾ ਚਿਲਡਰਨ ਹੋਮ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

# ਸਰਹੱਦੀ ਪਿੰਡ ਮੁਹਾਰ ਜਮਸ਼ੇਰ ਦਾ ਦੌਰਾ



**ਫਾਜ਼ਿਲਕਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰ ਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਅੱਜ ਫਾਜ਼ਿਲਕਾ ਜਿਲੇ ਦੇ ਦੌਰੇ ਦੌਰਾਨ ਕੌਮਾਂਤਰੀ ਸਰਹੱਦ ਤੇ ਕੰਡਿਆਲੀ ਤਾਰ ਦੇ ਪਾਰ ਵਸੇ ਪਿੰਡ ਮੁਹਾਰ ਜਮਸ਼ੇਰ ਦਾ ਦੌਰਾ ਕੀਤਾ। ਇਸ ਮੌਕੇ ਉਨਾਂ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਸ਼ੇਸ਼ ਤੌਰ ਤੇ ਪਿੰਡ ਦੀਆਂ ਮਹਿਲਾਵਾਂ ਦੀਆਂ ਮੁਸ਼ਕਲਾਂ ਸੁਣੀਆਂ । ਉਨਾਂ ਦੇ ਨਾਲ ਇਸ ਮੌਕੇ ਹਲਕਾ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਅਤੇ ਉਨਾਂ ਦੇ ਧਰਮ ਪਤਨੀ ਖੁਸ਼ਬੂ ਸਾਵਣ ਸੁੱਖਾ ਸਵਨਾ ਵੀ ਹਾਜ਼ਰ ਸਨ।

ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰ ਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਕਿਹਾ ਕਿ ਔਰਤਾਂ ਦੀ ਆਰਥਿਕ ਤਰੱਕੀ ਬਹੁਤ ਜਰੂਰੀ ਹੈ। ਉਹਨਾਂ ਨੇ ਕਿਹਾ ਕਿ ਔਰਤਾਂ ਨੂੰ ਸਸ਼ਕਤ ਬਣਾਉਣ ਅਤੇ ਆਤਮ ਨਿਰਭਰ ਬਣਾਉਣ ਲਈ ਵੀ ਸਰਕਾਰਾਂ ਵੱਲੋਂ ਉਪਰਾਲੇ ਕੀਤੇ ਜਾਂਦੇ ਹਨ। ਉਹਨਾਂ ਨੇ ਕਿਹਾ ਕਿ ਔਰਤਾਂ ਨੂੰ ਘਰ ਪਰਿਵਾਰ ਦੇ ਕੰਮ ਦੇ ਨਾਲ ਨਾਲ ਕੁਝ ਹੋਰ ਛੋਟੇ ਕੰਮ ਜੋ ਉਹ ਘਰ ਰਹਿ ਕੇ ਹੀ ਕਰ ਸਕਦੀਆਂ ਹਨ ਉਹਨਾਂ ਨੂੰ ਵੀ ਕਰਨਾ ਚਾਹੀਦਾ ਹੈ ਤਾਂ ਜੋ ਪਰਿਵਾਰ ਦੀ ਆਮਦਨ ਵੀ ਵਧ ਸਕੇ ਅਤੇ ਉਹ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ।

ਇਸ ਮੌਕੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਔਰਤਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਵੱਲੋਂ ਵੀ ਵਿਆਪਕ ਪੱਧਰ ਤੇ ਉਪਰਾਲੇ ਕੀਤੇ ਜਾਂਦੇ ਹਨਉਹਨਾਂ ਦੇ ਧਰਮ ਪਤਨੀ ਖੁਸ਼ਬੂ ਸਵਨਾ ਨੇ ਦੱਸਿਆ ਕਿ ਉਹਨਾਂ ਵੱਲੋਂ ਚਲਾਏ ਜਾ ਰਹੀ ਖੁਸ਼ੀ ਫਾਊਂਡੇਸ਼ਨ ਵੱਲੋਂ ਵੀ ਮਹਿਲਾਵਾਂ ਦੀ ਸਿੱਖਿਆ ਅਤੇ ਉਨਾਂ ਨੂੰ ਰੋਜ਼ਗਾਰ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਪਿੰਡ ਦੀ ਮਹਿਲਾ ਸਰਪੰਚ ਪਰਮਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਵੱਲੋਂ ਇੰਟਰਨੈਸ਼ਨਲ ਡੇ ਅਗੇਂਸਟ ਡਰੱਗ ਐਬਯੂਸ ਐਂਡ ਇੱਲੀਸਿਟ ਟਰੈਫਿਕਿੰਗ ਦੇ ਮੌਕੇ ਜਾਗਰੂਕਤਾ ਕਾਰਜਕ੍ਰਮ ਆਯੋਜਿਤ

**ਫਾਜ਼ਿਲਕਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਅਗਵਾਈ ਹੇਠ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਨਿਗਰਾਨੀ ਹੇਠ ਇੰਟਰਨੈਸ਼ਨਲ ਡੇ ਅਗੇਂਸਟ ਡਰੱਗ ਐਬਯੂਸ ਐਂਡ ਇੱਲੀਸਿਟ ਟ ?ਰੈਫਿਕਿੰਗ ਦੇ ਮੌਕੇ ਇੱਕ ਜਾਗਰੂਕਤਾ ਕਾਰਜਕ੍ਰਮ ਆਯੋਜਿਤ ਕੀਤਾ ਗਿਆ।

ਇਹ ਪ੍ਰੋਗਰਾਮ ਨਸ਼ਾ ਨਸ਼ਾ ਛਡਾਊ ਕੇਂਦਰ ਫਾਜ਼ਿਲਕਾ ਵਿਖੇ ਕਰਵਾਇਆ ਗਿਆ। ਇਸ ਮੌਕੇ , ਪੈਰਾ ਲੀਗਲ ਵੋਲੰਟੀਅਰ ਸਰਦਾਰ ਪ੍ਰੀਤਮ ਸਿੰਘ ਵੱਲੋਂ ਮਰੀਜਾਂ ਨੂੰ ਇਸ ਦਿਨ ਦੇ ਮਹੱਤਵ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਦਿਨ ਸਾਰੀਆਂ ਸੰਸਥਾਵਾਂ ਅਤੇ ਸਮਾਜ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣੀ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਨਾਲ ਨ ਸਿਰਫ਼ ਵਿਅਕਤੀ ਦਾ ਜੀਵਨ ਨਸ਼ਟ ਹੁੰਦਾ ਹੈ, ਸਗੋਂ ਪਰਿਵਾਰ ਅਤੇ ਪੂਰੇ ਸਮਾਜ 'ਤੇ ਵੀ ਉਸਦਾ ਗੰਭੀਰ ਪ੍ਰਭਾਵ ਪੈਂਦਾ ਹੈ। ਇਸ ਦਿਨ ਦੀ ਥੀਮ TThe evidence is clear: invest in preventionU(ਸਪੱਸ਼ਟ ਸਬੂਤ ਹਨ: ਰੋਕਥਾਮ ਵਿੱਚ ਨਿਵੇਸ਼ ਕਰੋ) ਦੇ ਆਧਾਰ 'ਤੇ ਉਨ੍ਹਾਂ ਨੇ ਨਸ਼ਿਆਂ ਤੋਂ ਬਚਾਅ ਅਤੇ ਇਲਾਜ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਮੌਕੇ 'ਤੇ ਨਸ਼ਾ ਛੱਡ ਚੁੱਕੇ ਕੁਝ ਵਿਅਕਤੀਆਂ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ ਕਿ ਕਿਵੇਂ ਨਸ਼ਾ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾਵੇ ਹੋਇਆ ਸੀ ਅਤੇ ਕਿਵੇਂ ਇਨ੍ਹਾਂ ਕੇਂਦਰਾਂ ਦੀ ਮਦਦ ਨਾਲ ਉਹ ਦੁਬਾਰਾ ਸਧਾਰਨ ਜੀਵਨ ਵੱਲ ਵਾਪਸ ਆਏ।

ਉਨ੍ਹਾਂ ਨੇ ਮਰੀਜ਼ਾ ਨੂੰ ਮੁਫ ਕਨੂੰਨੀ ਸਲਾਹ ਅਤੇ ਵਕੀਲ ਬਾਰੇ ਵੀ ਵਿਸਤਾਰ ਨਾਲ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਕਾਨੂੰਨੀ ਸੇਵਾਵਾਂ ਲੈਣ ਲਈ ਟੋਲ ਫ ?ਰੀ ਨੰਬਰ 15100 ਬਾਰੇ ਵੀ ਜਾਣਕਾਰੀ ਦਿੱਤੀ ।

# ਬਲਾਕ ਖੂਈਖੇੜਾ ਵਿੱਚ ਮਨਾਇਆ ਗਿਆ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ



**ਫਾਜ਼ਿਲਕਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅੱਜ ਬਲਾਕ ਸੀਐਚਸੀ ਖੂਈਖੇੜਾ ਵਿੱਚ ਡਾ. ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ, ਡਾ. ਰੋਹਿਤ ਗੋਇਲ ਸਹਾਇਕ ਸਿਵਲ ਸਰਜਨ ਅਤੇ ਡਾ. ਏਰਿਕ ਡਿਪਟੀ ਮੈਡੀਕਲ ਕਮਿਸ਼ਨਰ ਫਾਜ਼ਿਲਕਾ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਵਿਕਾਸ ਗਾਂਧੀ ਦੀ ਨਿਗਰਾਨੀ ਹੇਠ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਸਮਾਗਮ ਵਿੱਚ ਨਗਮਾ ਕੌਂਸਲਰ, ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ, ਸਤਪਾਲ, ਕਮਲਜੀਤ, ਪੂਨਮ ਰਾਣੀ, ਮਨਦੀਪ ਸਿੰਘ ਅਤੇ ਬਲਾਕ ਦੇ ਸਮੂਹ ਸਟਾਫ਼ ਨੇ ਹਿੱਸਾ ਲਿਆ।

ਇਸ ਸਮੇਂ ਡਾ. ਵਿਕਾਸ ਗਾਂਧੀ ਨੇ ਕਿਹਾ ਕਿ ਹਰ ਸਾਲ 26 ਜੂਨ ਨੂੰ ਵਿਸ਼ਵ ਪੱਧਰ 'ਤੇ ਨਸ਼ਾ ਵਿਰੋਧੀ ਦਿਵਸ ਮਨਾਇਆ ਜਾਂਦਾ ਹੈ। ਇਸ ਵਿਸ਼ੇਸ਼ ਮੁਹਿੰਮ ਤਹਿਤ ਸਕੂਲਾਂ, ਕਾਲਜਾਂ ਅਤੇ ਜਨਤਕ ਥਾਵਾਂ 'ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੀ ਬੁਰਾਈ ਨੂੰ ਖਤਮ ਕਰਨ ਦੇ ਉਦੇਸ਼ ਨਾਲ war on drugs ਨਾਮਕ ਮੁਹਿੰਮ ਚਲਾਈ ਜਾ ਰਹੀ ਹੈ। ਨਸ਼ਾ ਇੱਕ ਮਾਨਸਿਕ ਬਿਮਾਰੀ ਹੈ। ਇਸ ਦਾ ਇਲਾਜ ਹੋਰ ਬਿਮਾਰੀਆਂ ਵਾਂਗ ਕੀਤਾ ਜਾ ਸਕਦਾ ਹੈ। ਉਨ੍ਹਾਂ ਬੱਚਿਆਂ ਨੂੰ ਨਸ਼ਿਆਂ ਦੇ ਵਪਾਰੀਆਂ ਤੋਂ ਦੂਰ ਰਹਿਣ ਅਤੇ ਖੁਦ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰ ਅਤੇ ਸਮਾਜ ਵਿੱਚ ਨਸ਼ਾ ਪੀੜਤਾ ਨੂੰ ਨਸ਼ਾ ਛੱਡਣ ਵਿੱਚ ਮਦਦ ਕਰਨ।

ਬੀ.ਈ.ਈ. ਸੁਸ਼ੀਲ ਕੁਮਾਰ ਅਤੇ ਕੌਂਸਲਰ ਨਗਮਾ ਨੇ ਕਿਹਾ ਕਿ ਨਸ਼ਾ ਛੱਡਣ ਵਾਲਿਆਂ ਦੀ ਮਦਦ ਲਈ ਫਾਜ਼ਿਲਕਾ ਜ਼ਿਲ੍ਹੇ ਵਿੱਚ ਸਿਵਲ ਹਸਪਤਾਲ ਫਾਜ਼ਿਲਕਾ ਅਤੇ ਅਬੋਹਰ ਵਿਖੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ। ਜਿੱਥੇ ਮਰੀਜ਼ ਬਿਨਾਂ ਕਿਸੇ ਸਮੱਸਿਆ ਦੇ ਮਾਹਿਰ ਡਾਕਟਰ ਦੀ ਸਲਾਹ ਨਾਲ ਦਾਖਲ ਹੋ ਸਕਦਾ ਹੈ ਅਤੇ ਨਸ਼ਾ ਛੱਡ ਸਕਦਾ ਹੈ। ਜ਼ਿਲ੍ਹੇ ਵਿੱਚ 9 ਓ.ਏ.ਟੀ. ਸੈਂਟਰ ਚੱਲ ਰਹੇ ਹਨ, ਜਿੱਥੋਂ ਮਰੀਜ਼ ਦਵਾਈ ਲੈ ਕੇ ਘਰ ਜਾ ਸਕਦਾ ਹੈ ਅਤੇ ਆਪਣੇ ਰੋਜ਼ਾਨਾ ਦੇ ਕੰਮ ਦੇ ਨਾਲ ਨਸ਼ਾ ਛੱਡ ਸਕਦਾ ਹੈ। ਇਸ ਦੌਰਾਨ ਲੋਕਾਂ ਨੂੰ ਨਸ਼ੇ ਨਾ ਕਰਨ, ਲੋਕਾਂ ਨੂੰ ਜਾਗਰੂਕ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਜਿਊਣ ਦੀ ਸਹੁੰ ਚੁਕਾਈ ਗਈ। ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇੱਕ ਬਿਹਤਰ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ।

# ਸਹਾਇਕ ਡਾਇਰੈਕਟਰ ਅੰਜਨੀ ਕੁਮਾਰ ਸਿੰਘ ਨੇ ਜਲ ਸ਼ਕਤੀ ਅਭਿਆਨ ਤਹਿਤ ਜ਼ਿਲ੍ਹੇ ਦੇ ਪਿੰਡਾਂ ਦਾ ਦੌਰਾ ਕਰਕੇ ਛੱਪੜਾਂ ਦਾ ਲਿਆ ਜਾਇਜਾ

**ਬਠਿੰਡਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸ਼ਕਤੀ ਅਭਿਆਨ ਤਹਿਤ ਸਹਾਇਕ ਡਾਇਰੈਕਟਰ ਮੋਨੀਟਰਿੰਗ ਡਾਇਰੈਕਟੋਰੇਟ ਸ਼ਿਮਲਾ ਸ਼ ?ਰੀ ਅੰਜਨੀ ਕੁਮਾਰ ਸਿੰਘ ਨੇ ਜ਼ਿਲ੍ਹੇ ਦੇ ਪਿੰਡਾਂ ਕਾਲਝਰਾਣੀ (ਬਲਾਕ ਸੰਗਤ), ਬਲਾਹੜ ਮਹਿਮਾ, ਖਿਆਲੀਵਾਲਾ (ਬਲਾਕ ਗੋਨਿਆਣਾ) ਅਤੇ ਨਿਓਰ (ਬਲਾਕ ਭਗਤਾ) ਵਿਖੇ ਦੌਰਾ ਕਰਕੇ ਛੱਪੜਾਂ ਦਾ ਜਾਇਜ਼ਾ ਲਿਆ ਗਿਆ। ਦੌਰੇ ਦੌਰਾਨ ਉਨ੍ਹਾਂ ਵੱਲੋਂ ਛੱਪੜਾਂ ਦੇ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਕੀਤੀ। ਉਨ੍ਹਾਂ ਵੱਲੋਂ ਤਸੱਲੀ ਪ੍ਰਗਟ ਕਰਦਿਆਂ ਅਧਿਕਾਰੀਆਂ ਨੂੰ



ਜਲ ਸ਼ਕਤੀ ਅਭਿਆਨ ਤਹਿਤ ਕੀਤੇ ਜਾ ਰਹੇ ਕਾਰਜਾਂ ਪ੍ਰਤੀ ਪਾਣੀ ਦੀ ਮੁੜ ਵਰਤੋਂ ਅਤੇ ਸਾਂਭ-ਸੰਭਾਲ ਲਈ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

ਇਸ ਦੌਰਾਨ ਨੋਡਲ ਅਫ਼ਸਰ ਐਸ.ਡੀ.ਓ ਗਰਾਊਂਡ ਵਾਟਰ ਉਪ ਮੰਡਲ ਮੈਡਮ ਵਤਨਦੀਪ ਕੌਰ ਨੇ ਦੱਸਿਆ ਕਿ ਜਲ ਸ਼ਕਤੀ ਅਭਿਆਨ ਤਹਿਤ ਜਲ ਸਾਂਚੇ ਪੋਰਟਲ ਤੇ ਆਨਲਾਈਨ ਜ਼ਿਲ੍ਹੇ ਦੀਆਂ ਸਾਰੀਆਂ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ (ਮੁੜ ਵਰਤੋਂ) ਕਰਨ ਵਾਲੀਆਂ ਵਾਟਰ ਬਾਡੀਜ਼ ਜਿਵੇਂ ਕਿ ਛੱਪੜਾਂ ਆਦਿ ਸਾਰਿਆਂ ਨੂੰ ਸਮੇਤ ਫੋਟੋ ਤੇ ਲੋਕੇਸ਼ਨ ਰਾਹੀਂ ਜੀਓ ਟੈਗ ਕੀਤਾ ਗਿਆ ਹੈ ਅਤੇ ਜਿਸ ਦੀ 99 ਫ਼ੀਸਦੀ ਵੈਰੀਫਿਕੇਸ਼ਨ ਡੈਸਕ ਰਾਹੀਂ ਹੁੰਦੀ ਹੈ, ਜਦਕਿ 1 ਫ਼ੀਸਦੀ ਵੈਰੀਫ਼ਿਕੇਸ਼ਨ ਫਿਜੀਕਲ ਤੌਰ ਤੇ ਕੀਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਬੰਧਤ ਬੀਡੀਪੀਓਜ਼ ਅਤੇ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)ਦੇ ਨੁਮਾਇੰਦੇ ਗੁਰਲਾਲ ਸਿੰਘ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

# ਪੰਜਾਬ ਹਰੀਸ਼ ਨਈਅਰ ਵੱਲੋਂ ਗੁਰਦਾਸਪੁਰ ਵਿਖੇ ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ



**ਗੁਰਦਾਸਪੁਰ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ, ਸ੍ਰੀ ਹਰੀਸ਼ ਨਈਅਰ, ਆਈ.ਏ.ਐੱਸ. ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਬਲਾਕ-ਬੀ ਵਿਖੇ ਵੋਟਿੰਗ ਮਸ਼ੀਨਾਂ ਦੇ ਵੇਅਰਹਾਊਸ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ. ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ, ਸ. ਮਨਜਿੰਦਰ ਸਿੰਘ ਬਾਜਵਾ ਚੋਣ ਤਹਿਸੀਲਦਾਰ ਤੋਂ ਇਲਾਵਾ ਨੋਡਲ ਅਫ਼ਸਰ ਈ.ਵੀ.ਐਮਜ਼. ਸ੍ਰੀ ਗਗਨਦੀਪ ਸਿੰਘ, ਹੋਰ ਅਧਿਕਾਰੀ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ ।ਵੋਟਿੰਗ ਮਸ਼ੀਨਾਂ ਦੇ ਵੇਅਰ ਹਾਊਸ ਦੇ ਨਿਰੀਖਣ ਦੌਰਾਨ ਵਧੀਕ ਮੁੱਖ ਚੋਣ ਅਫ਼ਸਰ ਨੇ ਵੇਅਰ ਹਾਊਸ ਦੀ ਲਾਗ-ਬੁੱਕ ਚੈੱਕ ਕਰਨ ਦੇ ਨਾਲ ਸਟਾਕ ਰਜਿਸਟਰ ਦੀ ਜਾਂਚ ਕੀਤੀ। ਇਸ ਮੌਕੇ ਉਨ੍ਹਾਂ ਵੇਅਰਹਾਊਸ ਵਿੱਚ ਲਗਾਏ ਅੱਗ ਬੁਝਾਊ ਯੰਤਰਾਂ ਅਤੇ ਹੋਰ ਪ੍ਰਬੰਧਾਂ ਦੀ ਜਾਂਚ ਵੀ ਕੀਤੀ। ਉਨ੍ਹਾਂ ਕਿਹਾ ਕਿ ਵੇਅਰ ਹਾਊਸ ਵਿੱਚ ਵੋਟਿੰਗ ਮਸ਼ੀਨਾਂ ਦੇ ਰੱਖ-ਰਖਾਅ ਵਿੱਚ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ। ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਵੇਅਰਹਾਊਸ ਦੇ ਪ੍ਰਬੰਧਾਂ ਬਾਰੇ ਆਪਣੀ ਸੰਤੁਸ਼ਟੀ ਜ਼ਾਹਿਰ ਕੀਤੀ ਅਤੇ ਚੋਣ ਪ੍ਰਣਾਲੀ ਸਬੰਧੀ ਪ੍ਰਸ਼ਾਸਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਤੋਂ ਬਾਅਦ ਵਧੀਕ ਮੁੱਖ ਚੋਣ ਅਫ਼ਸਰ, ਪੰਜਾਬ, ਸ੍ਰੀ ਹਰੀਸ਼ ਨਈਅਰ, ਆਈ.ਏ.ਐੱਸ. ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ।

# ਮੋਗਾ ਵਿੱਚ ਖੁੱਲ੍ਹੀ ਪੰਜਾਬ ਦੀ ਸਭ ਤੋਂ ਵੱਡੀ ਅਤੇ ਆਧੁਨਿਕ ਮਸ਼ੀਨਾਂ ਨਾਲ ਲੈਸ ਸਰਕਾਰੀ ਜਿੰਮ

**ਮੋਗਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਹੋ ਰਹੀਆਂ ਜੰਗੀ ਪੱਧਰ ਤੇ ਕਾਰਵਾਈਆਂ ਨੂੰ ਵੇਖ ਕੇ ਹੁਣ ਪਿੰਡਾਂ ਦੀਆਂ ਪੰਚਾਇਤਾਂ, ਸ਼ਹਿਰਾਂ ਦੇ ਵਾਰਡ ਵਾਸੀ ਅਤੇ ਵੱਡੀ ਗਿਣਤੀ ਵਿੱਚ ਲੋਕ ਇਸ ਮੁਹਿੰਮ ਵਿੱਚ ਆਪਣਾ ਵਿਲੱਖਣ ਯੋਗਦਾਨ ਦੇਣ ਲਈ ਅੱਗੇ ਆ ਰਹੇ ਹਨ, ਨਸ਼ਿਆਂ ਵਿਰੁੱਧ ਆਪਣੀ ਆਵਾਜ ਵੀ ਚੁੱਕਣ ਲੱਗੇ ਹਨ ਅਤੇ ਨਸ਼ਿਆਂ ਦਾ ਵਿਰੋਧ ਵੀ ਕਰ ਰਹੇ ਹਨ, ਕਿਉਂਕਿ ਲੋਕਾਂ ਨੂੰ ਇਸ ਗੱਲ ਦੀ ਪੁਸ਼ਟੀ ਹੋ ਚੁੱਕੀ ਹੈ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਬਡਾਵਾ ਦੇਣ ਵਾਲੇ ਵਿਅਕਤੀਆਂ ਨੂੰ ਬਿਲਕੁਲ ਵੀ ਬਖਸ਼ ਨਹੀਂ ਰਹੀ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਵਿੱਚੋਂ ਕੱਢ ਕੇ ਨਿਰੋਗਤਾ ਵੱਲ ਲਿਜਾਣ ਲਈ ਪੂਰੇ ਪੰਜਾਬ ਦੀ ਸਭ ਤੋਂ ਵੱਡੀ ਅਤੇ ਅਤਿ ਆਧੁਨਿਕ ਮਸ਼ੀਨਾਂ ਨਾਲ ਲੈਸ ਸਰਕਾਰੀ ਜਿੰਮ ਮੋਗਾ ਦੇ ਪਿੰਡ ਦਾਰਾਪੁਰ ਵਿਖੇ ਖੋਲੀ ਗਈ ਹੈ। ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ ਦੀ ਸੁਚੱਜੀ ਸੋਚ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਮਿਲੇ ਸਹਿਯੋਗ ਸਦਕਾ ਹੁਣ ਪਿੰਡ ਦੇ ਵਾਸੀ ਇਸ ਜਿੰਮ ਵਿੱਚ ਬਿਲਕੁਲ ਮੁਫਤ ਕਸਰਤ ਕਰਨਗੇ ।ਇਸ ਜਿੰਮ ਦਾ ਉਦਘਾਟਨ ਕਰਨ ਲਈ ਅੱਜ




ਆਦਮੀ ਪਾਰਟੀ ਦੇ ਪੰਜਾਬ ਪ੍ਰਭਾਰੀ ਸ਼ ?ਰੀ ਮਨੀਸ਼ ਸਿਸੋਦੀਆ ਵੱਲੋਂ ਵਿਸ਼ੇਸ਼ ਤੌਰ ਤੇ ਮੋਗਾ ਦਾ ਦੌਰਾ ਕੀਤਾ ਗਿਆ, ਕਿਉਂਕਿ ਇਹ ਪੰਜਾਬ ਦੀ ਪੰਜਾਬ ਦੀ ਸਭ ਤੋਂ ਨਿਵੇਕਲੀ ਅਤੇ ਵਿਲੱਖਣ ਸਰਕਾਰੀ ਜਿੰਮ ਹੈ। ਸ਼ ?ਰੀ ਮੁਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਵਿੱਚ ਇਹ ਜਿੰਮ ਇੱਕ ਮਾਡਲ ਜਿੰਮ ਵਜੋਂ ਜਾਣੀ ਜਾਵੇਗੀ ਅਤੇ ਬਾਕੀ ਦੀਆਂ ਪੰਚਾਇਤਾਂ ਲਈ ਰੋਲ ਮਾਡਲ ਬਣੇਗੀ।

ਇਸ ਮੌਕੇ ਉਹਨਾਂ ਨਾਲ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਧਰਮਕੋਟ ਸ੍. ਦਵਿੰਦਰਜੀਤ ਸਿੰਘ ਲਾਡੀ ਢੋਸ, ਵਿਧਾਇਕ ਬਾਘਾਪੁਰਾਣਾ ਸ੍. ਅੰਮ੍ਰਿਤਪਾਲ ਸਿੰਘ ਸੁਖਾਨੰਦ, ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਜੀਰਾ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਮੋਗਾ ਸ਼ ?ਰੀ ਸਾਗਰ ਸੇਤੀਆ, ਐਸ.ਐਸ.ਪੀ. ਮੋਗਾ ਸ਼ ?ਰੀ ਅਜੇ ਗਾਂਧੀ, ਐਸ.ਡੀ.ਐਮ. ਸ੍. ਸਾਰੰਗਪ੍ਰੀਤ ਸਿੰਘ ਔਜਲਾ, ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਦੀਪ ਦਾਰਾਪੁਰ, ਦਾਰਾਪੁਰ ਦੀ ਸਰਪੰਚ ਮਨਦੀਪ ਸ਼ਰਮਾ ਤੋਂ ਇਲਾਵਾ ਹੋਰ ਵੀ ਮੋਹਤਵਰ ਸ਼ਖਸ਼ੀਅਤਾਂ ਹਾਜਰ ਸਨ।

ਇਸ ਮੌਕੇ ਬੋਲਦਿਆਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਇਹ ਸ਼ਾਨਦਾਰ ਜਿੰਮ ਨੂੰ ਬਣਨ ਵਿੱਚ 6 ਮਹੀਨਿਆਂ ਦਾ ਸਮਾਂ ਤੇ 22 ਲੱਖ ਰੁਪਏ ਦੀ ਲਾਗਤ ਆਈ, ਇਸ ਤੋਂ ਇਲਾਵਾ ਇਸ ਜਿੰਮ ਨੂੰ ਹੋਰ ਆਧੁਨਿਕ ਕਰਨ ਲਈ ਪਿੰਡ ਵਾਸੀਆਂ ਅਤੇ ਪੰਚਾਇਤ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਸਿੱਖਿਆ ਕ੍ਰਾਂਤੀ ਅਧੀਨ ਸਾਇੰਸ ਲੈਬ ਤੋਂ ਇਲਾਵਾ 15 ਲੱਖ ਦੀ ਲਾਗਤ ਨਾਲ ਪਿੰਡ ਵਿੱਚ ਪਾਰਕ ਵੀ ਬਣਾਇਆ ਗਿਆ ਹੈ। ਉਹਨਾਂ ਦੱਸਿਆ ਕਿ ਇਸ ਪਿੰਡ ਦੀ ਮੰਗ ਸੀ ਕਿ ਸਕੂਲ ਨੈਸ਼ਨਲ ਉਪਰ ਹੋਣ ਕਰਕੇ ਸੜਕ ਕਰਾਸਿੰਗ ਸਮੇਂ ਬਹੁਤ ਸਾਰੀਆਂ ਦੁਰਘਟਨਾਵਾਂ ਹੁੰਦੀਆਂ ਸਨ ਜਿਸਨੂੰ ਰੋਕਣ ਲਈ 1 ਕਰੋੜ ਰੁਪਏ ਤੋਂ ਵਧੇਰੇ ਦੀ ਲਾਗਤ ਨਾਲ ਪੁਲ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ ਜੋ ਕਿ ਜਲਦੀ ਹੀ ਪੂਰਾ ਹੋ ਜਾਵੇਗਾ। ਪਿਛਲੇ ਸਾਲ ਨਹਿਰੀ ਪਾਣੀ ਦੀ ਪਾਈਪਲਾਈਨ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ ਜਿਹੜਾ ਵੀ ਜਲਦੀ ਹੀ ਪੂਰਾ ਹੋ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਲੋਕਾਂ ਦੀ ਸੇਵਾ ਵਿੱਚ ਕੰਮ ਕਰ ਰਹੀ ਹੈ ਅਤੇ ਚੋਣਾਂ ਤੋਂ ਪਹਿਲਾਂ ਆਮ ਲੋਕਾਂ ਨੂੰ ਦਿੱਤੀਆਂ ਇੱਕ ਇੱਕ ਗਰੰਟੀਆਂ ਨੂੰ ਪੂਰਾ ਕਰਨ ਲਈ ਦਿਨ ਰਾਤ ਯਤਨਸ਼ੀਲ ਹੈ।

# ਡੀ ਐੱਸ ਪੀ ਆਰ ਗੁਰਪ੍ਰਤਾਪ ਸਿੰਘ ਢਿੱਲੋਂ ਵਲੋਂ ਹੋਮ ਗਾਰਡ ਜਵਾਨ ਜੱਗਾ ਸਿੰਘ ਨੂੰ ਰਿਟਾਇਰ ਹੋਣ ਤੇ ਕੀਤਾ ਸਨਮਾਨਿਤ

**ਪਟਿਆਲਾ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸਭ ਡਵੀਜ਼ਨ ਦਿਹਾਤੀ ਪਟਿਆਲਾ ਦੇ ਦਫ਼ਤਰ ਵਿਖੇ ਤਾਇਨਾਤ ਹੋਮਗਰਾਡ ਜਵਾਨ ਜੱਗਾ ਸਿੰਘ ਨੂੰ ਉਸ ਦੀ 35 ਸਾਲ ਸਰਵਿਸ ਪੂਰੀ ਕਰਨ ਤੇ ਡੀ ਐੱਸ ਪੀ ਆਰ ਗੁਰਪ੍ਰਤਾਪ ਸਿੰਘ ਢਿੱਲੋਂ ਵਲੋਂ ਸਨਮਾਨਿਤ ਕੀਤਾ ਗਿਆ, ਇਸ ਮੌਕੇ ਹੋਮਗਰਾਡ ਜਵਾਨ ਜੱਗਾ ਸਿੰਘ ਰਿਟਾਇਰ ਹੋਣ ਤੇ ਡੀ ਐੱਸ ਪੀ ਆਰ ਗੁਰਪ੍ਰਤਾਪ ਸਿੰਘ ਢਿੱਲੋਂ ਨੇ ਕਿਹਾ ਕਿ ਜੱਗਾ ਸਿੰਘ ਆਪਣੀ 35 ਸਾਲ ਦੀ ਸਰਵਿਸ ਵੱਖ ਵੱਖ ਥਾਣਿਆਂ ਵਿਖੇ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੀਤੀ, ਅਤੇ ਹੁਣ ਮੇਰੇ ਦਫਤਰ ਵਿਖੇ ਤੈਨਾਤ ਸੀ, ਜਿਥੇ ਜੱਗਾ ਸਿੰਘ ਵਲੋਂ ਹਮੇਸ਼ਾ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਈ , ਉਹਨਾਂ ਜੱਗਾ ਸਿੰਘ ਨੂੰ ਰਿਟਾਇਰ ਹੋਣ ਤੇ ਮੁਬਾਰਕਾਂ ਦਿੱਤੀਆਂ ਅਤੇ ਖੁਸ਼ਹਾਲ ਜ਼ਿੰਦਗੀ ਬਤੀਤ ਕਰਨ ਲਈ ਕਿਹਾ, ਇਸ ਮੌਕੇ ਐਸ ਆਈ ਗੁਰਮੁੱਖ ਸਿੰਘ ਰੀਡਰ ਡੀ ਐੱਸ ਪੀ ਆਰ,ਏ ਐਸ ਆਈ ਅਮਰਜੀਤ ਕੌਰ ਰੀਡਰ ਡੀ ਐੱਸ ਪੀ ਪੀ.ਬੀ.ਆਈ.ਔਰਤਾਂ ਅਤੇ ਬੱਚਿਆਂ ਵਿਰੁੱਧ ਕ੍ਰਾਈਮ, ਬਚਿੱਤਰ ਸਿੰਘ, ਗੁਰਧਿਆਨ ਸਿੰਘ ਅਤੇ ਸਮੂਹ ਸਟਾਫ ਵਲੋਂ ਜੱਗਾ ਸਿੰਘ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਤਾਬਦੀ ਮਨਾਉਣ ਸੰਬੰਧੀਨਾਲ ਮੀਟਿੰਗ ਕੀਤੀ

**ਚੰਡੀਗੜ੍ਹ, 30 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਤਾਬਦੀ ਮਨਾਉਣ ਸੰਬੰਧੀ ਸੁਝਾਅ ਲੈਣ ਲਈ ਸੈਨ ਫਰਾਂਸਿਸਕੋ ਤੋਂ ਬੀਬੀ ਨਵਪ੍ਰੀਤ ਕੌਰ ਅਤੇ ਭਾਈ ਬਲਦੀਪ ਸਿੰਘ ਜੀ ਨਾਲ ਮੀਟਿੰਗ ਕੀਤੀ।ਮੀਟਿੰਗ ਦੌਰਾਨ ਬੀਬੀ ਨਵਪ੍ਰੀਤ ਕੌਰ ਨੇ ' ਗਾਵਨੀ ' ਅਧੀਨ ਪ੍ਰਸਤਾਵ ਦਿੱਤਾ ਜਿਸ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਵੱਖ-ਵੱਖ ਦੇਸ਼ਾਂ ਦੀਆਂ 31 ਮਹਿਲਾ ਰਾਗੀਆਂ ਦੁਆਰਾ 31 ਰਾਗਾਂ ਦਾ ਉਚਾਰਨ ਕੀਤਾ ਜਾਵੇਗਾ। ਧਾਰਮਿਕ ਆਜ਼ਾਦੀ, ਬਹੁਲਵਾਦ ਅਤੇ ਮਨੁੱਖੀ ਮਾਣ ਲਈ ਗੁਰੂ ਸਾਹਿਬ ਦੀ ਬੇਮਿਸਾਲ ਕੁਰਬਾਨੀ ਵਿਸ਼ਵ ਨਾਗਰਿਕਾਂ ਨੂੰ ਪ੍ਰੇਰਿਤ ਕਰਦੀ ਰਹੇਗੀ।ਇਸ ਮੁਲਾਕਾਤ ਦੌਰਾਨ ਬੀਬੀ ਨਵਪ੍ਰੀਤ ਕੌਰ ਨੇ ਕਿਹਾ ਕਿ ਇਹ 31 ਮਹਿਲਾ ਰਾਗੀ ਭਾਰਤ ਦੇ 9 ਵੱਖ-ਵੱਖ ਸ਼ਹਿਰਾਂ ਅਤੇ ਪੰਜਾਬ ਦੇ 7 ਵੱਖ-ਵੱਖ ਸ਼ਹਿਰਾਂ ਵਿੱਚ ਗੁਰੂ ਕੀਰਤਨ ਕਰਨਗੀਆਂ। ਉਨ੍ਹਾਂ ਆਪਣੇ ਇਸ ਮਨੋਰਥ 'ਤੇ ਚਾਨਣਾ ਪਾਇਆ ਕਿ ਲੋਕ ਗੁਰਬਾਣੀ ਦੇ ਸ਼ਬਦਾਂ ਨਾਲ ਜੁੜਨਗੇ ਜੋ ਸਦੀਵੀ ਖੁਸ਼ੀ ਦਿੰਦੇ ਹਨ ਅਤੇ ਇਸ ਸ਼ਤਾਬਦੀ ਵਿੱਚ ਗੁਰੂ

# ਜਲ ਸੋਮਿਆਂ ਦੀ ਸੰਭਾਲ



ਪੰ ਜਾਬ ਵਿਚ ਖੇਤੀ ਉਤਪਾਦਨ ਨਿਰਵਿਘਨ ਸਿੰਚਾਈ ਸਹੂਲਤਾਂ ਕਾਰਨ ਹੀ ਬੁਲੰਦੀਆਂ ਛੋਹ ਸਕਿਆ ਹੈ ਪਰ ਪਾਣੀ ਦੀ ਅੰਨ੍ਹੇਵਾਹ ਅਤੇ ਬੇਲੋੜੀ ਵਰਤੋਂ ਨੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਬੁਰੀ ਤਰ੍ਹਾਂ ਗਿਰਾਵਟ ਲਿਆਂਦੀ ਹੈ। ਜੇ ਧਰਤੀ ਹੇਠਲੇ ਪਾਣੀ ਦੀ ਬੇਲੋੜੀ ਵਰਤੋਂ ਅਤੇ ਕੁਦਰਤੀ ਜਲ ਸੋਮਿਆਂ ਦੀ ਸਾਂਭ ਸੰਭਾਲ ਨਾ ਕੀਤੀ ਗਈ ਤਾਂ ਭਵਿੱਖ ਵਿਚ ਪੰਜਾਬ ਦੀ ਧਰਤੀ ਵੀ ਮਾਰੂਥਲ ਬਣ ਜਾਵੇਗੀ। ਆਓ ਜਾਣੀਏ ਜਲ ਸੋਮਿਆਂ ਦੀ ਸਾਂਭ ਸੰਭਾਲ ਦੇ ਢੰਗ।

## ਲੇਜ਼ਰ ਲੈਵਲਿੰਗ

ਪੰਜਾਬ ਵਿਚ ਸਿੰਚਾਈ ਦਾ ਸਭ ਤੋਂ ਵਧੇਰੇ ਪ੍ਰਚਲੱਤ ਤਰੀਕਾ ਬਾਰਡਰ ਇਰੀਗੇਸ਼ਨ ਹੈ। ਖੇਤ ਨੂੰ ਇਕਸਾਰ ਪੱਧਰਾ ਕਰਨ ਲਈ ਲੇਜ਼ਰ ਲੈਵਲਰ ਜਾਂ ਕੰਪਿਊਟਰ ਵਾਲਾ ਕਰਾਹਾ ਇਕ ਵਧੀਆ ਸਾਧਨ ਹੈ। ਇਹ ਪਾਣੀ ਦੀ ਬੱਚਤ ਵਿਚ ਮਦਦਗਾਰ ਹੈ।

## ਪਾਣੀ ਦਾ ਰਿਸਾਅ ਰੋਕਣਾ

ਪਾਣੀ ਦੇ ਸੋਮੇ ਤੋਂ ਖੇਤ ਤਕ ਪਹੁੰਚਦੇ ਪਹੁੰਚਦੇ ਪਾਣੀ ਕਾਫ਼ੀ ਮਾਤਰਾ ’ਚ ਰਿਸ ਜਾਂਦਾ ਹੈ। ਪਾਣੀ ਦੀਆਂ ਖਾਲੀਆਂ ਦੀ ਜੇ ਲਾਈਨਿੰਗ ਹੋਈ ਹੋਵੇ ਅਤੇ ਪਾਣੀ ਦੀ ਸਪਲਾਈ ਲਈ ਜ਼ਮੀਨਦੋਜ਼ ਪਾਈਪਾਂ ਦੀ ਵਰਤੋਂ ਕੀਤੀ ਜਾਵੇ ਤਾਂ ਕਾਫ਼ੀ ਪਾਣੀ ਜਾਇਆ ਹੋਣ ਤੋਂ ਬਚ ਸਕਦਾ ਹੈ।

## ਫਰ੍ਹੋ ਸਿੰਚਾਈ

ਕਤਾਰ ਵਾਲੀਆਂ ਫ਼ਸਲਾਂ ਲਈ ਫਰ੍ਹੋ ਸਿੰਚਾਈ ਸਭ ਤੋਂ ਵਧੀਆ ਤਕਨੀਕ ਹੈ। ਗੰਨਾ, ਕਪਾਹ, ਮੱਕੀ, ਸੂਰਜਮੁਖੀ ਆਦਿ ਵਿਚ ਖੁੱਲ੍ਹੇ ਪਾਣੀ ਨਾਲੋਂ ਫਰ੍ਹੋ ਸਿੰਚਾਈ ਤਕਨੀਕ ਕਾਫ਼ੀ ਕਾਮਯਾਬ ਹੈ।

## ਸਿੰਚਾਈ ਦੀਆਂ ਕੁਸ਼ਲ ਵਿਧੀਆਂ

ਇਸ ’ਚ ਤੁਪਕਾ ਸਿੰਚਾਈ, ਮਾਈਕਰੋ ਸਪਰਿੰਕਲਰ, ਫ਼ੌਰਾਰ, ਛੋਟਾ ਸਪਰਿੰਕਲਰ, ਮਿਸਟਰ ਅਤੇ ਬਬਲਰ ਸਿਸਟਮ ਸ਼ਾਮਲ ਹਨ। ਤੁਪਕਾ ਪ੍ਰਣਾਲੀ ਨਾਲ ਬੂੰਦ ਬੂੰਦ ਕਰ ਕੇ ਪਾਣੀ ਸਿੱਧੇ ਤੌਰ ’ਤੇ ਬੂਟੇ ਦੀਆਂ ਜੜ੍ਹਾਂ ਵਿਚ ਪੈਂਦਾ ਹੈ।

## ਬਜਾਈ ਦੇ ਸਮੇਂ ’ਚ ਬਦਲਾਅ

ਫ਼ਸਲ ਦੇ ਘੱਟ ਵਾਸ਼ਪੀਕਰਨ ਵਾਲੇ ਸਮੇਂ ਦੌਰਾਨ ਬੀਜੇ ਜਾਣ ’ਤੇ ਪਾਣੀ ਦੀ ਜ਼ਰੂਰਤ ਘੱਟ ਜਾਂਦੀ ਹੈ। ਮਿਸਾਲ ਦੇ ਤੌਰ ’ਤੇ 10 ਜੂਨ ਤੋਂ ਪਹਿਲਾਂ ਜੇ ਝੋਨਾ ਬੀਜਿਆ ਜਾਵੇ ਤਾਂ ਪਾਣੀ ਦੀ ਬਹੁਤ ਵਧੇਰੇ ਲੋੜ ਪੈਂਦੀ ਹੈ ਜਦਕਿ ਇਹੀ ਬਿਜਾਈ 10 ਤੋਂ 30 ਜੂਨ ਵਿਚਕਾਰ ਕੀਤੀ ਜਾਵੇ ਤਾਂ ਝੋਨੇ ਲਈ ਪਾਣੀ ਦੀ ਮੰਗ ਕਾਫ਼ੀ ਘੱਟ ਜਾਂਦੀ ਹੈ।

## ਬਰਸਾਤੀ ਪਾਣੀ ਦੀ ਸੰਭਾਲ

ਮੀਂਹ ਦਾ ਪਾਣੀ ਖੇਤੀ ਸਿੰਚਾਈ ’ਚ ਅਹਿਮ ਭੂਮਿਕਾ ਨਿਭਾਉਂਦਾ ਹੈ, ਇਸ ਨੂੰ ਟੋਇਆਂ ਜਾਂ ਝੋਨੇ ਵਰਗੀ ਪਾਣੀ ਦੀ ਮਾਰ ਸਹਿਣ ਵਾਲੀ ਫ਼ਸਲ ਵਾਲੇ ਖੇਤਾਂ ਵਿਚ ਸਟੋਰ ਕਰ ਕੇ ਜ਼ਮੀਨ ’ਚ ਰੀਚਾਰਜ ਹੋਣ ਦਿੱਤਾ ਜਾਵੇ ਤਾਂ ਧਰਤੀ ਹੇਠਲੇ ਪਾਣੀ ਦੇ ਪੱਧਰ ’ਚ ਕਾਫ਼ੀ ਸੁਧਾਰ ਆ ਸਕਦਾ ਹੈ।

## ਟੈਂਸ਼ੀਓਮੀਟਰ

ਝੋਨੇ ਅਤੇ ਪਾਣੀ ਦੀ ਵਧੇਰੇ ਮੰਗ ਵਾਲੀਆਂ ਫ਼ਸਲਾਂ ਵਿਚ ਬੇਲੋੜਾ ਪਾਣੀ ਖੜ੍ਹਾ ਰੱਖਣ ਦੀ ਥਾਂ ਟੈਸ਼ੀਓਮੀਟਰ ਦੀ ਮਦਦ ਨਾਲ ਪਾਣੀ ਦੀ ਜ਼ਰੂਰਤ ਨੂੰ ਦੇਖਦੇ ਹੋਏ ਹੀ ਜੇ ਸਿੰਚਾਈ ਕੀਤੀ ਜਾਵੇ ਤਾਂ ਕਾਫ਼ੀ ਮਾਤਰਾ ਵਿਚ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

# ਵਲੈਤੀ ਗਾਵਾਂ ਤੇ ਚਿੱਚੜਾਂ ਦੀ ਰੋਕਥਾਮ

• ਨਿਰਮਲ ਸਿੰਘ ਕਾਹਲੋਂ

ਦੁੱ ਧ ਦੀ ਉਪਜ ਵਧਾਉਣ ਲਈ ਪੰਜਾਬ ਵਿਚ ਵਲੈਤੀ ਗਾਵਾਂ ਵੱਡੀ ਗਿਣਤੀ ’ਚ ਪਾਲੀਆਂ ਜਾਂਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਗਾਵਾਂ ਵੱਧ ਦੁੱਧ ਦਿੰਦੀਆਂ ਹਨ ਪਰ ਜਦ ਗਾਂ ਨੂੰ ਚਿੱਚੜ ਪੈ ਜਾਂਦੇ ਹਨ ਤਾਂ ਇਹ ਗਾਵਾਂ ਦਾ ਖ਼ੂਨ ਚੂਸਦੇ ਹਨ, ਜਿਸ ਕਾਰਨ ਗਾਂ ਕਮਜ਼ੋਰ ਹੋ ਜਾਂਦੀ ਹੈ ਅਤੇ ਇਸ ਦਾ ਦੁੱਧ ਦੀ ਪੈਦਾਵਾਰ ਉੱਪਰ ਵੀ ਬੇਹੱਦ ਮਾੜਾ ਅਸਰ ਪੈਂਦਾ ਹੈ। ਜੇ ਸਮੇਂ ਸਿਰ ਇਨ੍ਹਾਂ ਪਰਜੀਵੀਆਂ ਦਾ ਖਾਤਮਾ ਨਾ ਕੀਤਾ ਜਾਵੇ ਤਾਂ ਇਨ੍ਹਾਂ ਦੀ ਗਾਂ ਦੇ ਸਰੀਰ ਉੱਪਰ ਗਿਣਤੀ ਵਧਦੀ ਹੀ ਜਾਂਦੀ ਹੈ। ਲੰਬੇ ਸਮੇਂ ਤਕ ਇਹ ਸਮੱਸਿਆ ਕਾਇਮ ਰਹੇ ਤਾਂ ਬੇਹੱਦ ਕਮਜ਼ੋਰ ਹੋ ਕੇ ਗਾਂ ਦੀ ਮੌਤ ਵੀ ਹੋ ਸਕਦੀ ਹੈ। ਮੌਜੂਦਾ ਸਮੇਂ ਗਾਵਾਂ ਦੇ ਚਿੱਚੜ ਮਾਰਨ ਲਈ ਉਨ੍ਹਾਂ ਦੇ ਸਰੀਰ ਉੱਪਰ 15-15 ਦਿਨ ਬਾਅਦ ਅੰਗਰੇਜ਼ੀ ਦਵਾਈ ਦੋ ਤੋਂ ਤਿੰਨ ਵਾਰ ਮਲੀ ਜਾਂਦੀ ਹੈ, ਜਿਸ ਨਾਲ ਚਿੱਚੜ ਮਰ ਜਾਂਦੇ ਹਨ ਪਰ ਇਹ ਦਵਾਈ ਬੜੀ ਜ਼ਹਿਰੀਲੀ ਹੁੰਦੀ ਹੈ। ਅੰਗਰੇਜ਼ੀ ਦਵਾਈ ਤੋਂ ਇਲਾਵਾ ਗਾਵਾਂ ਨੂੰ ਪੈਣ ਵਾਲੇ ਚਿੱਚੜਾਂ ਦੀ ਘਰੇਲੂ ਪੱਧਰ ’ਤੇ ਵੀ ਰੋਕਥਾਮ ਕੀਤੀ ਜਾ ਸਕਦੀ ਹੈ। ਗਰਮੀ ਦੇ ਮੌਸਮ ਵਿਚ ਗਾਂ ਨੂੰ ਰੋਜ਼ਾਨਾ 500 ਗ੍ਰਾਮ ਸਰ੍ਹੋਂ ਦੀ ਖਲ਼ ਚਾਰੇ ਵਿਚ ਮਿਲਾ ਕੇ ਪਾਓ। ਜੇ ਖਲ਼ ਨਹੀਂ ਹੈ ਤਾਂ ਹਫ਼ਤੇ-ਹਫ਼ਤੇ ਬਾਅਦ 200 ਮਿਲੀਲਿਟਰ ਸਰ੍ਹੋਂ ਦਾ ਤੇਲ, ਚੋਕਰ ਜਾਂ ਚਾਰੇ ਵਿਚ ਮਿਲਾ ਕੇ 3-4 ਹਫ਼ਤੇ ਗਾਂ ਨੂੰ ਪਾਓ। ਇਸ ਨਾਲ ਗਾਂ ਨੂੰ ਚਿੱਚੜ ਨਹੀਂ ਪੈਣਗੇ। ਜੇ ਚਿੱਚੜ ਪੈ ਗਏ ਹਨ ਤਾਂ ਉਹ ਮਰ ਜਾਣਗੇ, ਕਿਉਂਕਿ ਸਰ੍ਹੋਂ ਦੀ ਖਲ਼ ਤੇ ਸਰ੍ਹੋਂ ਦੇ ਤੇਲ ਦੀ ਤਾਸੀਰ ਠੰਡੀ ਹੁੰਦੀ ਹੈ, ਇਸ ਕਰਕੇ ਸਰਦੀਆਂ ਵਿਚ ਗਾਂ ਨੂੰ ਸਰ੍ਹੋਂ ਦੀ ਖਲ਼ ਜਾਂ ਤੇਲ ਨਹੀਂ ਦੇਣਾ ਚਾਹੀਦਾ। ਗਰਮੀ ਦੇ ਮੌਸਮ ਵਿਚ ਜੇ ਗਾਂ ਨੂੰ ਸਰ੍ਹੋਂ ਦਾ ਤੇਲ ਜਾਂ ਖਲ਼ ਉੱਪਰ ਦੱਸੇ ਤਰੀਕੇ ਨਾਲ ਦਿੱਤੇ ਜਾਣ ਤਾਂ ਸਰਦੀ ਦੇ ਮੌਸਮ ਵਿਚ ਗਾਂ ਨੂੰ ਚਿੱਚੜ ਨਹੀਂ ਪੈਣਗੇ। ਇਸ ਤੋਂ ਇਲਾਵਾ ਸਰ੍ਹੋਂ ਦੀ ਖਲ਼ ਜਾਂ ਤੇਲ ਵਿਚ ਕਿਸੇ ਕਿਸਮ ਦਾ ਜ਼ਹਿਰੀਲਾ ਤੱਤ ਵੀ ਨਹੀਂ ਹੁੰਦਾ ਅਤੇ ਇਹ ਇਲਾਜ ਬੜਾ ਸਸਤਾ ਤੇ ਆਸਾਨ ਵੀ ਹੈ। ਕਿਸੇ ਸਾਵਧਾਨੀ ਦੀ ਵੀ ਲੋੜ ਨਹੀਂ ਹੈ। ਗਾਂ ਦੀ ਸਿਹਤ ਵੀ ਠੀਕ ਰਹਿੰਦੀ ਹੈ ਅਤੇ ਦੁੱਧ ਦੀ ਉਪਜ ਵੀ ਨਹੀਂ ਘਟਦੀ। • ਮੋਬਾਈਲ 88729-46618

**ਜੇ ਸਮੇਂ ਸਿਰ ਇਨ੍ਹਾਂ ਪਰਜੀਵੀਆਂ ਦਾ ਖਾਤਮਾ ਨਾ ਕੀਤਾ ਜਾਵੇ ਤਾਂ ਇਨ੍ਹਾਂ ਦੀ ਗਾਂ ਦੇ ਸਰੀਰ ਉੱਪਰ ਗਿਣਤੀ ਵਧਦੀ ਹੀ ਜਾਂਦੀ ਹੈ।**





# ਮੱਕੀ ਤੇ ਝੋਨੇ ਵਿਚਲੇ ਨਦੀਨਾਂ ਦੀ ਰੋਕਥਾਮ ਦੇ ਸਰਵਪੱਖੀ ਢੰਗ ਅਪਨਾਓ

• ਮੱਖਣ ਸਿੰਘ

ਨਦੀਨ, ਫ਼ਸਲ ਉਤਪਾਦਨ ਲਈ ਇਕ ਮਹਤੱਵਪੂਰਨ ਚੁਣੌਤੀ ਹਨ। ਫ਼ਸਲਾਂ ਦੇ ਝਾੜ ਅਤੇ ਮਿਆਰ ਉਤੇ ਬੁਰਾ ਪ੍ਰਭਾਵ ਪਾਉਣ ਤੋਂ ਇਲਾਵਾ ਨਦੀਨ ਫ਼ਸਲਾਂ ਦੇ ਕੀੜੇ ਮਕੌੜਿਆਂ ਅਤੇ ਵਿਸ਼ਾਣੂਆਂ/ ਜੀਵਾਣੂਆਂ ਲਈ ਬਦਲਵੇਂ ਮੇਜ਼ਬਾਨ ਵਜੋਂ ਭੂਮਿਕਾ ਅਦਾ ਕਰਦੇ ਹਨ ਜਿਵੇਂ ਕਿ ਪੀਲੀ ਬੂਟੀ ਅਤੇ ਕੰਘੀ ਬੂਟੀ ਮੀਲੀ ਬਗ/ ਚਿੱਟੀ ਮੱਖੀ ਦੇ ਬਦਲਵੇਂ ਮੇਜ਼ਬਾਨ ਹਨ। ਗਾਜਰਬੂਟੀ ਮਨੁੱਖੀ ਸਿਹਤ ਉੱਪਰ ਬੁਰਾ ਪ੍ਰਭਾਵ ਪਾਉਂਦੀ ਹੈ ਅਤੇ ਧਤੂਰਾ ਪਸ਼ੂਆਂ ਲਈ ਜ਼ਹਿਰੀਲਾ ਹੈ। ਇਸ ਕਰ ਕੇ ਨਦੀਨਾਂ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ। ਨਦੀਨਨਾਸ਼ਕਾਂ ਦੇ ਆਗਮਨ ਤੋਂ ਪਹਿਲਾਂ ਨਦੀਨਾਂ ਦੀ ਰੋਕਥਾਮ ਜ਼ਿਆਦਾਤਰ ਵਹਾਈ ਕਰਕੇ ਕੀਤੀ ਜਾਂਦੀ ਸੀ। ਅਜੋਕੇ ਸਮੇਂ ਵਿਚ ਰਸਾਇਣਕ ਨਦੀਨ ਪ੍ਰਬੰਧ ਨੂੰ ਹੀ ਤਰਜੀਹ ਦਿਤੀ ਜਾਂਦੀ ਹੈ। ਪਰ ਕੋਈ ਵੀ ਨਦੀਨਨਾਸ਼ਕ ਸੌ ਫ਼ੀਸਦੀ ਨਦੀਨਾਂ ਦੀ ਰੋਕਥਾਮ ਨਹੀਂ ਕਰ ਸਕਦਾ। ਇਸ ਕਰਕੇ ਨਦੀਨਾਂ ਦੀ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਸਰਵਪੱਖੀ ਰੋਕਥਾਮ ਅਪਨਾਉਣ ਦੀ ਲੋੜ ਹੈ। ਸਾਉਣੀ ਰੁੱਤ ਦੀਆਂ ਮੁੱਖ ਫ਼ਸਲਾਂ ਵਿਚ ਨਦੀਨਾਂ ਦੇ ਸਰਵਪੱਖੀ ਰੋਕਥਾਮ ਦੇ ਢੰਗ ਇਸ ਤਰ੍ਹਾਂ ਹਨ।

### ਝੋਨਾ

ਕੱਦੂ ਕੀਤੇ ਝੋਨੇ ਵਿਚ ਝੋਨੇ ਦੀ ਲੁਆਈ ਤੋਂ 2 ਹਫ਼ਤੇ ਤਕ ਲਗਾਤਾਰ ਖੇਤ ਵਿਚ ਪਾਣੀ ਖੜ੍ਹਾ ਕਰਨ ਨਾਲ ਨਦੀਨਾਂ ਨੂੰ ਉੱਗਣ ਤੋਂ ਰੋਕਿਆ ਜਾ ਸਕਦਾ ਹੈ। ਕੁਝ ਨਦੀਨ ਖੜ੍ਹੇ ਪਾਣੀ ਵਿਚ ਉੱਗ ਪੈਂਦੇ ਹਨ ਜਿਨ੍ਹਾਂ ਨੂੰ ਹੱਥ ਨਾਲ ਪੁੱਟ ਕੇ ਕੱਢਿਆ ਜਾ ਸਕਦਾ ਹੈ ਜਾਂ ਪੈਡੀ ਵੀਡਰ ਨਾਲ ਗੋਡੀ ਕੀਤੀ ਜਾ ਸਕਦੀ ਹੈ। ਜੇਕਰ ਖੇਤ ਵਿਚ ਪਿਛਲੇ ਸਾਲਾਂ ਵਿਚ ਨਦੀਨਾਂ ਦੀ ਸਮੱਸਿਆ ਜ਼ਿਆਦਾ ਹੋਵੇ ਅਤੇ 2 ਹਫ਼ਤੇ ਤਕ ਪਾਣੀ ਖੜ੍ਹਾ ਰਖਣਾ ਸੰਭਵ ਹੋਵੇ ਤਾਂ ਸਵਾਂਕ ਅਤੇ ਹੋਰ ਨਦੀਨਾਂ ਦੀ ਰੋਕਥਾਮ ਲਈ ਪੀ.ਏ.ਯੂ. ਵਲੋਂ ਸਿਫ਼ਾਰਸ਼ ਕਿਸੇ ਇਕ ਨਦੀਨ ਨਾਸ਼ਕ ਨੂੰ ਜਿਵੇਂ ਕਿ ਰਿਫਿਟ 50 ਈ ਸੀ (ਪ੍ਰੈਟੀਲਾਕਲੋਰ) ਦਾ 600 ਮਿਲੀਲਿਟਰ, ਰਿਫਿਟ ਪਲੱਸ 40 ਈ ਡਬਲਯੂ (ਪ੍ਰੈਟੀਲਾਕਲੋਰ) ਦਾ 750 ਮਿਲੀਲਿਟਰ, ਮਚੈਟੀ 50 ਈ ਸੀ/ ਫਾਸਟ ਮਿਕਸ 50 ਈ ਡਬਲਯੂ (ਬੂਟਾਕਲੋਰ) ਦਾ 1200 ਮਿਲੀਲਿਟਰ, ਅਨਿਲੋਗਾਰਡ 50 ਈ ਸੀ (ਅਨਿਲੋਫਾਸ) ਦਾ 300 ਮਿਲੀਲਿਟਰ, ਸਾਥੀ 10 ਡਬਲਯੂ ਪੀ (ਪਾਇਰਾਈਜ਼ੋਸਲਫੂਰਾਨ) ਦਾ 60 ਗ੍ਰਾਮ ਜਾਂ ਟੌਪਸਟਾਰ 80 ਡਬਲਯੂ ਪੀ (ਔਕਸਾਡਾਇਰਗਿਲ) ਦਾ 45 ਗ੍ਰਾਮ ਪ੍ਰਤੀ ਏਕੜ ਨੂੰ 60 ਕਿਲੋ ਰੇਤ ਵਿਚ ਮਿਲਾ ਕੇ ਲੁਆਈ ਤੋਂ 2-3 ਦਿਨਾਂ ਅੰਦਰ 4-5 ਸੈਂਟੀਮੀਟਰ ਖੜ੍ਹੇ ਪਾਣੀ ਵਿਚ ਛਿੱਟਾ ਦਿਓ। ਇਨ੍ਹਾਂ ਨਦੀਨ ਨਾਸ਼ਕਾਂ ਨਾਲ ਸੁਆਂਕ ਦੀ ਅਸਰਦਾਇਕ ਰੋਕਥਾਮ ਹੁੰਦੀ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਖੇਤ ਵਿਚ ਪਾਣੀ ਲਗਾਤਾਰ ਖੜ੍ਹਾ ਕੀਤਾ ਜਾਵੇ। ਜਿਨ੍ਹਾਂ ਖੇਤਾਂ ਵਿਚ ਪਾਣੀ ਖੜ੍ਹਾ ਰਖਣਾ ਸੰਭਵ ਨਾ ਹੋਵੇ ਉੱਥੇ ਨਦੀਨਾਂ ਦੀ ਕਿਸਮ ਦੇ ਆਧਾਰ ’ਤੇ ਖੜ੍ਹੀ ਫ਼ਸਲ ਵਿਚ ਵੱਖ ਵੱਖ ਨਦੀਨ ਨਾਸ਼ਕਾਂ ਦੇ ਛਿੜਕਾਅ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਛਿੜਕਾਅ ਤੋਂ ਪਹਿਲਾਂ ਖੇਤ ਵਿਚੋਂ ਖੜ੍ਹੇ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਅਤੇ ਛਿੜਕਾਅ ਤੋਂ ਅਗਲੇ ਦਿਨ ਪਾਣੀ ਲਾਉਣਾ ਚਾਹੀਦਾ ਹੈ। ਸਿੱਧੇ ਬੀਜੇ ਹੋਏ ਝੋਨੇ ਵਿਚ ਕਈ ਤਰ੍ਹਾਂ ਦੇ ਨਦੀਨ ਆਉਂਦੇ ਹਨ ਅਤੇ ਇਹ ਨਦੀਨ ਕਈ ਲੌਆਂ ਵਿਚ ਉੱਗਦੇ ਹਨ ਇਸ ਕਰਕੇ ਅਸਰਦਾਇਕ ਨਦੀਨ ਪ੍ਰਬੰਧ ਸਿੱਧੇ ਬੀਜੇ ਝੋਨੇ ਲਈ ਇਕ ਵੱਡੀ ਚੁਣੌਤੀ ਹੈ। ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ। ਇਸ ਤਰ੍ਹਾਂ ਕਰਨ ਨਾਲ ਫ਼ਸਲ ਦਾ ਇਕਸਾਰ ਅਤੇ ਵਧੀਆ ਪੁੰਗਾਰਾ ਮਿਲਦਾ ਹੈ ਅਤੇ ਬੂਟਿਆਂ ਦੀ ਗਿਣਤੀ ਬਰਕਰਾਰ ਰਹਿੰਦੀ ਹੈ ਜੋ ਨਦੀਨਾਂ ਦੇ ਵਾਧੇ ਨੂੰ ਰੋਕਣ ਵਿਚ ਸਹਾਈ ਹੁੰਦੀ ਹੈ। ਲੇਜ਼ਰ ਕਰਾਹੇ ਤੋਂ ਬਾਅਦ ਖੇਤ ਨੂੰ ਪਾਣੀ ਲਾਉ ਤਾਂ ਕਿ ਖੇਤ ਵਿਚ ਉੱਚੇ ਨੀਵੇਂ ਥਾਂ ਪਛਾਣੇ ਜਾ ਸਕਣ। ਇਸ ਸਿੰਚਾਈ ਨਾਲ ਨਦੀਨਾਂ ਦੇ ਬੀਜ ਪੁੰਗਰ ਪੈਂਦੇ ਹਨ ਅਤੇ ਇਨ੍ਹਾਂ ਪੁੰਗਰੇ ਹੋਏ ਨਦੀਨਾਂ ਦੀ ਪੌਦ ਨੂੰ ਖੇਤ ਦੀ ਤਿਆਰੀ ਸਮੇਂ ਹਲਕੀ ਵਾਹੀ ਕਰ ਕੇ ਖ਼ਤਮ ਕੀਤਾ ਜਾ ਸਕਦਾ ਹੈ। ਹਾੜ੍ਹੀ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਥੋੜ੍ਹਾ ਸਮਾਂ ਲੈਣ ਵਾਲੀਆਂ ਗਰਮੀ ਰੁੱਤ ਦੀਆਂ ਦਾਲਾਂ ਜਿਵੇਂ ਕਿ ਮੂੰਗੀ ਅਤੇ ਮਾਂਹ ਦੀ ਬੀਜਾਈ ਕਰਨੀ ਚਾਹੀਦੀ ਹੈ। ਇਨ੍ਹਾਂ ਫ਼ਸਲਾਂ ਦੀ ਬੀਜਾਈ ਲਈ ਅਤੇ ਬਾਅਦ ਵਿਚ ਇਨ੍ਹਾਂ ਫ਼ਸਲਾਂ ਦੇ ਜੀਵਨ ਕਾਲ ਸਮੇਂ ਦਿਤੀ ਸਿੰਚਾਈ ਨਾਲ ਇਹ ਝੋਨੇ ਦੇ ਬੂਟੇ ਆਪਣੇ ਆਪ ਉੱਗ ਪੈਣਗੇ ਜਿਨ੍ਹਾਂ ਨੂੰ ਬਾਅਦ ’ਚ ਖੇਤ ਦੀ ਤਿਆਰੀ ਸਮੇਂ ਵਾਹ ਕੇ ਖ਼ਤਮ ਕੀਤਾ ਜਾ ਸਕਦਾ ਹੈ। ਝੋਨੇ ਦੀ ਸਿੱਧੀ ਬਿਜਾਈ ਤੋਂ ਬਾਅਦ ਉਸੇ ਦਿਨ ਹੀ ਇਕ ਲੀਟਰ ਪ੍ਰਤੀ ਏਕੜ ਸਟੌਂਪ/ਬੰਕਰ 30 ਈ ਸੀ (ਪੈਂਡੀਮੈਥਾਲਿਨ) ਨੂੰ 200 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ਅਤੇ ਕਦੇ ਵੀ ਛਿੜਕਾਅ ਬਿਜਾਈ ਦੇ ਦੋ ਦਿਨਾਂ ਤੋਂ ਬਾਅਦ ਨਹੀਂ ਕਰਨਾ ਚਾਹੀਦਾ। ਇਸ ਨਦੀਨਨਾਸ਼ਕ ਤੋਂ ਪੂਰਾ ਫ਼ਾਇਦਾ ਲੈਣ ਲਈ ਮਿੱਟੀ ਵਿਚ ਚੰਗੀ ਸਲ੍ਹਾਬ ਹੋਣੀ ਬਹੁਤ ਜ਼ਰੂਰੀ ਹੈ ਅਤੇ ਇਹ ਛਿੜਕਾਅ ਸਵੇਰ ਜਾਂ ਸ਼ਾਮ ਨੂੰ ਹੀ ਕੀਤਾ ਜਾਵੇ। ਇਸ ਨਾਲ ਕਈ ਤਰ੍ਹਾਂ ਦੇ ਮੌਸਮੀ ਘਾਹ ਜਿਵੇਂ ਕਿ ਸਵਾਂਕ, ਗੁਰਤ ਮਧਾਣਾ, ਮੱਕੜਾ, ਤੱਕੜੀ ਘਾਹ ਅਤੇ ਛੋਟੇ ਬੀਜ ਵਾਲੇ ਚੌੜੀ ਪਤੀ ਵਾਲੇ ਨਦੀਨਾਂ ਦਾ ਦੋ ਤੋਂ ਤਿੰਨ ਹਫ਼ਤਿਆਂ ਤਕ ਅਸਰਦਾਰ ਰੋਕਥਾਮ ਕਰਦੀ ਹੈ।

### ਮੱਕੀ

ਮੱਕੀ ਵਿਚ ਨਦੀਨਾਂ ਕਰਕੇ ਝਾੜ ਵਿਚ 40-60 ਫ਼ੀਸਦੀ ਕਮੀ ਆਉਂਦੀ ਹੈ ਜਿਹੜਾ ਕਿ ਇਸ ਫ਼ਸਲ ਵਿਚ ਨਦੀਨਾਂ ਦੀ ਰੋਕਥਾਮ ਕਰਨ ਦੀ ਲੋੜ ਵੱਲ ਇਸ਼ਾਰਾ ਕਰਦਾ ਹੈ। ਮੱਕੀ ਦੀ ਫ਼ਸਲ ਵਿਚ ਕਈ ਤਰ੍ਹਾਂ ਦੇ ਨਦੀਨ ਜਿਵੇਂ ਕਿ ਮੌਸਮੀ ਘਾਹ-ਗੁੜਤ ਮਧਾਣਾ, ਮੱਕੜਾ, ਤੱਕੜੀ ਘਾਹ, ਸਵਾਂਕ, ਕਾਂ ਮੱਕੀ, ਬਾਂਸ ਪੱਤਾ, ਅਰੈਕਨੀ ਘਾਹ ਆਦਿ, ਮੌਸਮੀ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਇਟਸਿਟ, ਚੁਲਾਈ, ਤਾਂਦਲਾ ਅਤੇ ਬਹੁਸਾਲੀ ਨਦੀਨ ਜਿਵੇਂ ਕਿ ਗੰਢੀ ਵਾਲਾ ਮੋਥਾ ਆਦਿ ਹੁੰਦੇ ਹਨ। ਮੱਕੀ ਵਿਚ ਨਦੀਨਾਂ ਦੇ ਸਰਵਪੱਖੀ ਰੋਕਥਾਮ ਦੇ ਢੰਗ ਹੇਠਾਂ ਦਿੱਤੇ ਅਨੁਸਾਰ ਹੈ। ਮੱਕੀ ਵਿਚ ਰਵਾਂਹ ਦੀ ਅੰਤਰ-ਖੇਤੀ : ਮੱਕੀ ਵਿਚ ਰਵਾਂਹ ਦੀ ਅੰਤਰ ਫ਼ਸਲ ਬੀਜਣ ਨਾਲ ਨਦੀਨਾਂ ਦੀ ਅਸਰਦਾਰ ਰੋਕਥਾਮ ਕੀਤੀ ਜਾ ਸਕਦੀ ਹੈ।

ਮੱਕੀ ਦੀਆਂ ਦੋ ਕਤਾਰਾਂ ਵਿਚ ਰਵਾਂਹ ਦੀ ਇਕ ਜਾਂ ਦੋ ਕਤਾਰਾਂ ਬੀਜੀਆਂ ਜਾਂਦੀਆਂ ਹਨ। ਇਕ ਏਕੜ ਲਈ ਰਵਾਂਹ 88 ਦੀ ਕਿਸਮ ਦਾ 16 ਕਿਲੋ ਬੀਜ ਅਤੇ ਸੀ ਐਲ 367 ਕਿਸਮ ਦਾ 8 ਕਿਲੋ ਬੀਜ ਵਰਤਿਆ ਜਾਂਦਾ ਹੈ। ਰਵਾਂਹ ਇਸ ਤੋਂ ਪਹਿਲਾਂ ਕਿ ਮੱਕੀ ਦੇ ਬੂਟਿਆਂ ਨੂੰ ਲਪੇਟਾ ਮਾਰ ਲਵੇ, ਨੂੰ ਬਿਜਾਈ ਤੋਂ 35-45 ਦਿਨਾਂ ਬਾਅਦ ਚਾਰੇ ਲਈ ਵੱਢ ਲਿਆ ਜਾਵੇ।

ਇਸ ਤੋਂ ਬਾਅਦ ਨਦੀਨਾਂ ਦੀ ਕੋਈ ਸਮੱਸਿਆ ਨਹੀਂ ਆਉਂਦੀ। ਟਰੈਕਟਰ ਜਾਂ ਹੱਥ ਨਾਲ ਗੋਡੀ: ਇਸ ਦੇ ਬਦਲ ਵਿਚ ਟਰੈਕਟਰ ਨਾਲ ਜਾਂ ਹੱਥ ਨਾਲ ਮੱਕੀ ਦੀ ਬਿਜਾਈ ਤੋਂ 15 ਅਤੇ 30 ਦਿਨਾਂ ਬਾਅਦ ਦੋ ਗੋਡੀਆਂ ਕਰ ਕੇ ਵੀ ਨਦੀਨਾਂ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। ਖਾਦਾਂ ਦੀ ਸੁਚੱਜੀ ਵਰਤੋ : ਖਾਦਾਂ ਨੂੰ ਖੇਤ ਵਿਚ ਇਕਸਾਰ ਛੱਟੇ ਨਾਲ ਖਿਲਾਰਣ ਦੀ ਬਜਾਏ ਫ਼ਸਲ ਦੀ ਕਤਾਰ ਨਾਲ ਪੋਰ ਕੇ ਨਦੀਨਾਂ ਦੀ ਸੰਖਿਆ ਘਟਾਈ ਜਾ ਸਕਦੀ ਹੈ ਕਿਉਂਕਿ ਇਸ ਵਿਚ ਜ਼ਿਆਦਾਤਰ ਖਾਦ ਮੱਕੀ ਦੇ ਬੂਟੇ ਦੀਆਂ ਜੜ੍ਹਾਂ ਨੂੰ ਮਿਲਦੀ ਹੈ। ਰਸਾਇਣਿਕ ਤਰੀਕਿਆਂ ਨਾਲ ਰੋਕਥਾਮ : ਜੇਕਰ ਮੱਕੀ ਦੀ ਫ਼ਸਲ ਵਿਚ ਕੇਵਲ ਚੌੜੀ ਵਾਲੇ ਨਦੀਨਾਂ ਅਤੇ ਗੰਡੀ ਵਾਲੇ ਮੋਥੇ ਦੀ ਸਮੱਸਿਆ ਹੋਵੇ ਤਾਂ ਕਿਸੇ ਇਕ ਢੰਗ ਨਾਲ ਨਦੀਨਾਂ ਦੀ 100 ਫ਼ੀਸਦੀ ਰੋਕਥਾਮ ਨਹੀਂ ਕੀਤੀ ਜਾ ਸਕਦੀ ਅਤੇ ਨਦੀਨ ਦੀ ਕੋਈ ਨਾ ਕੋਈ ਕਿਸਮ ਬਚ ਜਾਂਦੀ ਹੈ ਤੇ ਫ਼ਸਲ ਦੇ ਝਾੜ ’ਤੇ ਅਸਰ ਪਾਉਂਦੀ ਹੈ। ਜੇਕਰ ਇਹ ਨਦੀਨ ਦੇ ਬੂਟੇ ਝਾੜ ’ਤੇ ਅਸਰ ਨਾ ਵੀ ਪਾਉਣ ਫਿਰ ਵੀ ਇਨ੍ਹਾਂ ਤੋਂ ਹਜ਼ਾਰਾਂ ਹੀ ਬੀਜ ਪੈਦਾ ਹੁੰਦੇ ਹਨ ਜਿਹੜੇ ਕਿ ਮਿੱਟੀ ਵਿਚ ਨਦੀਨਾਂ ਦੇ ਬੀਜਾਂ ਦੀ ਜਮ੍ਹਾਂ ਪੂੰਜੀ ਵਿਚ ਵਾਧਾ ਕਰਦੇ ਹਨ ਅਤੇ ਆਉਣ ਵਾਲੇ ਸਾਲਾਂ ’ਚ ਮੱਕੀ ਦੀ ਫ਼ਸਲ ’ਚ ਨਦੀਨਾਂ ਦੀ ਸਮੱਸਿਆ ਨੂੰ ਵਧਾ ਦਿੰਦੇ ਹਨ। ਇਹੋ ਜਿਹੇ ਨਦੀਨਾਂ ਦੇ ਬੂਟਿਆਂ ਨੂੰ ਬੀਜ ਬਣਨ ਤੋਂ ਪਹਿਲਾਂ ਪੁੱਟ ਦੇਣਾ ਚਾਹੀਦਾ ਹੈ। ਗੈਰ ਰਸਾਇਣਿਕ ਤਰੀਕਿਆਂ ਨੂੰ ਅਪਨਾ ਕੇ ਮੱਕੀ ’ਚ ਨਦੀਨ ਨਾਸ਼ਕ ਦੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ।

# ਲਾਹੇਵੰਦ ਸਾਬਤ ਹੋ ਰਿਹੈ ਹੈਚਰੀ ਅਤੇ ਬਰੀਡਿੰਗ ਫਾਰਮ ਦਾ ਧੰਦਾ



**ਜਦੋਂ ਮੁਰਗੀਆਂ ਵਲੋਂ ਇੰਜੈਕਸ਼ਨ ਲਗਾਉਣ ਤੋਂ ਬਾਅਦ ਕਰੀਬ 1 ਹਫ਼ਤੇ ’ਚ ਆਂਡੇ ਦੇਣ ਦਾ ਪ੍ਰੋਸੈਸ ਸ਼ੁਰੂ ਹੋ ਜਾਂਦਾ ਹੈ ਤਾਂ ਲੇਬਰ ਵਲੋਂ ਇਨ੍ਹਾਂ ਆਂਡਿਆਂ ਨੂੰ ਟਰੇਆਂ ’ਚ ਇਕੱਠਾ ਕਰ ਕੇ ਅਲਟਰਾਸਾਊਡ ਇਲੈਕਟ੍ਰਾਨਿਕ ਮਸ਼ੀਨ ਰਾਹੀ ਲੰਘਾਇਆ ਜਾਂਦਾ ਹੈ। ਇਨ੍ਹਾਂ ਕੁੱਲ ਆਂਡਿਆਂ ਵਿਚੋਂ ਜਿਹੜੇ ਆਂਡਿਆਂ ’ਚੋਂ ਮਸ਼ੀਨ ਰਾਹੀਂ ਰੋਸ਼ਨੀ ਆਰ-ਪਾਰ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਅਲੱਗ ਕੱਢ ਲਿਆ ਜਾਂਦਾ ਹੈ। ਇਹ ਆਂਡੇ ਸਿੱਧੇ ਸ਼ੈਂਪੂ ਤਿਆਰ ਕਰਨ ਵਾਲੀਆਂ ਫੈਕਟਰੀਆਂ ਵਾਲੇ ਖ਼ਰੀਦ ਲੈਂਦੇ ਹਨ।**

• ਸਰਬਜੀਤ ਸਿੰਘ ਸੈਣੀ

ਚੰ ਡੀਗੜ੍ਹ ਤੋਂ ਅੰਬਾਲਾ ਕੌਮੀ ਸ਼ਾਹ ਮਾਰਗ ’ਤੇ ਸਥਿਤ ਜ਼ਿਲ੍ਹਾ ਮੋਹਾਲੀ ਦੇ ਪਿੰਡ ਬਟੋਲੀ ਵਿਚ ਧਰਮਿੰਦਰ ਸਿੰਘ ਵੱਲੋਂ ਪਿਛਲੇ 6 ਸਾਲਾਂ ਤੋਂ ਪੋਲਟਰੀ ਫਾਰਮ ’ਚ ਕੀਤਾ ਗਿਆ ਹੈਚਰੀ ਅਤੇ ਬਰੀਡਿੰਗ ਫਾਰਮ ਦਾ ਧੰਦਾ ਕਾਫੀ ਲਾਹੇਵੰਦ ਸਾਬਤ ਹੋ ਰਿਹਾ ਹੈ। ਇਸ ਬਰੀਡਿੰਗ ਫਾਰਮ ’ਚ ਇਲੈਕਟ੍ਰਾਨਿਕ ਮਸ਼ੀਨਾਂ ਰਾਹੀ ਆਂਡਿਆਂ ’ਚੋਂ ਚੂਚੇ ਕੱਢ ਕੇ ਵੇਚਣ ਦੀ ਨਿਕਾਸੀ ਡੇਢ ਲੱਖ ਪ੍ਰਤੀ ਮਹੀਨਾ ਹੈ। ਇਨ੍ਹਾਂ ਵਧੀਆ ਨਸਲ ਦੇ ਚੂਚਿਆਂ ਨੂੰ ਖ਼ਰੀਦਣ ਲਈ ਪੰਜਾਬ ਤੋਂ ਇਲਾਵਾ ਹਰਿਆਣਾ, ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਤੱਕ ਦੇ ਪੋਲਟਰੀ ਫਾਰਮਰ ਪਹੁੰਚਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਧਰਮਿੰਦਰ ਸਿੰਘ ਨੇ ਦੱਸਿਆ ਕਿ ਉਹ ਕਰੀਬ 4 ਸਾਲਾਂ ਤੋਂ ਆਪਣੇ ਖੇਤਾਂ ’ਚ ਆਧੁਨਿਕ ਤਕਨੀਕਾਂ ਨਾਲ ਲੈਸ ਪੋਲਟਰੀ ਫਾਰਮ ਵਿਚ ਹੈਚਰੀ ਅਤੇ ਬਰੀਡਿੰਗ ਫਾਰਮ ਦਾ ਧੰਦਾ ਕਰ ਰਿਹਾ ਹੈ। ਭਾਵੇਂ ਇਹ ਕੰਮ ਕਾਫੀ ਨਾਜ਼ੁਕ ਅਤੇ ਜ਼ੋਖ਼ਮ ਭਰਿਆ ਹੈ ਪਰ ਫਿਰ ਵੀ ਉਹ ਆਪਣੀ ਮਿਹਨਤੀ ਵਰਕਰਾਂ ਦੀ ਟੀਮ ਦੇ ਸਹਾਰੇ ਇਸ ਧੰਦੇ ਨੂੰ ਚਲਾ ਕੇ ਲੱਖਾਂ ਰੁਪਏ ਮੁਨਾਫ਼ਾ ਕਮਾ ਰਿਹਾ ਹੈ। ਉਨ੍ਹਾਂ ਦੇ ਫਾਰਮ ਵਿਚ ਵੈਨਕੀ ਨਾਮਕ ਅਮਰੀਕੀ ਨਸਲ ਦੇ ਚੂਚੇ ਲਿਆਂਦੇ ਜਾਂਦੇ ਹਨ, ਜਿਨ੍ਹਾਂ ਦਾ ਵਜ਼ਨ 35 ਤੋਂ 40 ਗ੍ਰਾਮ ਤੱਕ ਹੁੰਦਾ ਹੈ। ਫਿਰ ਇਨ੍ਹਾਂ ਨੂੰ ਪਾਲਣ ਲਈ 6 ਮਹੀਨੇ ਤੱਕ ਆਪਣੇ ਫਾਰਮ ’ਚ ਖਾਣ ਲਈ ਫੀਡ, ਪੀਣ ਲਈ ਸਾਫ਼ ਪਾਣੀ ਤੋਂ ਇਲਾਵਾ ਅੰਦਰਲਾ ਤਾਪਮਾਨ ਸਥਿਰ ਰੱਖਣ ਲਈ ਤਾਜ਼ੀ ਹਵਾ ਦੇ ਲਈ ਵੱਡੇ ਪੱਖੇ ਤੇ ਕੂਲਰਾਂ ਦਾ ਵੀ ਪ੍ਰਬੰਧ ਹੈ। ਜਦੋਂ ਚੂਚੇ 6 ਮਹੀਨੇ ਦੀ ਉਮਰ ਪਾਰ ਕਰ ਜਾਂਦੇ ਹਨ ਤਾਂ ਉਨ੍ਹਾਂ ਦੀ ਗਿਣਤੀ ਪੇਰੈਂਟਸ ’ਚ ਆ ਜਾਂਦੀ ਹੈ। ਇਨ੍ਹਾਂ ਪੇਰੈਂਟਸ ’ਚ ਫਾਰਮ ਦੇ ਸੁਪਰਵਾਈਜ਼ਰ ਅਤੇ ਫਾਰਮਾਸਿਸਟਾਂ ਦੁਆਰਾ ਮੁਰਗਿਆਂ ਦਾ ਸੀਮਨਸ ਲੈ ਕੇ ਅੱਗੇ ਮੁਰਗੀਆਂ ਤੋਂ ਆਂਡੇ ਲੈਣ ਲਈ ਟੀਕੇ ਲਗਾਏ ਜਾਂਦੇ ਹਨ। ਜਦੋਂ ਮੁਰਗੀਆਂ ਵਲੋਂ ਇੰਜੈਕਸ਼ਨ ਲਗਾਉਣ ਤੋਂ ਬਾਅਦ ਕਰੀਬ 1 ਹਫ਼ਤੇ ’ਚ ਆਂਡੇ ਦੇਣ ਦਾ ਪ੍ਰੋਸੈਸ ਸ਼ੁਰੂ ਹੋ ਜਾਂਦਾ ਹੈ ਤਾਂ ਲੇਬਰ ਵਲੋਂ ਇਨ੍ਹਾਂ ਆਂਡਿਆਂ ਨੂੰ ਟਰੇਆਂ ’ਚ ਇਕੱਠਾ ਕਰ ਕੇ ਅਲਟਰਾਸਾਊਂਡ ਇਲੈਕਟ੍ਰਾਨਿਕ ਮਸ਼ੀਨ ਰਾਹੀ ਲੰਘਾਇਆ ਜਾਂਦਾ ਹੈ। ਇਨ੍ਹਾਂ ਕੁੱਲ ਆਂਡਿਆਂ ਵਿਚੋਂ ਜਿਹੜੇ ਆਂਡਿਆਂ ’ਚੋਂ ਮਸ਼ੀਨ ਰਾਹੀਂ ਰੋਸ਼ਨੀ ਆਰ-ਪਾਰ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਅਲੱਗ ਕੱਢ ਲਿਆ ਜਾਂਦਾ ਹੈ। ਇਹ ਆਂਡੇ ਸਿੱਧੇ ਸ਼ੈਂਪੂ ਤਿਆਰ ਕਰਨ ਵਾਲੀਆਂ ਫੈਕਟਰੀਆਂ ਵਾਲੇ ਖ਼ਰੀਦ ਲੈਂਦੇ ਹਨ। ਇਸ ਤੋਂ ਇਲਾਵਾ ਜਿਹੜੇ ਆਂਡਿਆਂ ’ਚ ਰੋਸ਼ਨੀ ਆਰ-ਪਾਰ ਨਹੀ ਹੁੰਦੀ, ਉਨ੍ਹਾਂ ਆਂਡਿਆਂ ਨੂੰ ਵਜ਼ਨ ਦੇ ਅਧਾਰ ’ਤੇ 70 ਗ੍ਰਾਮ ਦੇ ਆਂਡੇ ਨੂੰ ਏ, 60 ਗ੍ਰਾਮ ਨੂੰ ਬੀ ਅਤੇ 50 ਗ੍ਰਾਮ ਨੂੰ ਸੀ ਕੈਟਾਗਿਰੀ ’ਚ ਵੰਡਿਆ ਜਾਂਦਾ ਹੈ। ਚੂਚੇ ਤਿਆਰ ਕਰਨ ਲਈ ਆਂਡਿਆਂ ਨੂੰ ਡਬਲ ਸ਼ਟਰ ਇਲੈਕਟ੍ਰਾਨਿਕ ਮਸ਼ੀਨ ਵਿਚ ਹੀਟ ਦੇਣ ਲਈ 18 ਦਿਨਾਂ ਤੱਕ 99.89 ਤਾਪਮਾਨ ’ਤੇ ਰੱਖਿਆ ਜਾਂਦਾ ਹੈ। ਫਿਰ 18 ਦਿਨਾਂ ਬਾਅਦ ਜਦੋਂ ਆਂਡਿਆਂ ਦਾ ਰੰਗ ਬਦਲ ਜਾਂਦਾ ਹੈ ਤਾਂ ਆਂਡਿਆਂ ਨੂੰ ਦੂਜੀ ਮਸ਼ੀਨ ਵਿਚ 97.90 ਤਾਪਮਾਨ ’ਤੇ ਰੱਖਿਆ ਜਾਂਦਾ ਹੈ ਤਾਂ ਦੂਜੇ ਦਿਨ ਤੱਕ ਆਂਡੇ ਆਪਣੇ ਆਪ ਟੁੱਟ ਜਾਂਦੇ ਹਨ ਤੇ ਚੂਚੇ ਨਿਕਲ ਆਉਂਦੇ ਹਨ। ਪੇਰੈਂਟਸ ਮੁਰਗੀਆਂ ਨੂੰ ਡੇਢ ਸਾਲ ਬਾਅਦ ਮੀਟ ਲਈ ਤੋਲ ਕੇ ਵੇਚ ਦਿੱਤਾ ਜਾਂਦਾ ਹੈ ਤੇ ਨਵੀਆਂ ਮੁਰਗੀਆਂ ਤਿਆਰ ਕਰ ਲਈਆਂ ਜਾਂਦੀਆਂ ਹਨ। ਉਨਾਂ ਦਾ ਕਹਿਣਾ ਹੈ ਕਿ ਚੂਚਿਆਂ ’ਚ ਸਿਰਫ ਵੈਨਕੀ ਕੋਬ 400 ਵਾਈ ਅਮਰੀਕਾ ਤੋਂ ਆਈ ਵਿਦੇਸ਼ੀ ਨਸਲ ਹੈ ਜਿਸਦੀ ਮਾਰਕਿਟ ’ਚ ਬਹੁਤ ਮੰਗ ਹੈ, ਜਦ ਕਿ ਰੋਜ਼, ਹਬਰ, ਇੰਡ ਬਰੋਅ, ਅਤੇ ਸੀ.ਐਂਡ.ਐਮ ਚੂਚਿਆਂ ਦੀਆਂ ਭਾਰਤੀ ਨਸਲਾਂ ਹਨ, ਜਿਹੜੀਆਂ ਬਾਜ਼ਾਰ ’ਚ ਵਿਕਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕੰਮ ਭਾਵੇਂ ਕਾਫੀ ਲਾਹੇਵੰਦ ਸਾਬਤ ਹੋ ਰਿਹਾ ਹੈ ਪਰ ਇਸ ਕੰਮ ਦੀ ਆਪਣੇ ਪੱਧਰ ’ਤੇ ਪੂਰੀ ਨਿਗ੍ਹਾ ਰੱਖਣੀ ਪੈਂਦੀ ਹੈ।

ਮੋ. 8054004180

# ਜੁਲਾਈ ਮਹੀਨੇ ਦੇ ਬਾ.ਗਬਾਨੀ ਰੁਝੇਵੇਂ

### ਫਲਦਾਰ ਬੂਟੇ

- ਗਰਮੀ ਦੇ ਮੌਸਮ ਵਿਚਫਲਦਾਰ ਬੂਟਿਆਂ ਖ਼ਾਸ ਕਰਕੇ ਅੰਬ, ਨਿੰਬੂ ਜਾਤੀ, ਅਮਰੂਦ ਜਿਨ੍ਹਾਂ ’ਤੇ ਫਲ ਲੱਗਾ ਹੁੰਦਾ ਹੈ, ਨੂੰ ਸਹੀ ਵਕਫ਼ੇ ’ਤੇ ਪਾਣੀ ਦਿੰਦੇ ਰਹੋ।
- ਨਵੇਂ ਲਾਏ ਬੂਟਿਆਂ ਨੂੰ ਗਰਮੀ ਤੋਂ ਬਚਾਉਣ ਲਈ ਹਲਕੀ ਸਿੰਚਾਈ ਕਰਦੇ ਰਹੋ ਅਤੇ ਤਣਿਆਂ ’ਤੇ ਚੂਨੇ ਦਾ ਘੋਲ ਲਗਾ ਦਿਓ।
- ਬਾ.ਗਾਂ ਵਿਚ ਜ਼ਮੀਨ ਦੀ ਸਿੱਲ੍ਹ ਸਾਂਭਣ ਲਈ ਅਤੇ ਨਦੀਨਾਂ ਦੀ ਰੋਕਥਾਮ ਲਈ ਪਰਾਲੀ ਵਿਛਾ ਦਿਓ।
- ਬੇਰਾਂ ਦੇ ਬੂਟਿਆਂ ਦੀ ਕਾਂਟ ਛਾਂਟ ਕਰਕੇ ਦੇਸੀ ਰੂੜੀ ਪਾ ਦਿਓ।
- ਨਿੰਬੂ ਜਾਤੀ ਫਲਾਂ ਦੇ ਕੀੜਿਆਂ ਦੀ ਰੋਕਥਾਮ ਲਈ 1250 ਮਿਲੀ. ਰੋਗਰ 30 ਤਾਕਤ ਜਾਂ 200 ਮਿਲੀ. ਕਨਫੀਡੋਰ 178 ਤਾਕਤ ਜਾਂ 160 ਗ੍ਰਾਮ ਐਕਟਾਰਾ 253 ਬਲਯੂ ਜੀ ਨੂੰ 500 ਲੀਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ।
- ਅੰਗੂਰ ਦੇ ਗੁੱਛਿਆਂ ਨੂੰ ਗਲ੍ਹਣ ਤੋਂ ਬਚਾਉਣ ਲਈ 0.2 ਫ਼ੀਸਦੀ ਜ਼ੀਰਮ ਦਾ ਛਿੜਕਾਅ ਕਰੋ ਅਤੇ 7 ਦਿਨ ਲਈ ਫਲ ਨਾ ਤੋੜੋ।

### ਸਬਜ਼ੀਆਂ

ਸਬਜ਼ੀਆਂ ਨੂੰ ਹਫ਼ਤੇ ਵਿਚ ਇਕ ਵਾਰ ਪਰ ਹਲਕੀਆਂ ਜ਼ਮੀਨਾਂ ’ਤੇ ਹਫ਼ਤੇ ’ਚ ਦੋ ਵਾਰ ਪਾਣੀ ਦਿਓ।

- ਮੂਲੀ ਦੀ ਪੂਸਾ ਚੇਤਕੀ ਕਿਸਮ ਦੀ ਵੱਟਾਂ ’ਤੇ 45ਸੈ.ਮੀ. ਦੇ ਫ਼ਾਸਲੇ ’ਤੇ ਬਿਜਾਈ ਕਰੋ।
- ਭਿੰਡੀ ਦੀ ਪੰਜਾਬ 8 ਜਾਂ ਪੰਜਾਬ 7 ਕਿਸਮਾਂ ਦੀ ਬੀਜਾਈ ਸ਼ੁਰੂ ਕਰ ਦਿਓ ਕਿਉਂਕਿ ਇਹ ਦੋਵੇਂ ਕਿਸਮਾਂ ਹੀ ਪੀਲੇ ਵਿਸ਼ਾਣੂ ਰੋਗ ਨੂੰ ਸਹਾਰ ਸਕਦੀਆਂ ਹਨ। ਬੀਜ ਦੀ ਮਾਤਰਾ 4-6 ਕਿਲੋ ਪ੍ਰਤੀ ਏਕੜ ਵਰਤੋ ਅਤੇ 15-20 ਟਨ ਦੇਸੀ ਰੂੜੀ ਤੇ 40 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਨਦੀਨਾਂ ਤੋਂ ਰੋਕਥਾਮ ਲਈ 1 ਲੀਟਰ ਸਟੌਂਪ ਜਾਂ 750 ਮਿਲੀ. ਬਾਸਾਲਿਨ ਪ੍ਰਤੀ ਏਕੜ ਵਰਤੋ।
- ਭਿੰਡੀ ਫ਼ਸਲ ਤੇ ਜੂੰ ਦੀ ਰੋਕਥਾਮ ਲਈ 250 ਮਿਲੀ. ਮੈਟਾਸਿਸਟਾਕਸ 25 ਤਾਕਤ ਜਾਂ ਰੋਗਰ 30 ਤਾਕਤ ਨੂੰ 100-125 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

### ਸਜਾਵਟੀ ਬੂਟੇ

- ਮੌਸਮੀ ਫੁੱਲਾਂ ਨੂੰ ਹਫ਼ਤੇ ਵਿਚ 2-3 ਵਾਰ ਪਾਣੀ ਦਿਓ।
- ਬਰਸਾਤ ਰੁੱਤ ਦੇ ਮੌਸਮੀ ਫੁੱਲ ਜਿਵੇਂ ਕਿ ਬਾਲਸਮ, ਕੋਸਮੋਸ, ਕੁੱਕੜ ਕਲਗਾ, ਗਲਾਰਡੀਆ ਆਦਿ ਦੀ ਪਨੀਰੀ ਤਿਆਰ ਕਰਨ ਲਈ ਬੀਜ ਦੀ ਬਿਜਾਈ ਕਰ ਦਿਓ।
- ਪੱਕੇ ਬੂਟਿਆਂ ਨੂੰ ਵੀ ਪਾਣੀ ਦਿੰਦੇ ਰਹੋ ਅਤੇ ਨਵੇਂ ਬੂਟਿਆਂ ਨੂੰ ਧੁੱਪ ਤੋਂ ਬਚਾਉਣ ਲਈ ਕੁੱਲੀਆਂ ਬਣਾ ਕੇ ਛਾਂ ’ਚ ਰੱਖੋ।

### ਖੁੰਬਾਂ

- ਪਰਾਲੀ ਵਾਲੀ ਖੁੰਬ ਦੀ ਕਾਸ਼ਤ ਜੂਨ ਮਹੀਨੇ ਵਿਚ ਜਾਰੀ ਰਖੋ।
- ਪਹਿਲਾ ਲਗਾਈ ਪਰਾਲੀ ਖੁੰਬ ’ਤੇ ਰੋਜ਼ਾਨਾ ਦੋ ਵਾਰ ਪਾਣੀ ਦਾ ਛਿੜਕਾਅ ਕਰੋ।
- ਮਿਲਕੀ ਖੁੰਬ ਜਿਸ ਦੀ ਬਿਜਾਈ ਅਪ੍ਰੈਲ ਮਈ ਵਿਚ ਕੀਤੀ ਹੈ, ਦੀ ਕੈਸਿੰਗ ਕਰ ਦਿਓ।

• ਡਾ. ਸੁਖਦੀਪ ਸਿੰਘ ਹੁੰਦਲ

# ਗੁਪਤਾ ਨੇ ਰਾਜ ਦੇ ਸਰੋਤਾਂ ਦੇ ਪ੍ਰਬੰਧਨ ਅਤੇ ਵਿਕਾਸ ਵਿੱਚ ਵਿਧਾਨ ਸਭਾ ਦੀ ਭੂਮਿਕਾ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 30 ਜੂਨ: ਦਿੱਲੀ ਵਿਧਾਨ ਸਭਾ ਦੇ ਮਾਣਯੋਗ ਸਪੀਕਰ ਸ਼੍ਰੀ ਵਿਜੇਂਦਰ ਗੁਪਤਾ ਨੇ ਅੱਜ ਧਰਮਸ਼ਾਲਾ ਦੇ ਤਪੋਵਨ ਵਿਖੇ ਆਯੋਜਿਤ ਰਾਸ਼ਟਰਮੰਡਲ ਸੰਸਦੀ ਸੰਘ (ਸੀਪੀਏ), ਭਾਰਤ ਖੇਤਰ, ਜ਼ੋਨ-2 ਦੇ ਸਾਲਾਨਾ ਸੰਮੇਲਨ ਨੂੰ ਸੰਬੋਧਨ ਕੀਤਾ। ਇਸ ਮੌਕੇ 'ਤੇ ਦਿੱਲੀ, ਹਰਿਆਣਾ, ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਦੀਆਂ ਵਿਧਾਨ ਸਭਾਵਾਂ ਦੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਅਤੇ ਮੈਂਬਰਾਂ ਨਾਲ ਗੱਲਬਾਤ ਕੀਤੀ ਗਈ। ਰਾਜ ਦੇ ਸਰੋਤਾਂ ਦੇ ਪ੍ਰਬੰਧਨ ਵਿੱਚ ਵਿਧਾਨ ਸਭਾਵਾਂ ਦੀ ਭੂਮਿਕਾ ਬਨਾਮ ਰਾਜ ਦੇ ਵਿਕਾਸ ਵਿਸ਼ੇ 'ਤੇ ਬੋਲਦੇ ਹੋਏ, ਸ਼੍ਰੀ ਗੁਪਤਾ ਨੇ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ??ਕਰਨ ਅਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਣ ਵਿੱਚ ਮਜ਼ਬੂਤ ??ਵਿਧਾਨ ਸਭਾਵਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਨੂੰ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ ਕਿਉਂਕਿ ਇਹ ਹਰ ਯੋਜਨਾ, ਨੀਤੀ ਅਤੇ ਕਾਨੂੰਨ ਨੂੰ ਜਨਤਕ ਭਾਗੀਦਾਰੀ, ਚਰਚਾ ਅਤੇ ਸਮੂਹਿਕ ਫੈਸਲੇ ਰਾਹੀਂ ਪ੍ਰਵਾਨਗੀ ਦਿੰਦੀ ਹੈ। ਇਹ ਪ੍ਰਕਿਰਿਆ ਇਹ ਯਕੀਨੀ ਬਣਾਉਂਦੀ ਹੈ ਕਿ ਫੈਸਲੇ ਸੰਤੁਲਿਤ ਹੋਣ ਅਤੇ ਸਮਾਜ ਦੇ ਸਾਰੇ ਵਰਗਾਂ ਦੀਆਂ ਆਵਾਜ਼ਾਂ ਨੂੰ ਉਨ੍ਹਾਂ ਵਿੱਚ ਸ਼ਾਮਲ ਕੀਤਾ ਜਾਵੇ। ਮਾਣਯੋਗ ਸਪੀਕਰ ਨੇ ਕਿਹਾ ਕਿ ਵਿਕਾਸ ਦੀ ਯੋਜਨਾਬੰਦੀ ਇੱਕ ਗੁੰਝਲਦਾਰ ਕੰਮ ਹੈ, ਜਿਸ ਵਿੱਚ ਨੀਤੀਆਂ ਦੇ ਨਿਰਮਾਣ, ਲਾਗੂਕਰਨ ਅਤੇ ਮੁਲਾਂਕਣ ਰਾਹੀਂ ਸਮਾਵੇਸ਼ੀ ਵਿਕਾਸ ਦੀ ਨੀਂਹ ਰੱਖਣ ਵਿੱਚ ਵਿਧਾਨ ਸਭਾ ਦੀ ਭੂਮਿਕਾ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਸਾਲਾਨਾ ਬਜਟ ਸਿੱਧੇ ਤੌਰ 'ਤੇ ਆਮ ਆਦਮੀ 'ਤੇ ਪ੍ਰਭਾਵ ਪਾਉਂਦੇ ਹਨ - ਭਾਵੇਂ ਇਹ ਗਰੀਬਾਂ ਲਈ ਭਲਾਈ ਯੋਜਨਾਵਾਂ ਹੋਣ, ਹਸਪਤਾਲਾਂ ਵਿੱਚ ਦਵਾਈਆਂ ਦੀ ਉਪਲਬਧਤਾ ਹੋਵੇ ਜਾਂ ਸਕੂਲਾਂ ਵਿੱਚ ਬਿਹਤਰ ਸਹੂਲਤਾਂ ਹੋਣ - ਵਿਧਾਨ ਸਭਾ ਇਹ ਯਕੀਨੀ ਬਣਾਉਂਦੀ ਹੈ ਕਿ ਸਰੋਤਾਂ ਦੀ ਬਰਾਬਰੀ ਅਤੇ ਨਿਆਂਪੂਰਨ ਢੰਗ ਨਾਲ ਵੰਡ ਕੀਤੀ ਜਾਵੇ। ਸ੍ਰੀ ਗੁਪਤਾ ਨੇ ਪ੍ਰਸ਼ਨ ਕਾਲ, ਧਿਆਨ ਦਿਵਾਊ ਪ੍ਰਸਤਾਵਾਂ ਅਤੇ ਵਿਸ਼ੇਸ਼ ਚਰਚਾਵਾਂ ਵਰਗੇ ਸੰਸਦੀ ਯੰਤਰਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜੋ ਲੋਕ ਪ੍ਰਤੀਨਿਧੀਆਂ ਨੂੰ ਸਥਾਨਕ ਮੁੱਦੇ ਉਠਾਉਣ, ਵਿਕਾਸ ਯੋਜਨਾਵਾਂ ਦੀ ਨਿਗਰਾਨੀ ਕਰਨ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣ ਦੇ ਯੋਗ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿੱਧਾ ਸਬੰਧ ਲੋਕਤੰਤਰ ਦੀਆਂ ਜੜ੍ਹਾਂ ਨੂੰ ਮਜ਼ਬੂਤ ??ਕਰਦਾ ਹੈ। ਉਨ੍ਹਾਂ ਸੰਸਦੀ ਕਮੇਟੀਆਂ, ਖਾਸ ਕਰਕੇ ਵਿੱਤੀ ਅਤੇ ਵਿਭਾਗੀ ਕਮੇਟੀਆਂ ਦੀ ਭੂਮਿਕਾ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ, ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਸਰਕਾਰੀ ਖਰਚ ਨਿਯਮਾਂ ਦੇ ਅਨੁਸਾਰ ਹੋਵੇ ਅਤੇ ਕਿਸੇ



ਵੀ ਬੇਨਿਯਮੀਆਂ ਦੀ ਜਾਂਚ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇ। ਇਹ ਕਮੇਟੀਆਂ ਵਿੱਤੀ ਅਨੁਸ਼ਾਸਨ ਬਣਾਈ ਰੱਖਦੀਆਂ ਹਨ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਭਲਾਈ ਸਕੀਮਾਂ ਦੇ ਅਸਲ ਲਾਭ ਨਿਸ਼ਾਨਾਬੱਧ ਵਰਗਾਂ ਤੱਕ ਪਹੁੰਚਣ। ਮਾਣਯੋਗ ਸਪੀਕਰ ਨੇ ਕਿਹਾ ਕਿ ਸੀਮਤ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ, ਅਤੇ ਵਿਧਾਨ ਸਭਾ ਇਹ ਯਕੀਨੀ ਬਣਾਉਂਦੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਬਰਬਾਦੀ, ਭ੍ਰਿਸ਼ਟਾਚਾਰ ਜਾਂ ਕੁਪ੍ਰਬੰਧਨ ਨਾ ਹੋਵੇ। ਸਹਿਕਾਰੀ ਰਾਜਨੀਤੀ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਸ਼੍ਰੀ ਗੁਪਤਾ ਨੇ ਸਾਰੇ ਜਨ ਪ੍ਰਤੀਨਿਧੀਆਂ ਨੂੰ ਪਾਰਟੀ ਰਾਜਨੀਤੀ ਤੋਂ ਉੱਪਰ ਉੱਠਣ ਅਤੇ ਸਦਨ ਦੀ ਕਾਰਵਾਈ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਜਨਹਿੱਤ ਨੂੰ ਸਭ ਤੋਂ ਵੱਧ ਤਰਜੀਹ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾਵਾਂ ਸਿਰਫ਼ ਰਸਮੀ ਸੰਸਥਾਵਾਂ ਨਹੀਂ ਹਨ, ਸਗੋਂ ਰਾਜ ਦੀ ਆਤਮਾ ਹਨ, ਜੋ ਸ਼ਾਸਨ, ਨਿਆਂ ਅਤੇ ਤਰੱਕੀ ਦੀ ਦਿਸ਼ਾ ਨਿਰਧਾਰਤ ਕਰਦੀਆਂ ਹਨ। ਆਪਣੇ ਭਾਸ਼ਣ ਦੀ ਸਮਾਪਤੀ ਕਰਦੇ ਹੋਏ, ਮਾਣਯੋਗ ਸਪੀਕਰ ਸ਼੍ਰੀ ਗੁਪਤਾ ਨੇ ਨੀਤੀ ਨਿਰਮਾਣ ਵਿੱਚ ਰਾਸ਼ਟਰ ਦੇ ਵਿਕਾਸ ਟੀਚਿਆਂ ਵਿੱਚ ਦ੍ਰਿਸ਼ਟੀ, ਸਮਾਵੇਸ਼ੀ, ਖੇਤਰੀ ਸਾਰਥਕਤਾ, ਵਾਤਾਵਰਣ ਸਥਿਰਤਾ ਅਤੇ ਇਕਸਾਰਤਾ ਵਾਲਾ ਦ੍ਰਿਸ਼ਟੀਕੋਣ ਅਪਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਬਿਨਾ ਤਲਾਕ ਦੇ ਦੋ ਵਿਆਹ ਹੋਣ 'ਤੇ ਕਿਸ ਪਤਨੀ ਨੂੰ ਮਿਲੇਗੀ ਨੌਕਰੀ? ਹਾਈ ਕੋਰਟ ਦਾ ਅਹਿਮ ਫ਼ੈਸਲਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ 30 ਜੂਨ। ਪਹਿਲੀ ਪਤਨੀ ਤੋਂ ਰਸਮੀ ਤਲਾਕ ਨਾ ਲੈਣ ਦੇ ਬਾਵਜੂਦ, ਹਾਈ ਕੋਰਟ ਨੇ ਪਤੀ ਦੁਆਰਾ ਨਾਮਜ਼ਦ ਦੂਜੀ ਪਤਨੀ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਲੈਣ ਦਾ ਹੱਕਦਾਰ ਠਹਿਰਾਇਆ ਹੈ। ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਭਾਵੇਂ ਪਹਿਲੀ ਪਤਨੀ ਤੋਂ ਕੋਈ ਕਾਨੂੰਨੀ ਤਲਾਕ ਨਹੀਂ ਹੋਇਆ, ਫ਼ਿਰ ਵੀ ਪਤੀ ਦੁਆਰਾ ਨਾਮਜ਼ਦ ਦੂਜੀ ਪਤਨੀ ਤਰਸ ਦੇ ਅਧਾਰ 'ਤੇ ਨਿਯੁਕਤੀ ਦੀ ਹੱਕਦਾਰ ਹੋਵੇਗੀ। ਮੌਜੂਦਾ ਮਾਮਲੇ ਵਿਚ, ਸਬੰਧਤ ਵਿਭਾਗ ਦੇ ਕਾਨੂੰਨ ਅਧਿਕਾਰੀ ਨੇ ਕਿਹਾ ਸੀ ਕਿ ਮ੍ਰਿਤਕ ਕਰਮਚਾਰੀ ਦਾ ਪਹਿਲਾ ਵਿਆਹ ਪੰਚਾਇਤ ਦੁਆਰਾ ਭੰਗ ਕਰ ਦਿੱਤਾ ਗਿਆ ਸੀ, ਪਰ ਇਸ ਦੀ ਕੋਈ ਕਾਨੂੰਨੀ ਵੈਧਤਾ ਨਹੀਂ ਸੀ। ਇਸ ਲਈ, ਦੂਜਾ ਵਿਆਹ ਵੈਧ ਨਹੀਂ ਹੋਵੇਗਾ। ਦੂਜੀ ਪਤਨੀ ਨੂੰ ਤਰਸਯੋਗ ਨਿਯੁਕਤੀ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਕਿਹਾ ਕਿ ਪਹਿਲੀ ਪਤਨੀ ਨੇ ਇਕ ਹਲਫ਼ਨਾਮਾ ਦਿੱਤਾ ਹੈ ਕਿ ਉਹ ਤਰਸ ਦੇ ਆਧਾਰ 'ਤੇ ਨਿਯੁਕਤੀ ਦਾ ਦਾਅਵਾ ਨਹੀਂ ਕਰੇਗੀ। ਇਹ ਮੰਨਿਆ ਜਾਂਦਾ ਹੈ ਕਿ ਦੂਜੀ ਪਤਨੀ ਅਤੇ ਉਨ੍ਹਾਂ ਦੇ ਬੱਚੇ ਪੂਰੀ ਤਰ੍ਹਾਂ ਮ੍ਰਿਤਕ 'ਤੇ ਨਿਰਭਰ ਸਨ। ਹਾਈ ਕੋਰਟ ਨੇ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਅਤੇ ਪੀ.ਐੱਸ.ਪੀ.ਸੀ.ਐੱਲ. ਨੂੰ ਪਟੀਸ਼ਨਕਰਤਾ ਦੂਜੀ ਪਤਨੀ ਨੂੰ ਤਰਸਯੋਗ ਨਿਯੁਕਤੀ ਦੇਣ ਦਾ ਨਿਰਦੇਸ਼ ਦਿੱਤਾ। ਹਾਈ ਕੋਰਟ ਨੇ ਸੁਪਰੀਮ ਕੋਰਟ ਦੇ ਇਕ ਕੇਸ ਦਾ ਹਵਾਲਾ ਦਿੱਤਾ, ਜਿਸ ਵਿਚ ਪਤੀ ਨੇ ਦੂਜਾ ਵਿਆਹ ਕੀਤਾ ਜਦੋਂ ਕਿ ਪਹਿਲਾ ਵਿਆਹ ਅਜੇ ਵੀ ਮੌਜੂਦ ਸੀ ਜੋ ਕਿ ਰੱਦ ਸੀ। ਦੂਜੀ ਪਤਨੀ ਨੂੰ ਪੈਨਸ਼ਨ ਗ੍ਰਾਂਟ ਦੀ ਹੱਕਦਾਰ ਠਹਿਰਾਇਆ ਗਿਆ ਸੀ ਕਿਉਂਕਿ ਉਸ ਨੂੰ ਸੇਵਾ ਰਿਕਾਰਡ ਵਿਚ ਨਾਂ ਐਲਾਨਿਆ ਗਿਆ ਸੀ। ਇਹ ਜ਼ਿਕਰਯੋਗ ਹੈ ਕਿ ਮ੍ਰਿਤਕ ਪੀ.ਐੱਸ.ਪੀ.ਸੀ.ਐੱਲ ਵਿਚ ਨਿਯਮਤ ਤੌਰ 'ਤੇ ਸਹਾਇਕ ਲਾਈਨਮੈਨ ਵਜੋਂ ਕੰਮ ਕਰ ਰਿਹਾ ਸੀ। ਉਸ ਦੀ ਡਿਊਟੀ ਦੌਰਾਨ ਮੌਤ ਹੋ ਗਈ। ਮ੍ਰਿਤਕ ਦਾ ਪਹਿਲਾ ਵਿਆਹ 2006 ਵਿਚ ਹੋਇਆ ਸੀ ਅਤੇ ਉਸ ਨੇ 2007 ਵਿਚ ਪੰਚਾਇਤ ਤੋਂ ਤਲਾਕ ਲੈ ਲਿਆ ਸੀ। ਜਦੋਂ ਦੂਜੀ ਪਤਨੀ (ਪਟੀਸ਼ਨਕਰਤਾ) ਨੇ ਤਰਸ ਦੇ ਆਧਾਰ 'ਤੇ ਨਿਯੁਕਤੀ ਲਈ ਅਰਜ਼ੀ ਦਿੱਤੀ, ਤਾਂ ਉਸ ਦਾ ਦਾਅਵਾ ਇਸ ਆਧਾਰ 'ਤੇ ਰੱਦ ਕਰ ਦਿੱਤਾ ਗਿਆ ਕਿ ਪਹਿਲਾ ਵਿਆਹ ਕਾਨੂੰਨੀ ਤੌਰ 'ਤੇ ਭੰਗ ਨਹੀਂ ਹੋਇਆ ਸੀ।

# ਦਿਲਜੀਤ ਦੁਸਾਂਝ ਦੇ ਪ੍ਰਧਾਨ ਮੰਤਰੀ ਮੋਦੀ ਵੀ ਪ੍ਰਸ਼ੰਸਕ: ਜਗਦੀਪ ਕਾਹਲੋਂ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 30 ਜੂਨ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ? ਕਿਹਾ ਹੈ ਕਿ



ਪੰਜਾਬੀ ਦੇ ਮਸ਼ਹੂਰ ਗਾਇਕ ਦਿਲਜੀਤ ਦੁਸਾਂਝ ਭਾਰਤ ਦੀ ਕੌਮਾਂਤਰੀ ਪੱਧਰ 'ਤੇ ਪ੍ਰਤੀਨਿਧਤਾ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੀ ਉਹਨਾਂ ਦੇ ਪ੍ਰਸ਼ੰਸਕ ਹਨ। ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਹਲੋਂ ਨੇ ਕਿਹਾ ਕਿ ਦਿਲਜੀਤ ਦੁਸਾਂਝ ਕੌਮਾਂਤਰੀ ਪੱਧਰ 'ਤੇ ਭਾਰਤ ਦੀ ਪ੍ਰਤੀਨਿਧਤਾ ਕਰਦੇ ਹਨ। ਉਹ ਇਕ ਭਾਰਤੀ ਹਨ ਅਤੇ ਭਾਰਤੀ ਹੋਣ ਦਾ ਸਰਟੀਫਿਕੇਟ ਲੈਣ ਦੀ ਕਿਸੇ ਤੋਂ ਲੋੜ ਨਹੀਂ ਹੈ। ਉਹਨਾਂ ਕਿਹਾ ਕਿ ਦਿਲਜੀਤ ਦੁਸਾਂਝ ਨੇ ਦੁਨੀਆਂ ਭਰ ਵਿਚ ਸੰਗੀਤ ਪ੍ਰੇਮੀਆਂ ਦੇ ਦਿਲ ਜਿੱਤੇ ਹਨ ਅਤੇ ਉਹਨਾਂ ਦੀ ਪ੍ਰਸਿੱਧੀ ਤੋਂ ਖਾਰ ਖਾ ਕੇ ਹੀ ਕੁਝ ਲੋਕ ਉਹਨਾਂ ਦਾ ਵਿਰੋਧ ਕਰ ਰਹੇ ਹਨ। ਸਰਦਾਰ ਕਾਹਲੋਂ ਨੇ ਸਪਸ਼ਟ ਕੀਤਾ ਕਿ ਦਿਲਜੀਤ ਦੁਸਾਂਝ ਦੀ ਫਿਲਮ 'ਸਰਦਾਰ ਜੀ 3' ਭਾਰਤ ਵਿਚ ਰਿਲੀਜ਼ ਨਹੀਂ ਕੀਤੀ ਗਈ ਅਤੇ ਇਸ ਵਿਚ ਪਾਕਿਸਤਾਨੀ ਅਦਾਕਾਰਾ ਹਾਨੀਆ ਅਮੀਰ ਦੇ ਕੰਮ ਕਰਨ 'ਤੇ ਜਿਹਨਾਂ ਨੂੰ ਇਤਰਾਜ਼ ਹੈ, ਉਹ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣ ਕਿ ਇਹ ਫਿਲਮ ਪਹਿਲਗਾਮ ਹਮਲਾ ਹੋਣ ਤੋਂ ਕਿਤੇ ਪਹਿਲਾਂ ਸ਼ੂਟ ਕੀਤੀ ਗਈ ਸੀ। ਉਹਨਾਂ ਕਿਹਾ ਕਿ ਦਿਲਜੀਤ ਦੁਸਾਂਝ ਭਾਰਤ ਦੀ ਸਭਿਆਚਾਰਕ ਤੇ ਸੰਸਕ੍ਰਿਤਕ ਵਿਰਾਸਤ ਦੇ ਪ੍ਰਤੀਨਿਧ ਹਨ ਜਿਹਨਾਂ ਦੀ ਆਵਾਜ਼ ਤੇ ਸੰਗੀਤ ਨੇ ਦੁਨੀਆਂ ਭਰ ਵਿਚ ਕਰੋੜਾਂ ਲੋਕਾਂ ਨੂੰ ਆਪਣਾ ਪ੍ਰਸ਼ੰਸਕ ਬਣਾਇਆ ਹੈ। ਉਹਨਾਂ ਕਿਹਾ ਕਿ ਦਿਲਜੀਤ ਦੁਸਾਂਝ ਭਾਰਤ ਦਾ ਮਾਣ ਹੈ ਤੇ ਹਮੇਸ਼ਾ ਰਹੇਗਾ।

# ਦਿਲਜੀਤ ਦੋਸਾਂਝ ਦੀ ਨਾਗਰਿਕਤਾ ਰੱਦ ਕਰਨ ਦੀ ਮੰਗ ਗ਼ੈਰ-ਵਾਜਿਬ : ਡਾ. ਸਾਹਨੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ 30 ਜੂਨ। ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਮਸ਼ਹੂਰ ਕਲਾਕਾਰ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ 'ਤੇ ਸਵਾਲ ਉਠਾਉਣ ਵਾਲੀ ਅਲੋਚਨਾ ਦਾ ਵਿਰੋਧ ਕਰਦਿਆਂ ਇਸ ਨੂੰ ਦੋਸਾਂਝ ਵਰਗੇ ਮਹਾਨ ਕਲਾਕਾਰ ਨਾਲ ਬੇਇਨਸਾਫੀ ਕਰਾਰ ਦਿੱਤਾ ਹੈ। ਫਿਲਮ 'ਸਰਦਾਰ ਜੀ 3' ਦੇ ਹਵਾਲੇ ਨਾਲ ਪੈਦਾ ਹੋ ਵਿਵਾਦ ਦਾ ਹਵਾਲਾ ਦਿੰਦਿਆਂ ਡਾ. ਸਾਹਨੀ ਨੇ ਕਿਹਾ ਕਿ ਇਸ ਫਿਲਮ ਲਈ ਦਿਲਜੀਤ ਦੀ ਦੇਸ਼ ਭਗਤੀ 'ਤੇ ਹਮਲਾ ਕਰਨਾ ਬੇਇਨਸਾਫ਼ੀ ਜਾਪਦਾ ਹੈ, ਖਾਸ ਕਰ ਕੇ ਜਦੋਂ ਉਨ੍ਹਾਂ ਨੇ ਸਬੂਤਾਂ ਨਾਲ ਸਪੱਸ਼ਟ ਕੀਤਾ ਹੈ ਕਿ ਇਹ ਫਿਲਮ ਦੁੱਖਦਾਈ ਪਹਿਲਗਾਮ ਘਟਨਾ ਤੋਂ ਬਹੁਤ ਪਹਿਲਾਂ ਫਰਵਰੀ 'ਚ ਸ਼ੂਟ ਕੀਤੀ ਗਈ ਸੀ, ਜਿਸ ਦੌਰਾਨ ਇਕ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਵੀ ਹੋਇਆ ਸੀ। ਉਨ੍ਹਾਂ ਅਪੀਲ ਕੀਤੀ ਕਿ ਸਾਨੂੰ ਕਿਸੇ ਬਾਰੇ ਫ਼ੈਸਲਾ ਕਰਦੇ ਸਮੇਂ ਸਮਾਂ-ਸੀਮਾ ਜਾਂ ਤੱਥਾਂ ਨੂੰ ਉਲਝਾਉਣਾ ਨਹੀਂ ਚਾਹੀਦਾ। ਡਾ. ਸਾਹਨੀ ਨੇ ਦਿਲਜੀਤ ਦੋਸਾਂਝ ਦੀ ਜਨਤਕ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲਤਾ ਲਈ ਵੀ ਸ਼ਲਾਘਾ ਕਰਦਿਆਂ ਫਿਲਮ ਨੂੰ ਭਾਰਤ 'ਚ ਰਿਲੀਜ਼ ਨਾ ਕਰਨ ਦੇ ਉਨ੍ਹਾਂ ਦੇ ਫ਼ੈਸਲੇ ਦਾ ਜ਼ਿਕਰ ਕੀਤਾ। ਡਾ. ਸਾਹਨੀ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰ ਕੇ ਅਤੇ ਭਾਰਤੀ ਸਿਨੇਮਾਘਰਾਂ 'ਚ ਫਿਲਮ ਰਿਲੀਜ਼ ਨਾ ਕਰਨ ਦਾ ਫ਼ੈਸਲਾ ਕਰ ਕੇ ਦੇਸ਼ ਪ੍ਰਤੀ ਸ਼ਾਨਦਾਰ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ।





ਭਾਰਤੀ ਸੱਭਿਆਚਾਰ ਦੇ ਵਿਸ਼ਵਵਿਆਪੀ ਰਾਜਦੂਤ ਵਜੋਂ ਦਿਲਜੀਤ ਦੀ ਅਨਮੋਲ ਭੂਮਿਕਾ ਦਾ ਹਵਾਲਾ ਦਿੰਦਿਆਂ ਡਾ. ਸਾਹਨੀ ਨੇ ਕਿਹਾ ਕਿ ਕਲਾਕਾਰ ਦੀ ਨਾਗਰਿਕਤਾ ਰੱਦ ਕਰਨ ਅਤੇ ਉਸ ਦੇ ਸੰਗੀਤ 'ਤੇ ਪਾਬੰਦੀ ਲਾਉਣ ਦੇ ਐੱਫ. ਡਬਲਿਊ. ਆਈ. ਸੀ. ਈ. ਦੇ ਸੱਦੇ ਨੂੰ ਅਣਉਚਿਤ ਫੈਸਲਾ ਦੱਸਦਿਆਂ ਉਨ੍ਹਾਂ ਕਿਹਾ ਕਿ ਕੋਚੇਲਾ ਤੋਂ ਲੈ ਕੇ ਮੈੱਟ ਗਾਲਾ ਤੱਕ ਦਿਲਜੀਤ ਨੇ ਭਾਰਤ ਨੂੰ ਮਾਣ ਦਿਵਾਇਆ ਹੈ। ਉਸ ਨੇ ਹਮੇਸ਼ਾ ਕਿਹਾ ਹੈ ਕਿ ਉਹ ਇਕ ਮਾਣਮੱਤਾ ਭਾਰਤੀ ਅਤੇ ਮਾਣਮੱਤਾ ਪੰਜਾਬੀ ਹੈ। ਸਾਨੂੰ ਆਪਣੇ ਸੱਭਿਆਚਾਰਕ ਨਾਇਕਾਂ ਲਈ ਜਸ਼ਨ ਮਨਾਉਣਾ ਚਾਹੀਦਾ ਹੈ ਅਤੇ ਗਲਤ ਜਾਣਕਾਰੀ ਅਤੇ ਤਰਕਹੀਣਤਾ 'ਤੇ ਉਨ੍ਹਾਂ ਨੂੰ ਬਦਨਾਮ ਨਹੀਂ ਕਰਨਾ ਚਾਹੀਦਾ

# ਅਮਰਨਾਥ ਯਾਤਰਾ ਲਈ ਆਫ਼ਲਾਈਨ ਰਜਿਸਟਰੇਸ਼ਨ ਅੱਜ ਤੋਂ ਸ਼ੁਰੂ

ਜੰਮੂ 30 ਜੂਨ। ਅਮਰਨਾਥ ਯਾਤਰਾ 3 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਹੈ ਅਤੇ ਜਿਨ੍ਹਾਂ ਸ਼ਰਧਾਲੂਆਂ ਨੇ ਅਜੇ ਤੱਕ ਆਨਲਾਈਨ ਰਜਿਸਟ?ਰੇਸ਼ਨ ਨਹੀਂ ਕਰਵਾਈ ਹੈ, ਉਨ੍ਹਾਂ ਲਈ ਆਫ਼ਲਾਈਨ ਰਜਿਸਟ?ਰੇਸ਼ਨ ਸ਼ੁਰੂ ਹੋ ਗਈ ਹੈ। ਪ੍ਰਸ਼ਾਸਨ ਵਲੋਂ ਬਣਾਏ ਗਏ ਕੇਂਦਰਾਂ 'ਤੇ ਅੱਜ ਤੋਂ ਰਜਿਸਟ?ਰੇਸ਼ਨ ਸ਼ੁਰੂ ਹੋਣ ਨਾਲ ਵੱਡੀ ਗਿਣਤੀ ਵਿਚ ਸ਼ਰਧਾਲੂ ਵਿਸ਼ੇਸ਼ ਕੇਂਦਰਾਂ 'ਤੇ ਪਹੁੰਚ ਰਹੇ ਹਨ। ਯਾਤਰਾ 3 ਜੁਲਾਈ ਨੂੰ ਬਾਲਟਾਲ ਅਤੇ ਪਹਿਲਗਾਮ ਮਾਰਗਾਂ ਤੋਂ ਸ਼ੁਰੂ ਹੋਵੇਗੀ। ਰਜਿਸਟ?ਰੇਸ਼ਨ ਲਈ ਕੇਂਦਰ 'ਤੇ ਆਏ ਇਕ ਸ਼ਰਧਾਲੂ ਨੇ ਕਿਹਾ, ਲੋਕ ਇਸ ਵਾਰ ਉਤਸ਼ਾਹਿਤ ਹਨ। (ਪਹਿਲਗਾਮ ਹਮਲੇ ਕਾਰਨ) ਕੋਈ ਡਰ ਨਹੀਂ ਹੈ। ਪ੍ਰਬੰਧ ਵਧੀਆ ਹਨ। ਪ੍ਰਸ਼ਾਸਨ ਸਾਡੇ ਨਾਲ ਹੈ। ਇਕ ਹੋਰ ਸ਼ਰਧਾਲੂ ਨੇ ਅੱਗੇ ਕਿਹਾ, ਤੁਸੀਂ ਲੋਕਾਂ ਵਿਚ ਉਤਸ਼ਾਹ ਦੇਖ ਸਕਦੇ ਹੋ। ਮੈਨੂੰ ਅਮਰਨਾਥ ਵਿਚ ਵਿਸ਼ਵਾਸ ਹੈ। ਉਹ (ਅੱਤਵਾਦੀ) ਜੋ ਚਾਹੇ ਕਰ ਸਕਦੇ ਹਨ, ਇਸ ਦਾ ਸਾਡੇ 'ਤੇ ਕੋਈ ਅਸਰ ਨਹੀਂ।" ਅਮਰਨਾਥ ਯਾਤਰਾ ਤੋਂ ਪਹਿਲਾਂ ਸੀ. ਆਰ. ਪੀ. ਐਫ (ਕੇਂਦਰੀ ਰਿਜ਼ਰਵ ਪੁਲਸ ਫੋਰਸ) ਨੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜੰਮੂ-ਸ਼੍ਰੀਨਗਰ ਰਾਸ਼ਟਰੀ ਰਾਜਮਾਰਗ (ਐੱਨ.ਐੱਚ-44) ਦੇ ਨਾਲ ਇਕ ਮਜ਼ਬੂਤ ??ਬਹੁ-ਪੱਧਰੀ ਸੁਰੱਖਿਆ ਯੋਜਨਾ ਤਿਆਰ ਕੀਤੀ ਹੈ। ਜੰਮੂ-ਸ਼੍ਰੀਨਗਰ ਰਾਜਮਾਰਗ ਹਜ਼ਾਰਾਂ ਸ਼ਰਧਾਲੂਆਂ ਲਈ ਮਹੱਤਵਪੂਰਨ ਮਾਰਗਾਂ ਵਿਚੋਂ ਇਕ ਹੈ। ਸੀ. ਆਰ. ਪੀ. ਐਫ ਨੇ ਨਿਗਰਾਨੀ ਤੇਜ਼ ਕਰ ਦਿੱਤੀ ਹੈ। ਜੰਮੂ-ਸ਼੍ਰੀਨਗਰ ਰਾਸ਼ਟਰੀ ਰਾਜਮਾਰਗ ਦੇ ਨਾਲ ਆਪਣੇ ਕਰਮੀਆਂ ਦੇ ਨਾਲ ਕੇ-9 (ਕੁੱਤੇ) ਦਸਤੇ ਤਾਇਨਾਤ ਕੀਤੇ ਹਨ, ਜੋ ਕਿ ਹਜ਼ਾਰਾਂ ਸ਼ਰਧਾਲੂਆਂ ਵਲੋਂ ਵਰਤਿਆ ਜਾਣ ਵਾਲਾ ਇਕ ਮੁੱਖ ਰਸਤਾ ਹੈ। ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ 2 ਜੁਲਾਈ, 2025 ਨੂੰ ਜੰਮੂ ਬੇਸ ਕੈਂਪ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਜਾਵੇਗਾ, ਜਦੋਂ ਕਿ ਯਾਤਰਾ ਅਧਿਕਾਰਤ ਤੌਰ 'ਤੇ 3 ਜੁਲਾਈ, 2025 ਨੂੰ ਬਾਲਟਾਲ ਅਤੇ ਪਹਿਲਗਾਮ ਦੋਵਾਂ ਰੂਟਾਂ ਰਾਹੀਂ ਸ਼ੁਰੂ ਹੋਵੇਗੀ।

# ਦਿੱਲੀ ਦੇ ਪੇਂਡੂ ਇਲਾਕੇ ਦੇ ਸ਼ੇਰ ਨੂੰ ਸਲਾਮ. . .

Contd...............Front page

ਇਹ ਸਮਾਗਮ ਸਿਰਫ਼ ਸ਼ਰਧਾਂਜਲੀ ਨਹੀਂ ਹੈ, ਸਗੋਂ ਉਨ੍ਹਾਂ ਦੇ ਅਧੂਰੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਹੈ। ਇਸ ਵੰਡ ਕੈਂਪ ਵਿੱਚ, ਵ?ਹੀਲਚੇਅਰ, ਸੁਣਨ ਵਾਲੇ ਯੰਤਰ, ਸਟਿਕਸ, ਵਾਕਰ ਆਦਿ ਵਰਗੇ ਜੀਵਨ ਸਹਾਇਤਾ ਉਪਕਰਣ ਮੁਫਤ ਵੰਡੇ ਗਏ। ਇਸ ਸਮਾਗਮ ਵਿੱਚ ਲੋਕਾਂ ਨੇ ਜਿਸ ਨਿੱਘ ਅਤੇ ਸਤਿਕਾਰ ਨਾਲ ਸ਼ਿਰਕਤ ਕੀਤੀ, ਉਹ ਦਰਸਾਉਂਦਾ ਹੈ ਕਿ ਸਾਹਿਬ ਸਿੰਘ ਵਰਮਾ ਜੀ ਅਜੇ ਵੀ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ। ਉਨ੍ਹਾਂ ਦਾ ਯੋਗਦਾਨ ਸਿਰਫ਼ ਇੱਕ ਸਿਆਸਤਦਾਨ ਹੋਣ ਤੱਕ ਸੀਮਤ ਨਹੀਂ ਸੀ। ਉਹ ਇੱਕ ਸਿੱਖਿਆ ਸ਼ਾਸਤਰੀ, ਸਮਾਜ ਸੁਧਾਰਕ ਅਤੇ ਇੱਕ ਨੇਤਾ ਸਨ ਜਿਨ੍ਹਾਂ ਨੇ ਪੇਂਡੂ ਭਾਰਤ ਅਤੇ ਸ਼ਹਿਰੀ ਪ੍ਰਸ਼ਾਸਨ ਨੂੰ ਜੋੜਿਆ। ਉਨ੍ਹਾਂ ਦਾ ਮੰਨਣਾ ਸੀ ਕਿ ਰਾਜਨੀਤੀ ਸੱਤਾ ਦੀ ਦੌੜ ਨਹੀਂ, ਸਗੋਂ ਬਦਲਾਅ ਦਾ ਮਾਧਿਅਮ ਹੋਣੀ ਚਾਹੀਦੀ ਹੈ। ਅੱਜ, ਆਪਣੇ ਦੇਹਾਂਤ ਤੋਂ ਕਈ ਸਾਲ ਬਾਅਦ ਵੀ, ਸਾਹਿਬ ਸਿੰਘ ਵਰਮਾ ਜੀ ਹਰ ਗਲੀ, ਹਰ ਸਕੂਲ, ਹਰ ਕਿਸਾਨ ਅਤੇ ਹਰ ਨੌਜਵਾਨ ਦੇ ਦਿਲਾਂ ਵਿੱਚ ਜਿਉਂਦੇ ਹਨ ਜਿਸਨੂੰ ਉਹ ਕਦੇ ਛੂਹਦੇ ਸਨ - ਆਪਣੇ ਕੰਮਾਂ, ਆਪਣੇ ਵਿਚਾਰਾਂ ਅਤੇ ਆਪਣੀ ਸਾਦਗੀ ਨਾਲ। ਜਿਵੇਂ ਹੀ ਫੁੱਲਾਂ ਦੇ ਹਾਰ ਭੇਟ ਕੀਤੇ ਗਏ ਅਤੇ ਸਪਲਾਈ ਵੰਡੀ ਗਈ, ਇੱਕ ਗੱਲ ਸਪੱਸ਼ਟ ਸੀ। ਦਿੱਲੀ ਦਿਹਾਤੀ ਨੇ ਆਪਣਾ ਆਗੂ ਨਹੀਂ ਗੁਆਇਆ ਹੈ। ਉਨ੍ਹਾਂ ਦੇ ਵਿਚਾਰ ਅਜੇ ਵੀ ਜ਼ਿੰਦਾ ਹਨ, ਉਨ੍ਹਾਂ ਦਾ ਰਸਤਾ ਅਜੇ ਵੀ ਰੌਸ਼ਨ ਹੈ, ਅਤੇ ਪ੍ਰਵੇਸ਼ ਸਾਹਿਬ ਸਿੰਘ ਜੀ ਉਸੇ ਭਾਵਨਾ ਅਤੇ ਦ੍ਰਿੜਤਾ ਨਾਲ ਉਸ ਰੌਸ਼ਨੀ ਨੂੰ ਅੱਗੇ ਵਧਾ ਰਹੇ ਹਨ।

# ਭਾਖੜਾ ਨਹਿਰ 'ਚ ਧਾਰਮਿਕ ਸਮੱਗਰੀ ਜਲ ਪ੍ਰਵਾਹ ਕਰਦਿਆਂ ਲੱਖਾਂ ਦਾ ਸੋਨਾ ਵੀ ਰੋੜ੍ਹ ਬੈਠਾ ਪਰਿਵਾਰ

ਪਟਿਆਲਾ 30 ਜੂਨ। ਪਟਿਆਲਾ ਦੇ ਰਾਜਪੁਰਾ ਰੋਡ 'ਤੇ ਸਥਿਤ ਗੰਢਾ ਖੇੜੀ ਭਾਖੜਾ ਨਹਿਰ ਵਿਚ ਇਕ ਪਰਿਵਾਰ ਕੋਲੋਂ ਗਲਤੀ ਨਾਲ ਲੱਖਾਂ ਰੁਪਏ ਦਾ ਸੋਨਾ ਜਲ ਪ੍ਰਵਾਹ ਹੋ ਗਿਆ। ਦਰਅਸਲ ਇਹ ਪਰਿਵਾਰ ਧਾਰਮਿਕ ਸਮੱਗਰੀ ਨੂੰ ਜਲ ਪ੍ਰਵਾਹ ਕਰਨ ਲਈ ਭਾਖੜਾ ਨਹਿਰ 'ਤੇ ਪਹੁੰਚਿਆ ਸੀ ਪਰ ਧਾਰਮਿਕ ਸਮੱਗਰੀ ਨੂੰ ਜਲ ਪ੍ਰਵਾਹ ਕਰਦਿਆਂ ਉਨ੍ਹਾਂ ਨਾਲ ਇਹ ਭਾਣਾ ਵਾਪਰ ਗਿਆ। ਦੱਸ ਦਈਏ ਕਿ ਇਸ ਪਰਿਵਾਰ ਦੀ ਗਲਤੀ ਕਰਕੇ ਲੱਖਾਂ ਰੁਪਏ ਦਾ ਸੋਨਾ ਜਲ ਪ੍ਰਵਾਹ ਹੋ ਗਿਆ ਜਿਸ ਤੋਂ ਬਾਅਦ ਪਰਿਵਾਰ ਨੇ ਗੋਤਾਖੋਰਾਂ ਦੀ ਟੀਮ ਨਾਲ ਸੰਪਰਕ ਕੀਤਾ ਅਤੇ ਪੁਲਸ ਪ੍ਰਸ਼ਾਸਨ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਹੁਣ ਭਾਖੜਾ ਨਹਿਰ ਗੰਢਾ ਖੇੜੀ ਉੱਪਰ ਗੋਤਾਖੋਰਾਂ ਦੀ ਟੀਮ ਸੋਨਾ ਲੱਭਣ ਲਈ ਸਰਚ ਕਰ ਰਹੀ ਹੈ। ਇਸ ਘਟਨਾ ਤੋਂ ਬਾਅਦ ਪਰਿਵਾਰ ਕਾਫੀ ਨਿਰਾਸ਼ ਹੈ। ਪਰਿਵਾਰ ਦਾ ਲੱਖਾਂ ਰੁਪਏ ਦਾ ਸੋਨਾ ਇਕ ਛੋਟੀ ਜਿਹੀ ਗਲਤੀ ਕਰਕੇ ਜਲ ਪ੍ਰਵਾਹ ਹੋ ਗਿਆ ਜਿਸ ਨੂੰ ਲੱਭਣ ਲਈ ਪਰਿਵਾਰ ਕਾਫੀ ਕੋਸ਼ਿਸ਼ਾਂ ਕਰ ਰਿਹਾ ਹੈ। ਮੌਕੇ 'ਤੇ ਮੌਜੂਦ ਵਿਅਕਤੀ ਨੇ ਦੱਸਿਆ ਕਿ ਮੇਰੀ ਪਤਨੀ ਆਪਣੇ ਪੇਕੇ ਘਰ ਗਈ ਹੋਈ ਸੀ, ਉਥੋਂ ਸੋਨਾ ਲੈ ਕੇ ਉਹ ਵਾਪਰ ਘਰ ਆ ਰਹੇ ਸੀ। ਨਹਿਰ ਵਿਚ ਧਾਰਮਿਕ ਸਮੱਗਰੀ ਨੂੰ ਜਲ ਪ੍ਰਵਾਹ ਕਰਨੀ ਸੀ, ਇਸ ਦੌਰਾਨ ਬੱਚੇ ਕੋਲੋਂ ਗਲ?ਤੀ ਨਾਲ ਉਹ ਬੈਗ ਵੀ ਨਹਿਰ ਵਿਚ ਰੁੜ ਗਿਆ ਜਿਸ ਵਿਚ ਕੀਮਤੀ ਸਮਾਨ ਸੀ। ਦੂਜੇ ਪਾਸੇ ਗੋਤਾ ਖੋਰਾਂ ਦੇ ਪ੍ਰਧਾਨ ਸ਼ੰਕਰ ਭਾਰਦਵਾਜ਼ ਨੇ ਕਿਹਾ ਕਿ ਅਸੀਂ ਹਰ ਕੋਸ਼ਿਸ਼ ਕਰ ਰਹੇ ਹਾਂ ਕਿ ਪਰਿਵਾਰ ਨੂੰ ਉਨ੍ਹਾਂ ਦਾ ਕੀਮਤੀ ਸਮਾਨ ਮਿਲ ਸਕੇ ਕਿਉਂਕਿ ਪਰਿਵਾਰ ਕਾਫੀ ਦੁਖੀ ਹੈ।

# ਸ਼ਰੋਮਣੀ ਕਮੇਟੀ ਵੱਲੋਂ 350 ਸਾਲਾ ਸ਼ਤਾਬਦੀ ਸਮਾਗਮ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਏ ਜਾਣਗੇ : ਐਡਵੋਕੇਟ ਧਾਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਜੂਨ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦੇ ਸਬੰਧ ਵਿਚ ਨਵੰਬਰ 2025 ਵਿਚ ਕੀਤੇ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਪ੍ਰਤੀਨਿਧ ਸਿੱਖ ਸ਼ਖ਼ਸੀਅਤਾਂ ਅਤੇ ਮਹਾਂਪੁਰਖਾਂ 'ਤੇ ਅਧਾਰਿਤ ਇਕ ਉੱਚ ਪੱਧਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸ਼ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਇਸ ਕਮੇਟੀ ਵਿਚ ਸ਼?ਰੋਮਣੀ ਕਮੇਟੀ ਪ੍ਰਧਾਨ ਸਮੇਤ ਸੁਖਬੀਰ ਸਿੰਘ ਬਾਦਲ, ਰਘੂਜੀਤ ਸਿੰਘ ਵਿਰਕ, ਬਾਬਾ ਹਰਨਾਮ ਸਿੰਘ ਖਾਲਸਾ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਰਣੀਕੇ, ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਜਗਜੀਤ ਸਿੰਘ ਲੋਪੋਂ, ਸਵਾਮੀ ਜੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਤੇ ਡਾ.



ਹਰਭਜਨ ਸਿੰਘ ਦੇਹਰਾਦੂਨ, ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਬਲਜੀਤ ਸਿੰਘ ਚੌਂਤਾ ਕਲਾਂ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਕਮੇਟੀ ਜਿੱਥੇ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਵੱਖ-ਵੱਖ ਸਮਾਗਮਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਰਾਏ ਦੇਵੇਗੀ, ਉਥੇ ਹੀ ਦੇਸ਼ ਦੁਨੀਆਂ ਦੀ ਪ੍ਰਮੁੱਖ ਸ਼ਖ਼ਸੀਅਤਾਂ ਤੇ ਧਾਰਮਿਕ ਆਗੂਆਂ ਦੀ ਸ਼ਮੂਲੀਅਤ ਲਈ ਵੀ ਕਾਰਜਸ਼ੀਲ ਰਹੇਗੀ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਅੰਦਰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਆਰੰਭਤਾ ਕਰ ਦਿੱਤੀ ਗਈ ਹੈ, ਜਿਸ ਤਹਿਤ 5 ਅਤੇ 6 ਜੁਲਾਈ ਨੂੰ ਗੁਰਦੁਆਰਾ ਮੋਤੀ ਬਾਗ ਸਾਹਿਬ ਪਟਿਆਲਾ ਵਿਖੇ ਵਿਸ਼ਾਲ ਸਮਾਗਮ ਹੋਣਗੇ। ਇਸੇ ਤਰ੍ਹਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰਮਤਿ ਸਮਾਗਮ, ਸੈਮੀਨਾਰ ਕਰਨ ਦੇ ਨਾਲ-ਨਾਲ ਨਗਰ ਕੀਰਤਨ ਵੀ ਸਜਾਏ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ਤਾਬਦੀ ਦਾ ਮੁੱਖ ਸਮਾਗਮ ਨਵੰਬਰ 2025 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ, ਜਿਸ ਨੂੰ ਇਤਿਹਾਸਕ ਬਣਾਉਣ ਲਈ ਇਹ ਤਾਲਮੇਲ ਕਮੇਟੀ ਦੀ ਭੂਮਿਕਾ ਅਹਿਮ ਰਹੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਰਤੀ ਸੰਸਕ੍ਰਿਤੀ ਅਤੇ ਧਰਮ ਦੀ ਅਜ਼ਾਦੀ ਨੂੰ ਬਚਾਉਣ ਲਈ ਸ਼ਹਾਦਤ ਦਿੱਤੀ ਸੀ। ਉਨ੍ਹਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਕੌਮੀ ਪੱਧਰ 'ਤੇ ਮਨਾਉਣ ਲਈ ਹਰ ਇਕ ਨੂੰ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਮਾਨਵਤਾ ਲਈ ਦਿੱਤੀ ਸ਼ਹਾਦਤ ਦੇ ਸੁਨੇਹੇ ਨੂੰ ਵਿਆਪਕ ਰੂਪ ਵਿਚ ਦੁਨੀਆ ਅੰਦਰ ਉਭਾਰਿਆ ਜਾ ਸਕੇ।

# ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਤੇ ਹੋਰ ਸਿੱਖ ਵਿਰਾਸਤ ਨੂੰ ਸੰਭਾਲਣਾ ਅਤਿ ਜ਼ਰੂਰੀ : ਜਥੇਦਾਰ ਗੜਗੱਜ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਜੂਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਅੱਜ ਮਹਾਰਾਜਾ ਦੇ ਅੰਮ੍ਰਿਤਸਰ ਦੇ ਪ੍ਰਸਿੱਧ ਰਾਮਬਾਗ਼ ਦੇ ਅੰਦਰ ਸਥਿਤ ਹਵਾ ਮਹਿਲ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾ ਕੇ ਉਨ੍ਹਾਂ ਨੂੰ ਸਤਿਕਾਰ ਭੇਟ ਕੀਤਾ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਸੁਖਜੀਤ ਸਿੰਘ ਬਾਬਾ ਬਕਾਲਾ ਦੇ ਰਾਗੀ ਜਥੇ, ਭਾਈ ਗੁਰਭੇਜ ਸਿੰਘ ਚਵਿੰਡਾ ਦੇ ਢਾਡੀ ਜਥੇ, ਭਾਈ ਸੁੱਚਾ ਸਿੰਘ ਡੇਰਾ ਪਠਾਣਾਂ ਦੇ ਕਵੀਸ਼ਰ ਜਥੇ ਨੇ ਹਾਜ਼ਰ ਸੰਗਤ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਜੋੜਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਵੱਲੋਂ ਪੁੱਜੀ ਮੰਗ ਅਤੇ ਇਸ ਸਾਲ ਮਹਾਰਾਜਾ ਦੀ ਬਰਸੀ ਮੌਕੇ ਭਾਰਤ ਤੋਂ ਪਾਕਿਸਤਾਨ ਸਿੱਖ ਜਥੇ ਨਾ ਜਾਣ ਦੇ ਮੱਦੇਨਜ਼ਰ ਰਾਮਬਾਗ਼ ਸਥਿਤ ਹਵਾ ਮਹਿਲ ਵਿਖੇ ਵਿਸ਼ੇਸ਼ ਸਮਾਗਮ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਆਖਿਆ ਸੀ। ਜਥੇਦਾਰ ਗੜਗੱਜ ਨੇ ਇਹ ਸਮਾਗਮ ਕਰਵਾਉਣ ਵਿਚ ਪੂਰਨ ਸਹਿਯੋਗ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਮੁੱਚੇ ਪ੍ਰਬੰਧ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਸਿੱਖ ਵਿਰਾਸਤੀ ਸਥਾਨ



ਰਾਮਬਾਗ਼ ਵਿਖੇ ਲੰਮੇ ਸਮੇਂ ਤੋਂ ਬਾਅਦ ਕਰਵਾਏ ਗਏ ਗੁਰਮਤਿ ਸਮਾਗਮ ਪ੍ਰਤੀ ਸੰਗਤ ਵਿਚ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਪੰਜਾਬ ਤੇ ਸ਼ਹਿਰ ਦੀਆਂ ਸੰਗਤਾਂ, ਸਮਾਜਿਕ ਤੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ, ਵਿਦਿਆਰਥੀ ਜਥੇਬੰਦੀਆਂ ਦੇ ਨੁਮਾਇੰਦੇ ਤੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਲਹਿੰਦੇ ਦੇ ਨਾਲ-ਨਾਲ ਚੜ੍ਹਦੇ ਪੰਜਾਬ ਅੰਦਰ ਵੀ ਸਿੱਖ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਅਗਲੀਆਂ ਪੀੜ੍ਹੀਆਂ ਲਈ ਇਹ ਇਤਿਹਾਸ ਸੰਭਾਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਕੋਸ਼ਿਸ਼ ਕਰਨਗੇ ਕਿ ਭਵਿੱਖ ਵਿਚ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਨਮ ਦਿਹਾੜੇ ਤੇ ਬਰਸੀ ਮੌਕੇ ਸ਼੍ਰੋਮਣੀ ਕਮੇਟੀ ਰਾਹੀਂ ਰਾਮਬਾਗ਼ ਹਵਾ ਮਹਿਲ ਵਿਖੇ ਮਹਾਰਾਜਾ ਸਾਹਿਬ ਦੀ ਯਾਦ ਵਿਚ ਸਮਾਗਮ ਕਰਵਾਏ ਜਾਣ। ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਹੀ ਖ਼ਾਲਸਾ ਪੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਮਰਪਿਤ ਰਹੇ। ਮਹਾਰਾਜਾ ਰਣਜੀਤ ਸਿੰਘ ਨੇ ਜਿੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਸੋਨਾ ਭੇਟ ਕੀਤਾ ਉੱਥੇ ਹੀ ਉਨ੍ਹਾਂ ਨੇ ਕਾਸ਼ੀ ਵਿਸ਼ਵਨਾਥ ਮੰਦਰ ਤੇ ਸੁਨਹਿਰੀ ਮਸੀਤ ਨੂੰ ਵੀ ਸੋਨੇ ਦੀ ਸੇਵਾ ਕੀਤੀ ਤੇ ਸ੍ਰੀ ਅੰਮ੍ਰਿਤਸਰ ਵਿੱਚ ਆਪਣਾ ਮਹਿਲ ਬਣਾਉਣ ਤੋਂ ਬਾਅਦ ਇੱਥੇ ਸਥਿਤ ਬਾਗ਼ ਦਾ ਨਾਮ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਪੁਰ ਰਾਮਬਾਗ਼ ਰੱਖਿਆ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਬਾਅਦ ਰਾਮਬਾਗ਼ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਇੱਥੇ ਮਹਾਰਾਜਾ ਸਾਹਿਬ ਦੀ ਯਾਦ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ ਜੋ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ ਹੈ। ਇੱਥੇ ਸਥਿਤ ਨਿਸ਼ਾਨ ਸਾਹਿਬ ਦੀ ਪੋਸ਼ਾਕ ਦੀ ਸੇਵਾ ਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਧਰਮਾਂ ਦੇ ਲੋਕਾਂ ਨੂੰ ਆਪਣੀ ਕੈਬਨਿਟ ਵਿੱਚ ਥਾਂ ਦੇ ਕੇ ਪੰਜਾਬ ਦਾ ਰਾਜ ਚਲਾਇਆ ਤੇ ਲੋਕ ਬਹੁਤ ਹੀ ਸੁਖੀ ਰਹੇ। ਉਨ੍ਹਾਂ ਕਿਹਾ ਕਿ ਸਾਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਜਿਹਾ ਰਾਜ ਪੰਜਾਬ ਦੇ ਵਿੱਚ ਫਿਰ ਹੋਵੇ ਜਿੱਥੇ ਸਾਰੇ ਭਾਈਚਾਰਿਆਂ ਦੇ ਲੋਕ ਆਪਸੀ ਪ੍ਰੇਮ ਕੇ ਇਤਫ਼ਾਕ ਦੇ ਨਾਲ ਰਹਿਣ। ਉਨ੍ਹਾਂ ਕਿਹਾ ਕਿ ਹਰ ਸਾਲ ਮਹਾਰਾਜਾ ਦਾ ਜਨਮ ਦਿਹਾੜਾ ਤੇ ਬਰਸੀ ਸਮਾਗਮ ਰਾਮਬਾਗ਼ ਵਿਖੇ ਮਨਾਏ ਜਾਣੇ ਚਾਹੀਦੇ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਸਬੰਧ ਵਿਚ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਸਿੱਖਾਂ ਦੀ ਬਹੁਤ ਹੀ ਸ਼ਾਨਦਾਰ ਸੰਸਥਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਪਹਿਲਾਂ ਹੋਂਦ ਵਿਚ ਆ ਗਈ ਸੀ। ਇਹ ਪੂਰੀ ਤਰ੍ਹਾਂ ਗੁਰਮਤਿ ਨੂੰ ਪਰਣਾਈ ਹੋਈ ਸੰਸਥਾ ਹੈ, ਜਿਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ।